PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611

27 ਨਵੰਬਰ ਤੋਂ 03 ਦਸੰਬਰ, 2025

Email :- editor@punjabstar.com, Vo. 20. Issue:1213


## ਵੀਅਤਨਾਮ 'ਚ ਭਾਰੀ ਮੀਂਹ ਤੇ ਹੜ੍ਹ ਕਾਰਨ ਤਬਾਹੀ !

### ਮਰਨ ਵਾਲਿਆਂ ਦੀ ਗਿਣਤੀ ਹੋਈ 98, ਅਜੇ ਵੀ 10 ਲਾਪਤਾ



ਹਨੋਈ (ਪੰਜਾਬ ਸਟਾਰ ਬਿਊਰੋ): ਵੀਅਤਨਾਮ ਦੇ ਕੇਂਦਰੀ ਖੇਤਰ 'ਚ ਲਗਾਤਾਰ ਪੈ ਰਹੇ ਭਾਰੀ ਮੀਂਹ ਅਤੇ ਹੜ੍ਹਾਂ ਨੇ ਵੱਡੀ ਤਬਾਹੀ ਮਚਾਈ ਹੈ। ਵੀਅਤਨਾਮ ਡਿਜ਼ਾਸਟਰ ਐਂਡ ਡਾਇਕ ਮੈਨੇਜਮੈਂਟ ਅਥਾਰਟੀ (Vietnam Disaster and Dyke Management Authority) ਦੁਆਰਾ ਬੁੱਧਵਾਰ ਨੂੰ ਜਾਰੀ ਕੀਤੀ ਗਈ ਇੱਕ ਰਿਪੋਰਟ ਅਨੁਸਾਰ, ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 98 ਹੋ ਗਈ ਹੈ, ਜਦੋਂ ਕਿ 10 ਹੋਰ ਲੋਕ ਅਜੇ ਵੀ ਲਾਪਤਾ ਹਨ।

ਇਸ ਕੁਦਰਤੀ ਆਫ਼ਤ ਕਾਰਨ ਦੇਸ਼ ਨੂੰ ਭਾਰੀ ਆਰਥਿਕ ਨੁਕਸਾਨ ਹੋਇਆ ਹੈ। ਅਥਾਰਟੀ ਅਨੁਸਾਰ, ਅਨੁਮਾਨਿਤ ਆਰਥਿਕ ਨੁਕਸਾਨ 14.3 ਟ੍ਰਿਲੀਅਨ ਵੀਅਤਨਾਮੀ ਡੋਂਗ (ਲਗਭਗ 570 ਮਿਲੀਅਨ ਅਮਰੀਕੀ ਡਾਲਰ) ਤੋਂ ਵੱਧ ਹੈ।

**ਹੜ੍ਹ ਕਾਰਨ ਹੋਇਆ ਨੁਕਸਾਨ**

ਹੜ੍ਹਾਂ ਕਾਰਨ ਵੱਡੇ ਪੱਧਰ 'ਤੇ ਜਾਇਦਾਦ ਅਤੇ ਖੇਤੀਬਾੜੀ ਦਾ ਨੁਕਸਾਨ ਹੋਇਆ ਹੈ। 2,000 ਤੋਂ ਵੱਧ ਘਰਾਂ ਨੂੰ ਨੁਕਸਾਨ ਪਹੁੰਚਿਆ ਹੈ ਤੇ 426 ਹੋਰ ਢਹਿ ਗਏ ਹਨ। ਤਾਜ਼ਾ ਰਿਪੋਰਟ ਅਨੁਸਾਰ, ਅਜੇ ਵੀ 28,400 ਤੋਂ ਵੱਧ ਘਰ ਪਾਣੀ ਵਿੱਚ ਡੁੱਬੇ ਹੋਏ ਹਨ, ਜਦੋਂ ਕਿ 946 ਹੋਰ ਨੁਕਸਾਨੇ ਗਏ ਹਨ। 51,800 ਹੈਕਟੇਅਰ ਤੋਂ ਵੱਧ ਝੋਨੇ ਤੇ ਹੋਰ ਫਸਲਾਂ ਪਾਣੀ 'ਚ ਡੁੱਬ ਗਈਆਂ ਹਨ।

*ਬਾਕੀ ਸਫ਼ਾ 2 'ਤੇ

## ਇਮਾਰਤ ਨੂੰ ਲੱਗੀ ਅੱਗ 'ਚ ਹੁਣ ਤੱਕ 44 ਮੌਤਾਂ, 300 ਲੋਕ ਲਾਪਤਾ

### ਮ੍ਰਿਤਕਾਂ ਵਿਚ ਇਕ ਫਾਇਰ ਫਾਈਟਰ ਵੀ ਸ਼ਾਮਲ; ਰਾਸ਼ਟਰਪਤੀ ਸ਼ੀ ਜਿਨਪਿੰਗ ਵੱਲੋਂ ਪੀੜਤ ਪਰਿਵਾਰਾਂ ਲਈ ਸੰਵੇਦਨਾਵਾਂ ਜ਼ਾਹਿਰ




(ਪੰਜਾਬ ਸਟਾਰ ਬਿਊਰੋ): ਹਾਂਗ ਕਾਂਗ ਪੁਲੀਸ ਨੇ ਉੱਚ ਰਿਹਾਇਸ਼ੀ ਇਮਾਰਤਾਂ ਵਿਚ ਅੱਗ ਲੱਗਣ ਮਗਰੋਂ ਗੈਰ ਇਰਾਦਤ ਹੱਤਿਆ ਦੇ ਸ਼ੱਕ ਵਿਚ ਤਿੰਨ ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਹੈ। ਉੱਚ ਰਿਹਾਇਸ਼ੀ ਇਮਾਰਤ ਨੂੰ ਲੱਗੀ ਅੱਗ ਵਿਚ 44 ਵਿਅਕਤੀਆਂ ਦੀ ਮੌਤ ਹੋ ਗਈ ਜਦੋਂਕਿ 300 ਹੋਰ ਲਾਪਤਾ ਦੱਸੇ ਜਾਂਦੇ ਹਨ। ਇਹ ਪਿਛਲੇ ਸਾਲਾਂ ਦੌਰਾਂ ਸ਼ਹਿਰ ਵਿਚ ਲੱਗੀ ਸਭ ਤੋਂ ਭਿਆਨਕ ਅੱਗ ਹੈ। ਮ੍ਰਿਤਕਾਂ ਵਿਚ ਅੱਗ ਬੁਝਾਊ ਦਸਤੇ ਦਾ ਇਕ ਮੈਂਬਰ ਵੀ ਸ਼ਾਮਲ ਹੈ।

ਬੁੱਧਵਾਰ ਦੁਪਹਿਰ ਨੂੰ ਲੱਗੀ ਅੱਗ ਨਿਊ ਟੈਰੇਟਰੀਜ਼ ਦੇ ਸਬਅਰਬ ਤਾਈ ਪੋ ਡਿਸਟ੍ਰਿਕਟ ਦੇ ਹਾਊਸਿੰਗ ਕੰਪਲੈਕਸ ਵਿਚ ਅੱਠ ਤੋਂ ਸੱਤ ਉੱਚੀਆਂ ਅਪਾਰਟਮੈਂਟ ਇਮਾਰਤਾਂ ਵਿਚ ਫੈਲ ਗਈ, ਜਿਸ ਮਗਰੋਂ ਸੈਂਕੜੇ ਲੋਕਾਂ ਨੂੰ ਬਾਹਰ ਕੱਢਿਆ ਗਿਆ। ਘੱਟੋ ਘੱਟ 29 ਵਿਅਕਤੀ ਅਜੇ ਵੀ ਹਸਪਤਾਲ ਵਿਚ ਭਰਤੀ ਹਨ। ਜਿਵੇਂ ਰਾਤ ਹੁੰਦੀ ਗਈ ਇਮਾਰਤ ਦੀਆਂ ਖਿੜਕੀਆਂ 'ਚੋਂ ਅੱਗ ਦੀਆਂ ਤੇਜ਼ ਲਾਟਾਂ ਤੇ ਧੂੰਆਂ ਨਿਕਲਣ ਲੱਗਾ।

ਅਧਿਕਾਰੀਆਂ ਨੇ ਕਿਹਾ ਕਿ ਤਫ਼ਤੀਸ਼ਕਾਰ ਇਸ ਗੱਲ ਦੀ ਜਾਂਚ ਕਰਨਗੇ ਉੱਚੀਆਂ ਇਮਾਰਤਾਂ ਦੀਆਂ ਬਾਹਰਲੀਆਂ ਦੀਵਾਰਾਂ 'ਤੇ ਲੱਗਾ ਸਾਮਾਨ ਅੱਗ ਤੋਂ

*ਬਾਕੀ ਸਫ਼ਾ 2 'ਤੇ

## ਕੈਨੇਡਾ ਦੇ ਕਿਊਬੈਕ ਸੂਬੇ 'ਚ ਸਿੱਖਾਂ ਨਾਲ ਮੁੜ ਧੱਕੇਸ਼ਾਹੀ

* ਵਿੱਦਿਅਕ ਸੰਸਥਾਵਾਂ 'ਚ ਪੱਗ ਬੰਨ੍ਹਣ ਅਤੇ ਹਿਜਾਬ 'ਤੇ ਲੱਗੇਗੀ ਪਾਬੰਦੀ
* ਧਰਮ ਨਿਰਪੱਖਤਾ ਦੇ ਨਾਂ 'ਤੇ ਮੁਸਲਮਾਨਾਂ ਦੀ ਨਮਾਜ਼ ਉੱਤੇ ਵੀ ਰੋਕ



ਕਿਊਬੈਕ ਸਿਟੀ (ਪੰਜਾਬ ਸਟਾਰ ਬਿਊਰੋ) : ਕੈਨੇਡਾ ਦੇ ਕਿਊਬੈਕ ਸੂਬੇ ਵਿਚ ਹੁਣ ਦਸਤਾਰਧਾਰੀ ਵਿਦਿਆਰਥੀ ਨਜ਼ਰ ਨਹੀਂ ਆਉਣਗੇ ਅਤੇ ਸਿੱਖਾਂ ਵਾਸਤੇ ਵੱਡਾ ਧਾਰਮਿਕ ਸੰਕਟ ਪੈਦਾ ਹੋ ਗਿਆ ਹੈ। ਜੀ ਹਾਂ, ਸੂਬਾ ਸਰਕਾਰ ਵੱਲੋਂ ਸਿੱਖਾਂ ਅਤੇ ਮੁਸਲਮਾਨਾਂ ਦੀ ਧਾਰਮਿਕ ਆਜ਼ਾਦੀ ਪੂਰੀ ਤਰ੍ਹਾਂ ਖ਼ਤਮ ਕਰਨ ਦੇ ਮਕਸਦ ਤਹਿਤ ਯੂਨੀਵਰਸਿਟੀਆਂ ਸਣੇ ਹੋਰਨਾਂ ਸਰਕਾਰੀ ਵਿਦਿਅਕ ਸੰਸਥਾਵਾਂ

*ਬਾਕੀ ਸਫ਼ਾ 2 'ਤੇ

## ਚੀਨ ਦੇ ਯੂਨਾਨ 'ਚ ਰੇਲ ਹਾਦਸੇ 'ਚ 11 ਰੇਲਵੇ ਕਰਮਚਾਰੀਆਂ ਦੀ ਮੌਤ, 2 ਕਰਮਚਾਰੀ ਹੋਏ ਜ਼ਖ਼ਮੀ



(ਪੰਜਾਬ ਸਟਾਰ ਬਿਊਰੋ): ਚੀਨ ਦੇ ਦੱਖਣੀ ਪ੍ਰਾਂਤ ਯੂਨਾਨ ਵਿੱਚ ਅੱਜ ਸਵੇਰੇ ਇੱਕ ਰੇਲ ਹਾਦਸੇ ਵਿੱਚ ਗਿਆਰਾਂ ਰੇਲਵੇ ਕਰਮਚਾਰੀਆਂ ਦੀ ਮੌਤ ਹੋ ਗਈ ਅਤੇ ਦੋ ਹੋਰ ਜ਼ਖ਼ਮੀ ਹੋ ਗਏ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਭੂਚਾਲ ਨਾਲ ਸਬੰਧਤ

*ਬਾਕੀ ਸਫ਼ਾ 2 'ਤੇ

## ਅਮਰੀਕਾ: ਸੜਕ ਹਾਦਸੇ 'ਚ 3 ਬੱਚਿਆਂ ਸਣੇ ਪੰਜ ਹਲਾਕ

### ਕੋਲੋਰਾਡੋ ਹਾਈਵੇਅ 'ਤੇ ਤਿੰਨ ਵਾਹਨਾਂ ਦੀ ਹੋਈ ਟੱਕਰ




(ਪੰਜਾਬ ਸਟਾਰ ਬਿਊਰੋ): ਕੋਲੋਰਾਡੋ ਹਾਈਵੇਅ 'ਤੇ ਤਿੰਨ ਵਾਹਨਾਂ ਦੀ ਟੱਕਰ ਹੋ ਗਈ ਜਿਸ ਕਾਰਨ ਤਿੰਨ ਬੱਚਿਆਂ ਸਣੇ ਪੰਜ ਜਣਿਆਂ ਦੀ ਮੌਤ ਹੋ ਗਈ। ਕੋਲੋਰਾਡੋ ਸਟੇਟ ਪੈਟਰੋਲ ਨੇ ਇੱਕ ਨਿਊਜ਼ ਰਿਲੀਜ਼ ਵਿੱਚ ਕਿਹਾ ਕਿ ਇਹ ਹਾਦਸਾ ਉਸ ਵੇਲੇ ਵਾਪਰਿਆ ਜਦੋਂ ਡੇਨਵਰ ਦੇ ਦੱਖਣ ਵਿੱਚ ਫਰੈਂਕਟਾਊਨ ਖੇਤਰ ਵਿੱਚ ਇੱਕ ਟੋਇਟਾ ਕਾਰ ਦਾ ਡਰਾਈਵਰ ਸੰਤੁਲਨ ਗੁਆ ਬੈਠਾ ਤੇ ਉਸ ਦੀ ਕਾਰ ਨਾਲ ਵਾਲੀ ਲੇਨ ਵਿਚ ਪਲਟ ਗਈ, ਜਿੱਥੇ ਇਹ ਫੋਰਡ ਕਾਰ ਤੇ ਪਿਕਅੱਪ ਟਰੱਕ ਨਾਲ ਟਕਰਾ ਗਈ। ਸਟੇਟ ਪੈਟਰੋਲ ਪੁਲੀਸ ਨੇ ਕਿਹਾ ਕਿ ਇਸ ਹਾਦਸੇ ਵਿਚ ਟੋਇਟਾ ਦੇ ਡਰਾਈਵਰ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਹਾਦਸੇ ਵਿਚ ਦੂਜੀ ਕਾਰ ਦੇ ਡਰਾਈਵਰ ਅਤੇ ਉਸ ਨਾਲ ਬੈਠੇ ਪੰਜ ਬੱਚਿਆਂ ਵਿੱਚੋਂ ਤਿੰਨ ਦੀ ਮੌਕੇ 'ਤੇ ਹੀ ਮੌਤ ਹੋ ਗਈ।

*ਬਾਕੀ ਸਫ਼ਾ 2 'ਤੇ

## ਕੈਨੇਡਾ 'ਚ ਕਿਰਾਏਦਾਰਾਂ ਨੂੰ ਕੱਢਣਾ ਹੋਇਆ ਸੌਖਾ

* ਓਨਟਾਰੀਓ 'ਚ ਮਕਾਨ ਮਾਲਕਾਂ ਦੇ ਹੱਕ 'ਚ ਕਾਨੂੰਨ ਪਾਸ



(ਪੰਜਾਬ ਸਟਾਰ ਬਿਊਰੋ): ਟੋਰਾਂਟੋ : ਕੈਨੇਡਾ ਵਿਚ ਕਿਰਾਏਦਾਰਾਂ ਨੂੰ ਮਕਾਨ ਮਾਲਕਾਂ ਦੇ ਮੁਹਤਾਜ ਬਣਾਉਂਦਾ ਬਿਲ ਉਨਟਾਰੀਓ ਵਿਧਾਨ ਸਭਾ ਵਿਚ ਪਾਸ ਕਰ ਦਿਤਾ ਗਿਆ ਹੈ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਬਿਲ-60 ਕਿਰਾਏਦਾਰਾਂ ਦੇ ਹੱਕਾਂ 'ਤੇ ਡਾਕਾ ਮਾਰਦਾ ਹੈ ਅਤੇ ਇਸ ਦੇ ਲਾਗੂ ਹੋਣ ਮਗਰੋਂ ਸੂਬੇ ਵਿਚ ਮਕਾਨ ਕਿਰਾਏ ਅਸਮਾਨ ਚੜ੍ਹ ਜਾਣਗੇ ਜਦਕਿ ਉਨਟਾਰੀਓ ਵਿਚ ਬੇਘਰਾਂ ਦੀ ਸਮੱਸਿਆ ਹੱਦਾਂ ਪਾਰ ਕਰ ਸਕਦੀ ਹੈ। ਦੂਜੇ ਪਾਸੇ ਮਕਾਨ ਮਾਲਕ ਨਵਾਂ ਬਿਲ ਪਾਸ ਹੋਣ ਮਗਰੋਂ ਖੁਸ਼ ਨਜ਼ਰ ਆਏ ਜੋ ਆਪਣੀ ਮਰਜ਼ੀ ਮੁਤਾਬਕ ਕਿਰਾਏਦਾਰਾਂ ਨੂੰ ਕੱਢ ਸਕਦੇ ਹਨ। ਹੁਣ ਕਿਸੇ ਵੀ ਮਕਾਨ ਮਾਲਕ ਵੱਲੋਂ ਨਿਜੀ ਵਰਤੋਂ ਲਈ ਘਰ ਖਾਲੀ ਕਰਵਾਉਣ ਵਾਸਤੇ 120 ਦਿਨ ਦਾ ਐਡਵਾਂਸ ਨੋਟਿਸ ਦਿਤੇ ਜਾਣ 'ਤੇ ਕਿਰਾਏਦਾਰ ਨੂੰ ਕੋਈ ਮੁਆਵਜ਼ਾ ਨਹੀਂ ਦੇਣਾ ਹੋਵੇਗਾ ਜਦਕਿ ਮੌਜੂਦਾ ਸਮੇਂ ਵਿਚ ਘੱਟੋ ਘੱਟ ਇਕ ਮਹੀਨੇ ਦਾ ਕਿਰਾਇਆ ਛੱਡਣਾ ਪੈਂਦਾ ਹੈ। ਇਸੇ ਤਰ੍ਹਾਂ ਰੈਂਟ ਨਾ ਦੇਣ ਵਾਲੇ ਕਿਰਾਏਦਾਰਾਂ ਨੂੰ ਨੋਟਿਸ ਦੇਣ ਤੋਂ ਸੱਤ ਦਿਨ ਬਾਅਦ ਕੱਢਿਆ ਜਾ ਸਕਦਾ ਹੈ ਜਦਕਿ ਹੁਣ ਤੱਕ ਮਕਾਨ ਮਾਲਕਾਂ ਨੂੰ 15 ਦਿਨ ਤੱਕ ਉਡੀਕ ਕਰਨੀ ਪੈਂਦੀ ਸੀ।

ਬਿਲ ਦਾ ਸਭ ਤੋਂ ਅਹਿਮ ਨੁਕਤਾ ਇਹ ਹੈ ਕਿ ਰੈਂਟ ਨਾ ਦੇਣ ਵਾਲੇ ਕਿਰਾਏਦਾਰਾਂ ਦੀ ਕੋਈ ਦਲੀਲ ਲੈਂਡਲੋਰਡ ਐਂਡ ਟੈਨੈਂਟ ਬੋਰਡ ਵੱਲੋਂ ਨਹੀਂ ਸੁਣੀ ਜਾਵੇਗੀ ਜਦੋਂ ਤੱਕ ਉਹ ਅੱਧਾ ਕਿਰਾਇਆ ਅਦਾ ਨਾ ਕਰ ਦੇਣ। ਸਿਰਫ ਐਨਾ ਹੀ ਨਹੀਂ, ਲੈਂਡਲੋਰਡ

*ਬਾਕੀ ਸਫ਼ਾ 2 'ਤੇ

## ਸਾਬਕਾ ਪਾਕਿ ਸਿੱਖ ਵਿਧਾਇਕ ਨੇ ਭਾਰਤੀ ਔਰਤ ਨੂੰ ਦੇਸ਼ ਨਿਕਾਲਾ ਦੇਣ ਦੀ ਮੰਗ ਕੀਤੀ



ਲਾਹੌਰ (ਪੰਜਾਬ ਸਟਾਰ ਬਿਊਰੋ): ਇਕ ਸਾਬਕਾ ਸਿੱਖ ਸੰਸਦ ਮੈਂਬਰ ਨੇ ਬੁਧਵਾਰ ਨੂੰ ਪਾਕਿਸਤਾਨ ਦੀ ਇਕ ਅਦਾਲਤ ਵਿਚ ਇਕ ਭਾਰਤੀ ਔਰਤ ਦੀ ਗ੍ਰਿਫਤਾਰੀ ਅਤੇ ਦੇਸ਼ ਨਿਕਾਲਾ ਦੀ ਮੰਗ ਕੀਤੀ ਹੈ ਜਿਸ ਨੇ ਇਕ ਸਥਾਨਕ ਮੁਸਲਿਮ ਵਿਅਕਤੀ ਨਾਲ ਵਿਆਹ ਕੀਤਾ ਸੀ। ਪੰਜਾਬ ਵਿਧਾਨ ਸਭਾ ਦੇ ਸਾਬਕਾ ਮੈਂਬਰ ਮਹਿੰਦਰ ਪਾਲ ਸਿੰਘ ਨੇ ਲਾਹੌਰ ਹਾਈ ਕੋਰਟ 'ਚ ਪਟੀਸ਼ਨ ਦਾਇਰ ਕਰਦਿਆਂ ਦੋਸ਼ ਲਾਇਆ ਕਿ 48 ਸਾਲ ਦੀ ਸਰਬਜੀਤ ਕੌਰ ਪਾਕਿਸਤਾਨ ਪਹੁੰਚਣ ਤੋਂ ਬਾਅਦ ਲਾਪਤਾ ਹੋ ਗਈ ਸੀ ਅਤੇ ਉਸ 'ਜਾਸੂਸ' ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਉਸ ਦੇ ਅਪਰਾਧਕ ਰੀਕਾਰਡ ਦੇ

*ਬਾਕੀ ਸਫ਼ਾ 2 'ਤੇ

## ਅਮਰੀਕਾ 'ਚ ਵ੍ਹਾਈਟ ਹਾਊਸ ਕੋਲ ਨੈਸ਼ਨਲ ਗਾਰਡ ਦੇ ਦੋ ਫੌਜੀਆਂ ਨੂੰ ਗੋਲੀ ਮਾਰੀ, ਹਾਲਤ ਗੰਭੀਰ



(ਪੰਜਾਬ ਸਟਾਰ ਬਿਊਰੋ): ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਵਿੱਚ ਤਾਇਨਾਤ ਵੈਸਟ ਵਰਜੀਨੀਆ ਨੈਸ਼ਨਲ ਗਾਰਡ ਦੇ ਦੋ ਮੈਂਬਰਾਂ ਨੂੰ ਬੁੱਧਵਾਰ ਨੂੰ ਰਾਸ਼ਟਰਪਤੀ ਦੇ ਸਰਕਾਰੀ ਨਿਵਾਸ ਅਤੇ ਦਫ਼ਤਰ, ਵ੍ਹਾਈਟ ਹਾਊਸ ਤੋਂ ਥੋੜ੍ਹੀ ਦੂਰ ਗੋਲੀ ਮਾਰ ਦਿੱਤੀ ਗਈ। ਵਾਸ਼ਿੰਗਟਨ ਦੇ ਮੇਅਰ ਮੂਰੀਅਲ ਬਾਊਜ਼ਰ ਨੇ ਇਸ ਨੂੰ ਇੱਕ ਯੋਜਨਾਬੱਧ ਹਮਲਾ ਦੱਸਿਆ ਹੈ। ਸੰਘੀ ਜਾਂਚ ਏਜੰਸੀ (ਐਫਬੀਆਈ) ਦੇ ਡਾਇਰੈਕਟਰ ਕਾਸ਼ ਪਟੇਲ ਅਤੇ ਬਾਊਜ਼ਰ ਨੇ ਕਿਹਾ ਕਿ ਦੋਵੇਂ ਨੈਸ਼ਨਲ ਗਾਰਡ ਮੈਂਬਰ ਗੰਭੀਰ

*ਬਾਕੀ ਸਫ਼ਾ 2 'ਤੇ

## ਹਮਲਾਵਰ ਨੂੰ ਚੁਕਾਉਣੀ ਪਵੇਗੀ ਵੱਡੀ ਕੀਮਤ : ਟਰੰਪ



ਵਾਸ਼ਿੰਗਟਨ, (ਪੰਜਾਬ ਸਟਾਰ ਬਿਊਰੋ) : ਬੀਤੀ ਰਾਤ ਵ੍ਹਾਈਟ ਹਾਊਸ ਨੇੜੇ ਹੋਈ ਗੋਲੀਬਾਰੀ ਵਿਚ ਦੋ ਨੈਸ਼ਨਲ ਗਾਰਡ ਜ਼ਖ਼ਮੀ ਹੋ ਗਏ ਸਨ। ਇਸ ਹਮਲੇ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹਮਲਾਵਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਹਮਲਾਵਰ ਨੂੰ ਇਸ ਦੀ ਵੱਡੀ ਕੀਮਤ ਚੁਕਾਉਣੀ ਪਵੇਗੀ। ਵ੍ਹਾਈਟ ਹਾਊਸ ਨੇੜੇ ਗੋਲੀਬਾਰੀ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੁਥ ਸੋਸ਼ਲ 'ਤੇ ਲਿਖਿਆ ਕਿ ਜਿਸ ਵਿਅਕਤੀ ਨੇ ਦੋ ਨੈਸ਼ਨਲ ਗਾਰਡ ਸੈਨਿਕਾਂ ਨੂੰ ਗੋਲੀ ਮਾਰੀ, ਦੋਵੇਂ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ ਅਤੇ ਵੱਖ-ਵੱਖ ਹਸਪਤਾਲਾਂ ਵਿਚ ਇਲਾਜ ਕਰਵਾ ਰਹੇ ਹਨ, ਉਹ ਹਮਲਾਵਰ ਵੀ ਗੰਭੀਰ ਜ਼ਖ਼ਮੀ ਹੈ। ਟਰੰਪ ਨੇ ਕਿਹਾ ਕਿ ਕੁੱਝ ਵੀ ਹੋਵੇ,

*ਬਾਕੀ ਸਫ਼ਾ 2 'ਤੇ





ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕਰਜ਼ੇ ਦੀ ਸਿਰਦਰਦੀ ?
www.MakeMeDebtFree.ca

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents



Harjit Brar
Sales Representative
416-417-6010

FOR ALL YOUR REAL ESTATE NEEDS



ਕਿਸੇ ਤਰ੍ਹਾਂ ਦੀ ਵੀ ਪ੍ਰੋਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

ਪੰਜਾਬ ਸਟਾਰ
www.punjabstar.com

# ਪੇਜ ਇੱਕ ਦੀ ਬਾਕੀ

## ਵੀਅਤਨਾਮ 'ਚ ਭਾਰੀ...

9,20,800 ਤੋਂ ਵੱਧ ਪੋਲਟਰੀ (ਮੁਰਗੀਆਂ ਆਦਿ) ਤੇ ਪਸ਼ੂ ਮਾਰੇ ਗਏ ਹਨ ਜਾਂ ਹੜ੍ਹ ਦੇ ਪਾਣੀ ਵਿੱਚ ਰੁੜ੍ਹ ਗਏ ਹਨ। ਜ਼ਿਆਦਾਤਰ ਪ੍ਰਭਾਵਿਤ ਖੇਤਰਾਂ 'ਚ ਬਿਜਲੀ ਬਹਾਲ ਕਰ ਦਿੱਤੀ ਗਈ ਹੈ, ਪਰ ਲਗਭਗ 75,000 ਘਰਾਂ 'ਚ ਅਜੇ ਵੀ ਬਿਜਲੀ ਨਹੀਂ ਪਹੁੰਚੀ ਹੈ।

### ਸਰਕਾਰ ਵੱਲੋਂ ਰਾਹਤ ਕਾਰਜ

ਵੀਅਤਨਾਮ ਦੇ ਪ੍ਰਧਾਨ ਮੰਤਰੀ ਫਾਮ ਮਿਨ ਚਿਨ (Pham Minh Chinh) ਨੇ ਕੇਂਦਰੀ ਸੂਬਿਆਂ 'ਚ ਗੰਭੀਰ ਹੜ੍ਹਾਂ ਤੇ ਕੁਦਰਤੀ ਆਫ਼ਤਾਂ ਦਾ ਜਵਾਬ ਦੇਣ ਦੇ ਉਪਾਵਾਂ ਨੂੰ ਤੇਜ਼ ਕਰਨ ਲਈ ਕਿਹਾ ਹੈ। ਵੀਅਤਨਾਮੀ ਸਰਕਾਰ ਨੇ ਰਿਕਵਰੀ ਯਤਨਾਂ ਲਈ ਕੁਝ ਸਖ਼ਤ ਪ੍ਰਭਾਵਿਤ ਖੇਤਰਾਂ ਨੂੰ 700 ਬਿਲੀਅਨ ਵੀਅਤਨਾਮੀ ਡੋਂਗ (ਲਗਭਗ 26.6 ਮਿਲੀਅਨ ਅਮਰੀਕੀ ਡਾਲਰ) ਦੀ ਐਮਰਜੈਂਸੀ ਸਹਾਇਤਾ ਪ੍ਰਦਾਨ ਕੀਤੀ ਹੈ। ਇਸ ਤੋਂ ਇਲਾਵਾ, ਸਰਕਾਰ ਨੇ ਕੇਂਦਰੀ ਵੀਅਤਨਾਮ ਦੇ ਚਾਰ ਸ਼ਹਿਰਾਂ ਅਤੇ ਸੂਬਿਆਂ-ਜਿਨ੍ਹਾਂ 'ਚ ਹਿਊ (Hue), ਦਾ ਨਾਂਗ (Da Nang), ਕੁਆਂਗ ਟ੍ਰਾਈ (Quang Tri), ਅਤੇ ਕੁਆਂਗ ਐਨਗਾਈ (Quang Ngai) ਸ਼ਾਮਲ ਹਨ-ਦੇ ਰਿਕਵਰੀ ਯਤਨਾਂ ਦਾ ਸਮਰਥਨ ਕਰਨ ਲਈ 450 ਬਿਲੀਅਨ ਵੀਅਤਨਾਮੀ ਡੋਂਗ (ਲਗਭਗ 17.93 ਮਿਲੀਅਨ ਅਮਰੀਕੀ ਡਾਲਰ) ਦਾ ਐਮਰਜੈਂਸੀ ਰਾਹਤ ਫੰਡ ਵੀ ਮਨਜ਼ੂਰ ਕੀਤਾ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਅਗਸਤ 'ਚ ਵੀਅਤਨਾਮ ਦੇ ਉੱਤਰੀ ਸੂਬੇ ਦੀਏਨ ਬੀਨ (Dien Bien) 'ਚ ਆਏ ਹੜ੍ਹਾਂ ਅਤੇ ਜ਼ਮੀਨ ਖਿਸਕਣ ਕਾਰਨ ਅੱਠ ਲੋਕਾਂ ਦੀ ਮੌਤ ਹੋ ਗਈ ਸੀ ਅਤੇ ਤਿੰਨ ਲਾਪਤਾ ਹੋ ਗਏ ਸਨ। ਉਸ ਸਮੇਂ ਵੀ ਲਗਭਗ 60 ਘਰ ਹੜ੍ਹ ਦੇ ਪਾਣੀ ਵਿੱਚ ਰੁੜ੍ਹ ਗਏ ਜਾਂ ਨੁਕਸਾਨੇ ਗਏ ਸਨ।

## ਇਮਾਰਤ ਨੂੰ ਲੱਗੀ...

ਬਚਣ ਦੇ ਮਾਪਦੰਡਾਂ ਨੂੰ ਪੂਰਾ ਕਰਦਾ ਹੈ ਜਾਂ ਨਹੀਂ ਕਿਉਂਕਿ ਅੱਗ ਦਾ ਇੰਨੀ ਤੇਜ਼ੀ ਨਾਲ ਫੈਲਣਾ ਕੋਈ ਆਮ ਗੱਲ ਨਹੀਂ ਹੈ। ਅਧਿਕਾਰੀਆਂ ਨੇ ਕਿਹਾ ਕਿ ਅੱਗ ਇਕ ਇਮਾਰਤ, 32 ਮੰਜ਼ਿਲਾ ਟਾਵਰ ਦੀ ਬਾਹਰੀ ਮਚਾਨ 'ਤੇ ਲੱਗੀ ਤੇ ਮਗਰੋਂ ਤੇਜ਼ ਹਵਾ ਕਰਕੇ ਇਮਾਰਤ ਦੇ ਅੰਦਰ ਤੇ ਫਿਰ ਨੇੜਲੀਆਂ ਇਮਾਰਤਾਂ ਵਿਚ ਫੈਲ ਗਈ।

ਉਧਰ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਅੱਗ ਬੁਝਾਉਣ ਮੌਕੇ ਮਾਰੇ ਗਏ ਅਮਲੇ ਦੇ ਇਕ ਮੈਂਬਰ ਲਈ ਦੁੱਖ ਜਤਾਇਆ ਤੇ ਪੀੜਤ ਪਰਿਵਾਰਾਂ ਲਈ ਸੰਵੇਦਨਾਵਾਂ ਜ਼ਾਹਿਰ ਕੀਤੀਆਂ। ਫਾਇਰ ਸਰਵਸਿਜ਼ ਵਿਭਾਗ ਮੁਤਾਬਕ ਅੱਧੀ ਰਾਤ ਮਗਰੋਂ ਤਿੰਨ ਇਮਾਰਤਾਂ ਵਿਚ ਲੱਗੀ ਅੱਗ 'ਤੇ 'ਕਾਬੂ' ਪਾ ਲਿਆ ਗਿਆ ਸੀ। ਇਸ ਹਾਊਸਿੰਗ ਕੰਪਲੈਕਸ ਵਿੱਚ ਅੱਠ ਇਮਾਰਤਾਂ ਸਨ ਜਿਨ੍ਹਾਂ ਵਿੱਚ ਕਰੀਬ 2,000 ਅਪਾਰਟਮੈਂਟ ਸਨ। ਇਨ੍ਹਾਂ ਵਿੱਚ ਕਰੀਬ 4,800 ਲੋਕ ਰਹਿੰਦੇ ਸਨ, ਜਿਨ੍ਹਾਂ ਵਿੱਚ ਬਹੁਤ ਸਾਰੇ ਬਜ਼ੁਰਗ ਵੀ ਸ਼ਾਮਲ ਸਨ। ਇਹ 1980 ਦੇ ਦਹਾਕੇ ਵਿੱਚ ਬਣਾਇਆ ਗਿਆ ਸੀ ਅਤੇ ਹਾਲ ਹੀ ਵਿੱਚ ਇਸ ਦੀ ਵੱਡੇ ਪੱਧਰ 'ਤੇ ਰੈਨੋਵੇਸ਼ਨ ਕੀਤੀ ਗਈ ਸੀ। ਅੱਗ ਬੁਝਾਊ ਦਸਤੇ ਨੂੰ ਮੌਕੇ 'ਤੇ 140 ਤੋਂ ਵੱਧ ਫਾਇਰ ਟਰੱਕ ਤੇ 60 ਤੋਂ ਵੱਧ ਐਂਬੂਲੈਂਸਾਂ ਤਾਇਨਾਤ ਕਰਨੀਆਂ ਪਈਆਂ। ਮ੍ਰਿਤਕਾਂ ਵਿਚ 37 ਸਾਲਾ ਫਾਇਰ ਫਾਈਟਰ ਵੀ ਸ਼ਾਮਲ ਹੈ। ਜ਼ਿਲ੍ਹਾ ਅਧਿਕਾਰੀਆਂ ਨੇ ਕਿਹਾ ਕਿ ਅੱਗ ਕਰਕੇ ਘਰੋਂ ਬੇਘਰ ਹੋਏ ਲੋਕਾਂ ਲਈ ਆਰਜ਼ੀ ਰੈਣ ਬਸੇਰੇ ਖੋਲ੍ਹ ਦਿੱਤੇ ਗਏ ਹਨ। ਇਸ ਤੋਂ ਪਹਿਲਾਂ ਨਵੰਬਰ 1996 ਵਿਚ ਕੋਅਲੂਨ ਵਿਚ ਇਕ ਕਮਰਸ਼ਲ ਇਮਾਰਤ ਨੂੰ ਲੱਗੀ ਲੈਵਰ ਪੰਜ ਦੀ ਅੱਗ ਵਿਚ 41 ਵਿਅਕਤੀਆਂ ਦੀ ਜਾਨ ਜਾਂਦੀ ਰਹੀ ਸੀ। ਉਦੋਂ ਅੱਗ 'ਤੇ ਕਾਬੂ ਪਾਉਣ ਵਿਚ 20 ਘੰਟੇ ਲੱਗੇ ਸਨ।

## ਕੈਨੇਡਾ ਦੇ ਕਿਊਬੈਕ...

ਵਿਚ ਧਾਰਮਿਕ ਪਛਾਣ ਵਾਲੇ ਚਿੰਨ੍ਹ ਧਾਰਨ ਕਰਨ 'ਤੇ ਪਾਬੰਦੀ ਲਾਗੂ ਕੀਤੀ ਜਾ ਰਹੀ ਹੈ। ਇਥੋਂ ਤੱਕ ਕਿ ਮੁਸਲਮਾਨ ਵਿਦਿਆਰਥੀ ਯੂਨੀਵਰਸਿਟੀ ਕੰਪਲੈਕਸ ਵਿਚ ਨਮਾਜ਼ ਅਦਾ ਵੀ ਨਹੀਂ ਕਰ ਸਕਣਗੇ। ਕਿਊਬੈਕ ਸਿਟੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਧਰਮ ਨਿਰਪੱਖਤਾ ਮਾਮਲਿਆਂ ਬਾਰੇ ਮੰਤਰੀ ਸ਼ੌਨ ਫਰਾਂਸਵਾ ਰੌਬਰਜ ਨੇ ਕਿਹਾ ਕਿ 2019 ਵਿਚ ਬਿਲ 21 ਪਾਸ ਹੋਣ ਮਗਰੋਂ ਕਈ ਹੋਰ ਸੁਧਾਰਾਂ ਦੀ ਜ਼ਰੂਰਤ ਮਹਿਸੂਸ ਕੀਤੀ ਜਾ ਰਹੀ ਸੀ ਜਿਨ੍ਹਾਂ ਨੂੰ ਧਿਆਨ ਵਿਚ ਰਖਦਿਆਂ ਨਵਾਂ ਬਿਲ ਸੂਬਾ ਵਿਧਾਨ ਸਭਾ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਨਵੇਂ ਬਿਲ ਤਹਿਤ ਸਮੁੱਚੀ ਸਿੱਖਿਆ ਪ੍ਰਣਾਲੀ ਵਿਚ ਕੰਮ ਕਰਦੇ ਮੁਲਾਜ਼ਮਾਂ ਦੀ ਧਾਰਮਿਕ ਆਜ਼ਾਦੀ ਖੋਹੀ ਜਾ ਰਹੀ ਹੈ ਅਤੇ ਇਸ ਵਾਰ ਪ੍ਰਾਈਵੇਟ ਸਕੂਲਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਪਹਿਲਾਂ 2019 ਵਾਲਾ ਬਿਲ 21 ਜਨਤਕ ਖੇਤਰ ਦੇ ਮੁਲਾਜ਼ਮਾਂ ਜਿਵੇਂ ਪੁਲਿਸ ਮੁਲਾਜ਼ਮਾਂ, ਸਕੂਲੀ ਅਧਿਆਪਕਾਂ ਅਤੇ ਜੱਜਾਂ ਨੂੰ ਪੱਗ ਬੰਨ੍ਹਣ ਜਾਂ ਹਿਜਾਬ ਧਾਰਨ ਕਰਨ ਤੋਂ ਰੋਕਦਾ ਹੈ ਪਰ ਨਵਾਂ ਬਿਲ ਵਾਲੰਟੀਅਰਾਂ ਅਤੇ ਵਿਦਿਆਰਥੀਆਂ ਉਤੇ ਵੀ ਲਾਗੂ ਕੀਤਾ ਜਾ ਰਿਹਾ ਹੈ। ਕੈਨੇਡੀਅਨ ਮੀਡੀਆ ਵੱਲੋਂ ਸੂਤਰਾਂ ਦੇ ਹਵਾਲੇ ਨਾਲ ਬਿਲ ਵਿਚਲੇ ਅਹਿਮ ਤੱਥ ਪੇਸ਼ ਕੀਤੇ ਗਏ ਹਨ ਅਤੇ ਦੱਸਿਆ ਜਾ ਰਿਹਾ ਹੈ ਕਿ ਫ਼ਿਲਹਾਲ ਜਨਤਕ ਥਾਵਾਂ 'ਤੇ ਨਕਾਬ ਜਾਂ ਹਿਜਾਬ ਉਤੇ ਪਾਬੰਦੀ ਲਾਗੂ ਨਹੀਂ ਕੀਤੀ ਜਾ ਰਹੀ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਜਨਤਕ ਥਾਵਾਂ 'ਤੇ ਧਾਰਮਿਕ ਇਕੱਠ ਕਰਨ ਦੀ ਪਾਬੰਦੀ ਦਾ ਜ਼ਿਕਰ ਵੀ ਸਾਹਮਣੇ ਆਇਆ ਅਤੇ ਇਨ੍ਹਾਂ ਹਾਲਾਤ ਵਿਚ ਨਗਰ ਕੀਰਤਨ ਸਜਾਉਣ 'ਤੇ ਪਾਬੰਦੀ ਲੱਗ ਸਕਦੀ ਹੈ। ਕਿਊਬੈਕ ਦੀ ਫਰਾਂਸਵਾ ਲੈਗੋ ਸਰਕਾਰ ਜਨਤਕ ਥਾਵਾਂ 'ਤੇ ਧਾਰਮਿਕ ਸਰਗਰਮੀਆਂ ਬੰਦ ਕਰਨ ਦੀ ਯੋਜਨਾ ਵੀ ਬਣਾ ਚੁੱਕੀ ਹੈ ਪਰ ਤਾਜ਼ਾ ਬਿਲ ਵਿਚ ਇਸ ਦਾ ਜ਼ਿਕਰ ਫ਼ਿਲਹਾਲ ਸਾਹਮਣੇ ਨਹੀਂ ਆਇਆ।

ਸਿਰਫ਼ ਨਗਰ ਕੀਰਤਨ ਸਜਾਉਣ ਜਾਂ ਸੜਕਾਂ 'ਤੇ ਨਮਾਜ਼ ਅਦਾ ਕਰਨ ਦੀ ਰੋਕ ਲਾਉਣ ਦੇ ਮਨਸੂਬੇ ਨਹੀਂ ਸਗੋਂ ਗੁੱਡ ਫਰਾਈਡੇ ਮੌਕੇ ਈਸਾਈ ਧਰਮ ਦੇ ਲੋਕ ਕਰੌਸ ਪ੍ਰੋਸੈਸ਼ਨ ਵੀ ਨਹੀਂ ਕੱਢ ਸਕਣਗੇ। ਰੌਬਰਜ ਨੇ ਇਹ ਨਹੀਂ ਦੱਸਿਆ ਕਿ ਕੀ ਸੂਬਾ ਸਰਕਾਰ ਨੌਟਵਿਦਸਟੈਂਡਿੰਗ ਕਲੌਜ਼ ਲਾਗੂ ਕਰੇਗੀ ਜਿਸ ਰਾਹੀਂ ਕੈਨੇਡੀਅਨ ਚਾਰਟਰ ਆਫ਼ ਰਾਈਟਸ ਐਂਡ ਫਰੀਡਮਜ਼ ਅਧੀਨ ਮਿਲੇ ਹੱਕ ਸਿੱਧੇ ਤੌਰ 'ਤੇ ਖ਼ਤਮ ਹੋ ਜਾਣਗੇ। ਪਿਛਲੇ ਸਾਲ ਕਿਊਬੈਕ ਦੇ ਪ੍ਰੀਮੀਅਰ ਫਰਾਂਸਵਾ ਲੈਗੋ ਨੇ ਕਿਹਾ ਸੀ ਕਿ ਨੌਟਵਿਦਸਟੈਂਡਿੰਗ ਕਲੌਜ਼ ਦੀ ਸੰਭਾਵਨਾ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਚੇਤੇ ਰਹੇ ਕਿ ਕਿਊਬੈਕ ਦੀ ਇਕ ਖ਼ੁਦਮੁਖਤਿਆਰ ਕਮੇਟੀ ਨੇ ਸੂਬੇ ਵਿਚ ਧਰਮ ਨਿਰਪੱਖਤਾ ਮਜ਼ਬੂਤ ਕਰਨ ਲਈ 50 ਸਿਫ਼ਾਰਸ਼ਾਂ ਕੀਤੀਆਂ। 300 ਸਫ਼ਿਆਂ ਦੀ ਰਿਪੋਰਟ ਵਿਚ ਕਮੇਟੀ ਨੇ ਕਿਹਾ ਕਿ ਧਾਰਮਿਕ ਆਜ਼ਾਦੀ ਦਾ ਘੇਰਾ ਸੀਮਤ ਰੱਖਿਆ ਜਾਵੇ ਅਤੇ ਡੇਅ ਕੇਅਰ ਵਰਕਰਜ਼ ਨੂੰ ਵੀ ਧਾਰਮਿਕ ਚਿੰਨ੍ਹ ਧਾਰਨ ਕਰਨ 'ਤੇ ਪਾਬੰਦੀ ਦੇ ਘੇਰੇ ਵਿਚ ਲਿਆਂਦਾ ਜਾਵੇ। ਕਮੇਟੀ ਦੀ ਇਕ ਸਿਫ਼ਾਰਸ਼ ਇਹ ਵੀ ਕਹਿੰਦੀ ਹੈ ਕਿ ਜਨਤਕ ਥਾਵਾਂ 'ਤੇ ਧਾਰਮਿਕ ਸਰਗਰਮੀਆਂ ਬਾਰੇ ਫੈਸਲਾ ਲੈਣ ਦਾ ਹੱਕ ਸਬੰਧਤ ਮਿਊਂਪੈਲਿਟੀਜ਼ ਨੂੰ ਦਿਤਾ ਜਾਵੇ। ਦੂਜੇ ਪਾਸੇ ਧਰਮ ਨਿਰਪੱਖਤਾ ਮਾਮਲਿਆਂ ਬਾਰੇ ਮੰਤਰੀ ਨੇ ਦਲੀਲ ਦਿਤੀ ਕਿ ਫਲਸਤੀਨ ਹਮਾਇਤੀ ਮੁਜ਼ਾਹਰਿਆਂ ਦੌਰਾਨ ਮੌਂਟਰੀਅਲ ਵਿਖੇ ਇਕ ਚਰਚ ਦੇ ਬਾਹਰ ਸੜਕ 'ਤੇ ਨਮਾਜ਼ ਅਦਾ ਕੀਤੀ ਗਈ ਜਿਸ ਨਾਲ ਫਿਰਕੂ ਤਣਾਅ ਪੈਦਾ ਹੋਇਆ। ਜਨਤਕ ਥਾਵਾਂ 'ਤੇ ਨਮਾਜ਼ ਅਦਾ ਕਰਨ ਦੇ ਮਾਮਲੇ ਵਧਦੇ ਜਾ ਰਹੇ ਹਨ ਅਤੇ ਸਰਕਾਰ ਇਹ ਸਭ ਬੰਦ ਕਰਨਾ ਚਾਹੁੰਦੀ ਹੈ।

## ਚੀਨ ਦੇ ਯੂਨਾਨ 'ਚ ਰੇਲ...

ਉਪਕਰਣਾਂ ਦੀ ਜਾਂਚ ਕਰ ਰਹੀ ਇੱਕ ਟੈਸਟ ਟ੍ਰੇਨ ਨੇ ਮਜ਼ਦੂਰਾਂ ਨੂੰ ਕੁਚਲ ਦਿੱਤਾ। ਇਹ ਹਾਦਸਾ ਕੁਨਮਿੰਗ ਸ਼ਹਿਰ ਦੇ ਲੁਓਯਾਂਗਜ਼ੇਨ ਰੇਲਵੇ ਸਟੇਸ਼ਨ 'ਤੇ ਵਾਪਰਿਆ, ਜਿੱਥੇ ਰੇਲਵੇ ਕਰਮਚਾਰੀ ਟਰੈਕ ਦੇ ਇੱਕ ਮੋੜ ਵਾਲੇ ਹਿੱਸੇ 'ਤੇ ਕੰਮ ਕਰ ਰਹੇ ਸਨ। ਇੱਕ ਰੇਲਗੱਡੀ ਉਸੇ ਟਰੈਕ 'ਤੇ ਆਈ ਅਤੇ ਸਾਰਿਆਂ ਨੂੰ ਕੁਚਲ ਦਿੱਤਾ। ਚੀਨ ਦੇ ਸਰਕਾਰੀ ਸੀਸੀਟੀਵੀ ਟੀਵੀ ਚੈਨਲ ਦੇ ਅਨੁਸਾਰ, ਟੈਸਟ ਟ੍ਰੇਨ ਨੰਬਰ 55537 ਭੂਚਾਲ ਸੰਬੰਧੀ ਉਪਕਰਣਾਂ ਦੀ ਜਾਂਚ ਕਰਨ ਲਈ ਚੱਲ ਰਹੀ ਸੀ। ਹਾਦਸੇ ਤੋਂ ਤੁਰੰਤ ਬਾਅਦ, ਰੇਲਵੇ ਅਤੇ ਸਥਾਨਕ ਅਧਿਕਾਰੀਆਂ ਨੇ ਐਮਰਜੈਂਸੀ ਬਚਾਅ ਕਾਰਜ ਸ਼ੁਰੂ ਕਰ ਦਿੱਤਾ। ਕੁਨਮਿੰਗ ਰੇਲਵੇ ਅਥਾਰਟੀ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਪ੍ਰਤੀ ਸੰਵੇਦਨਾ ਪ੍ਰਗਟ ਕੀਤੀ ਹੈ। ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

## ਅਮਰੀਕਾ : ਸੜਕ ਹਾਦਸੇ...

ਦੋ ਹੋਰ ਬੱਚਿਆਂ ਨੂੰ ਨੇੜਲੇ ਮੈਡੀਕਲ ਸੈਂਟਰ ਲਿਜਾਇਆ ਗਿਆ ਪਰ ਅਧਿਕਾਰੀਆਂ ਨੇ ਉਨ੍ਹਾਂ ਦੀ ਹਾਲਤ ਦੇ ਵੇਰਵੇ ਸਾਂਝੇ ਨਾ ਕੀਤੇ। ਦੂਜੇ ਪਾਸੇ ਪਿਕਅੱਪ ਟਰੱਕ ਦੇ ਡਰਾਈਵਰ ਨੂੰ ਕੋਈ ਸੱਟ ਨਹੀਂ ਲੱਗੀ। ਪੁਲੀਸ ਨੇ ਕਿਹਾ ਕਿ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਸਟੇਟ ਪੈਟਰੋਲ ਪੁਲੀਸ ਨੇ ਕਿਹਾ ਕਿ ਡਗਲਸ ਕਾਊਂਟੀ ਕੋਰੋਨਰ ਵਲੋਂ ਹਾਦਸੇ ਵਿਚ ਮਰਨ ਵਾਲਿਆਂ ਦੀ ਪਛਾਣ ਕੀਤੀ ਜਾ ਰਹੀ ਹੈ ਤੇ ਪਛਾਣ ਕਰਨ ਤੋਂ ਬਾਅਦ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਸੂਚਿਤ ਕੀਤਾ ਜਾਵੇਗਾ।

## ਕੈਨੇਡਾ 'ਚ ਕਿਰਾਏਦਾਰਾਂ ਨੂੰ...

ਐਂਡ ਟੈਨੈਂਟ ਬੋਰਡ ਵੱਲੋਂ ਕਿਰਾਏਦਾਰਾਂ ਨੂੰ ਕੱਢਣ ਦੇ ਫੈਸਲੇ ਵਿਰੁੱਧ ਅਪੀਲ ਦਾਇਰ ਕਰਨ ਲਈ ਇਕ ਮਹੀਨੇ ਦੀ ਬਜਾਏ ਸਿਰਫ਼ 15 ਦਿਨ ਮਿਲਣਗੇ। ਦੱਸ ਦੇਈਏ ਕਿ ਡਗ ਫ਼ੋਰਡ ਸਰਕਾਰ ਵੱਲੋਂ ਬਿਲ-60 ਨੂੰ ਫ਼ਾਈਟਿੰਗ ਡਿਲੇਜ਼, ਬਿਲਡਿੰਗ ਫਾਸਟਰ ਐਕਟ ਦਾ ਨਾਂ ਦਿਤਾ ਹੈ ਜਿਸ ਦਾ ਵਿਰੋਧ ਕਰਨ, ਲੋਕ ਵਿਧਾਨ ਸਭਾ ਦੇ ਅੰਦਰ ਪੁੱਜੇ ਹੋਏ ਸਨ। ਸਦਨ ਦੀ ਕਾਰਵਾਈ ਦੌਰਾਨ ਰੌਲਾ ਰੱਪਾ ਪੈਣ 'ਤੇ ਪ੍ਰੀਮੀਅਰ ਡਗ ਫੋਰਡ ਤਲਖ਼ ਟਿੱਪਣੀਆਂ ਕਰਦੇ ਸੁਣੇ ਗਏ ਅਤੇ ਸਪੀਕਰ ਨੇ ਸੁਰੱਖਿਆ ਮੁਲਾਜ਼ਮਾਂ ਰਾਹੀਂ ਰੌਲਾ ਪਾਉਣ ਵਾਲਿਆਂ ਨੂੰ ਬਾਹਰ ਕਢਵਾਇਆ। 'ਐਸੋਸੀਏਸ਼ਨ ਆਫ਼ ਕਮਿਊਨਿਟੀ ਆਰਗੇਨਾਈਜ਼ੇਸ਼ਨ ਫੌਰ ਰਿਫ਼ਾਰਮ ਨਾਓ' ਦੇ ਆਗੂ ਮਾਰਕ ਡੈਵਿਗਨਨ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦਾਅਵਾ ਕੀਤਾ ਕਿ ਨਵਾਂ ਕਾਨੂੰਨ ਚੰਗੀ ਅਤੇ ਮਾੜੇ ਕਿਰਾਏਦਾਰਾਂ ਵਿਚ ਕੋਈ ਫ਼ਰਕ ਨਹੀਂ ਕਰਦਾ। ਬਿਨਾਂ ਸ਼ੱਕ ਕੁਝ ਕਿਰਾਏਦਾਰਾਂ ਦੀ ਨੀਅਤ ਸਾਫ਼ ਨਹੀਂ ਹੁੰਦੀ ਪਰ ਮਾੜੀ ਸੋਚ ਵਾਲੇ ਮਕਾਨ ਮਾਲਕਾਂ ਦੀ ਵੀ ਕੋਈ ਕਮੀ ਨਹੀਂ। ਉਧਰ ਸੂਬਾ ਸਰਕਾਰ ਦਾ ਕਹਿਣਾ ਹੈ ਕਿ ਲੈਂਡਲੌਰਡ ਐਂਡ ਟੈਨੈਂਟ ਬੋਰਡ ਦੀ ਕਾਰਵਾਈ ਤੇਜ਼ ਕਰਨ ਦੇ ਮਕਸਦ ਤਹਿਤ ਨਵਾਂ ਕਾਨੂੰਨ ਪਾਸ ਕੀਤਾ ਗਿਆ ਹੈ।

### ਮਕਾਨ ਕਿਰਾਏ ਵਧਣ ਦਾ ਖਦਸ਼ਾ, ਬੇਘਰਾਂ ਦੀ ਗਿਣਤੀ ਵਧੇਗੀ

ਮਿਊਂਸਪਲ ਅਤੇ ਹਾਊਸਿੰਗ ਮਾਮਲਿਆਂ ਬਾਰੇ ਮੰਤਰੀ ਰੌਬ ਫਲੈਕ ਨੇ ਕਿਹਾ ਕਿ ਮਕਾਨ ਕਿਰਾਏ ਘਆਉਣ ਦੇ ਮਕਸਦ ਤਹਿਤ ਬਿਲ ਲਿਆਂਦਾ ਗਿਆ ਜਿਸ ਰਾਹੀਂ ਮਕਾਨ ਮਾਲਕ ਆਪਣੀ ਪ੍ਰੋਪਰਟੀ ਕਿਰਾਏ 'ਤੇ ਦੇਣ ਲੱਗਿਆਂ ਬਿਲਕੁਲ ਨਹੀਂ ਘਬਰਾਉਣਗੇ। ਇਸੇ ਦੌਰਾਨ ਐਨ.ਡੀ.ਪੀ. ਦੀ ਆਗੂ ਮੈਰਿਟ ਸਟਾਈਲਜ਼ ਨੇ ਕਿਹਾ ਕਿ ਉਨਟਾਰੀਓ ਵਿਚ ਨੌਕਰੀਆਂ ਦਾ ਸੰਕਟ ਹੈ ਪਰ ਡਗ ਫ਼ੋਰਡ ਸਰਕਾਰ ਕਿਰਾਏਦਾਰਾਂ ਨੂੰ ਨਿਸ਼ਾਨਾ ਬਣਾ ਰਹੀ ਹੈ ਅਤੇ ਮਕਾਨ ਕਿਰਾਏ ਵਧਣ ਦਾ ਰਾਹ ਪੱਧਰਾ ਕਰ ਦਿਤਾ ਗਿਆ ਹੈ। ਮੈਰਿਟ ਸਟਾਈਲਜ਼ ਵੱਲੋਂ ਬਿਲ ਰੱਦ ਕਰਨ ਲਈ ਮਤਾ ਵਿਧਾਨ ਸਭਾ ਵਿਚ ਪੇਸ਼ ਕੀਤਾ ਗਿਆ ਹੈ ਪਰ ਪੀ.ਸੀ. ਪਾਰਟੀ ਦਾ ਬਹੁਮਤ ਹੋਣ ਕਰ ਕੇ ਇਹ ਪਾਸ ਹੋਣ ਦੇ ਆਸਾਰ ਨਹੀਂ। ਬਿਲ ਦਾ ਵਿਰੋਧ ਕਰਨ ਵਾਲਿਆਂ ਨੇ ਪਿਛਲੇ ਦਿਨੀਂ ਟੋਰਾਂਟੋ ਦੇ ਡਾਊਨ ਟਾਊਨ ਵਿਚ ਰੋਸ ਮਾਰਚ ਵੀ ਕੱਢਿਆ। ਇਸ ਦੇ ਉਲਟ ਲੈਂਡਲੌਰਡਜ਼ ਦੇ ਹੱਕਾਂ ਦੀ ਵਕਾਲਤ ਕਰਨ ਵਾਲੀ ਜਥੇਬੰਦੀ ਨੇ ਕਿਹਾ ਕਿ ਬਿਲ 60 ਰਾਹੀਂ ਮਹਿਸੂਸ ਹੋਇਆ ਹੈ ਕਿ ਉਨਟਾਰੀਓ ਸਰਕਾਰ ਛੋਟੇ ਲੈਂਡਲੌਰਡਜ਼ ਦੀਆਂ ਸਮੱਸਿਆਵਾਂ ਸਮਝ ਰਹੀ ਹੈ। ਟੋਰਾਂਟੋ ਰੀਜਨਲ ਰੀਅਲ ਅਸਟੇਟ ਬੋਰਡ ਵੱਲੋਂ ਬਿਲ 60 ਪਾਸ ਹੋਣ ਦਾ ਸਵਾਗਤ ਕੀਤਾ ਗਿਆ ਹੈ। ਬਿਲ 60 ਵਿਚ ਸਿਰਫ਼ ਕਿਰਾਏਦਾਰਾਂ ਅਤੇ ਮਕਾਨ ਮਾਲਕਾਂ ਦਾ ਮਸਲਾ ਸ਼ਾਮਲ ਨਹੀਂ ਸਗੋਂ ਮਿਸੀਸਾਗਾ, ਬਰੈਂਪਟਨ ਅਤੇ ਕੈਲੇਡਨ ਵਿਚ ਵੌਟਰ ਐਂਡ ਵੇਸਟ ਵੌਟਰ ਸਰਵਿਸਿਜ਼ ਦਾ ਅਧਿਕਾਰ ਖੇਤਰ ਤਬਦੀਲ ਕਰਨ ਦੀਆ ਮਦਾਂ ਵੀ ਸ਼ਾਮਲ ਹਨ ਅਤੇ ਇਹ ਬਿਲ ਮਿਊਂਸਪੈਲਿਟੀਜ਼ ਨੂੰ ਗੱਡੀਆਂ ਦੀਆਂ ਲੇਨਜ਼ ਘਟਾ ਕੇ ਸਾਈਕਲ ਲੇਨਜ਼ ਬਣਾਉਣ ਤੋਂ ਵਰਜਦਾ ਹੈ।

## ਸਾਬਕਾ ਪਾਕਿ ਸਿੱਖ...

ਬਾਵਜੂਦ ਭਾਰਤ ਸਰਕਾਰ ਨੇ ਸਰਬਜੀਤ ਕੌਰ ਨੂੰ ਮਨਜ਼ੂਰੀ ਦੇ ਦਿਤੀ ਹੈ। ਉਨ੍ਹਾਂ ਕਿਹਾ ਕਿ ਵੀਜ਼ਾ ਖਤਮ ਹੋਣ ਤੋਂ ਬਾਅਦ ਪਾਕਿਸਤਾਨ 'ਚ ਰਹਿਣਾ ਇਕ ਗੈਰ-ਕਾਨੂੰਨੀ ਕੰਮ ਹੈ ਕਿਉਂਕਿ ਇਹ ਮਾਮਲਾ ਪਾਕਿਸਤਾਨ ਦੀ ਕੌਮੀ ਸੁਰੱਖਿਆ ਨਾਲ ਜੁੜਿਆ ਹੋਇਆ ਹੈ। ਸਰਬਜੀਤ ਕੌਰ ਉਨ੍ਹਾਂ 2,000 ਸਿੱਖ ਸ਼ਰਧਾਲੂਆਂ 'ਚੋਂ ਇਕ ਸੀ, ਜੋ ਇਸ ਮਹੀਨੇ ਦੇ ਸ਼ੁਰੂ ਵਿਚ ਨਨਕਾਣਾ ਸਾਹਿਬ ਦੇ ਗੁਰਦੁਆਰਾ ਜਨਮ ਸਥਾਨ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨਾਲ ਸਬੰਧਤ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਭਾਰਤ ਤੋਂ ਵਾਹਗਾ ਸਰਹੱਦ ਰਾਹੀਂ ਲਾਹੌਰ ਵਿਚ ਦਾਖਲ ਹੋਏ ਸਨ। 13 ਨਵੰਬਰ ਨੂੰ ਭਾਰਤੀ ਸਿੱਖ ਅਪਣੇ ਦੇਸ਼ ਪਰਤ ਆਏ ਸਨ ਪਰ ਸਰਬਜੀਤ ਕੌਰ ਲਾਪਤਾ ਹੋ ਗਈ ਸੀ। ਬਾਅਦ 'ਚ ਪਤਾ ਲੱਗਾ ਕਿ ਉਸ ਨੇ 4 ਨਵੰਬਰ ਨੂੰ ਲਾਹੌਰ ਤੋਂ 50 ਕਿਲੋਮੀਟਰ ਦੂਰ ਸ਼ੇਖੂਪੁਰਾ ਜ਼ਿਲ੍ਹੇ ਦੇ ਨਾਸਿਰ ਹੁਸੈਨ ਨਾਲ ਵਿਆਹ ਕਰਵਾ ਲਿਆ ਸੀ। ਪਿਛਲੇ ਹਫਤੇ, ਕੌਰ ਅਤੇ ਹੁਸੈਨ ਨੇ ਲਾਹੌਰ ਹਾਈ ਕੋਰਟ ਵਿਚ ਇਕ ਪਟੀਸ਼ਨ ਦਾਇਰ ਕੀਤੀ ਸੀ ਜਿਸ ਵਿਚ ਸ਼ਿਕਾਇਤ ਕੀਤੀ ਗਈ ਸੀ ਕਿ ਪੁਲਿਸ ਨੇ ਫਾਰੂਕਾਬਾਦ ਦੇ ਸ਼ੇਖੂਪੁਰਾ ਵਿਚ ਉਨ੍ਹਾਂ ਦੇ ਘਰ ਛਾਪਾ ਮਾਰਿਆ ਸੀ ਅਤੇ ਉਨ੍ਹਾਂ ਉਤੇ ਵਿਆਹ ਖਤਮ ਕਰਨ ਲਈ ਦਬਾਅ ਪਾਇਆ ਸੀ। ਐਲ.ਐਚ.ਸੀ. ਦੇ ਜੱਜ ਫਾਰੂਕ ਹੈਦਰ ਨੇ ਪੁਲਿਸ ਨੂੰ ਪਟੀਸ਼ਨਕਰਤਾਵਾਂ ਨੂੰ ਤੰਗ ਪ੍ਰੇਸ਼ਾਨ ਕਰਨਾ ਬੰਦ ਕਰਨ ਦੇ ਹੁਕਮ ਦਿਤੇ।

## ਅਮਰੀਕਾ 'ਚ ਵ੍ਹਾਈਟ...

ਹਾਲਤ ਵਿੱਚ ਹਨ ਅਤੇ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਗੋਲੀਬਾਰੀ ਤੋਂ ਬਾਅਦ, ਟਰੰਪ ਪ੍ਰਸ਼ਾਸਨ ਨੇ ਤੁਰੰਤ 500 ਹੋਰ ਨੈਸ਼ਨਲ ਗਾਰਡ ਮੈਂਬਰਾਂ ਨੂੰ ਵਾਸ਼ਿੰਗਟਨ ਭੇਜਣ ਦਾ ਹੁਕਮ ਦਿੱਤਾ ਹੈ। ਰੱਖਿਆ ਸਕੱਤਰ ਪੀਟ ਹੇਗਸੇਥ ਨੇ ਕਿਹਾ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੇ ਉਨ੍ਹਾਂ ਨੂੰ ਵਾਧੂ ਫੌਜੀ ਭੇਜਣ ਲਈ ਕਿਹਾ ਸੀ।

ਨਿਆਂ ਵਿਭਾਗ ਦੇ ਇੱਕ ਅਧਿਕਾਰੀ, ਜਿਸ ਨੇ ਆਪਣਾ ਨਾਮ ਗੁਪਤ ਰੱਖਿਆ, ਮੁਤਾਬਕ ਸੰਘੀ ਤਫ਼ਤੀਸ਼ਕਾਰਾਂ ਨੇ ਵ੍ਹਾਈਟ ਹਾਊਸ ਨੇੜੇ ਗੋਲੀਬਾਰੀ ਕਰਨ ਵਾਲੇ ਮਸ਼ਕੂਕ ਦੀ ਪਛਾਣ ਰਹਿਮਾਨਉੱਲਾ ਲਾਕਨਵਾਲ ਵਜੋਂ ਕੀਤੀ ਹੈ, ਜੋ ਕਿ ਵਾਸ਼ਿੰਗਟਨ ਵਿੱਚ ਰਹਿਣ ਵਾਲਾ 29 ਸਾਲਾ ਅਫ਼ਗਾਨ ਨਾਗਰਿਕ ਹੈ। ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੇ ਕਿਹਾ ਕਿ ਇਸ ਘਟਨਾ ਦੀ ਜਾਂਚ ਅਤਿਵਾਦੀ ਹਮਲੇ ਵਜੋਂ ਕੀਤੀ ਜਾ ਰਹੀ ਹੈ। ਲਾਕਨਵਾਲ 2021 ਵਿੱਚ ਅਫ਼ਗਾਨ ਨਾਗਰਿਕਾਂ ਲਈ ਇੱਕ ਵਿਸ਼ੇਸ਼ ਵੀਜ਼ਾ ਪ੍ਰੋਗਰਾਮ ਤਹਿਤ ਅਮਰੀਕਾ ਵਿੱਚ ਦਾਖਲ ਹੋਇਆ ਸੀ। ਅਧਿਕਾਰੀ ਨੇ ਕਿਹਾ ਕਿ ਉਹ ਹੁਣ ਆਪਣੇ ਵੀਜ਼ੇ ਦੀ ਮਿਆਦ ਪੁੱਗਣ ਤੋਂ ਬਾਅਦ ਦੇਸ਼ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਿਹਾ ਸੀ। ਅਮਰੀਕੀ ਰਾਜਧਾਨੀ ਵਿੱਚ ਨੈਸ਼ਨਲ ਗਾਰਡ ਦੀ ਮੌਜੂਦਗੀ ਮਹੀਨਿਆਂ ਤੋਂ ਵਿਵਾਦ ਦਾ ਵਿਸ਼ਾ ਬਣੀ ਹੋਈ ਹੈ, ਜਿਸ ਕਾਰਨ ਅਦਾਲਤਾਂ ਵਿੱਚ ਕਾਨੂੰਨੀ ਲੜਾਈਆਂ ਅਤੇ ਜਨਤਕ ਨੀਤੀ 'ਤੇ ਵਿਆਪਕ ਬਹਿਸ ਜਾਰੀ ਹੈ। ਇਹ ਵਿਵਾਦ ਰਾਸ਼ਟਰਪਤੀ ਡੋਨਲਡ ਟਰੰਪ ਦੇ ਪ੍ਰਸ਼ਾਸਨ ਵੱਲੋਂ ਵਧ ਰਹੇ ਅਪਰਾਧ ਨੂੰ ਰੋਕਣ ਲਈ ਫੌਜ ਦੀ ਵਰਤੋਂ ਨਾਲ ਜੁੜਿਆ ਹੋਇਆ ਹੈ। ਵਾਸ਼ਿੰਗਟਨ ਪੁਲੀਸ ਦੇ ਕਾਰਜਕਾਰੀ ਸਹਾਇਕ ਮੁਖੀ ਜੈਫਰੀ ਕੈਰੋਲ ਨੇ ਕਿਹਾ ਕਿ ਤਫ਼ਤੀਸ਼ਕਾਰਾਂ ਨੇ ਅਜੇ ਤੱਕ ਹਮਲੇ ਪਿਛਲੇ ਮੰਤਵ ਦਾ ਪਤਾ ਨਹੀਂ ਲਗਾਇਆ ਹੈ। ਉਨ੍ਹਾਂ ਕਿਹਾ ਕਿ ਹਮਲਾਵਰ 'ਇੱਕ ਮੋੜ 'ਤੇ ਆਇਆ' ਅਤੇ ਵੀਡੀਓ ਫੁਟੇਜ ਅਨੁਸਾਰ ਨੈਸ਼ਨਲ ਗਾਰਡਾਂ ਨੂੰ ਦੇਖ ਕੇ ਗੋਲੀਬਾਰੀ ਕਰ ਦਿੱਤੀ। ਪੱਛਮੀ ਵਰਜੀਨੀਆ ਦੇ ਗਵਰਨਰ ਪੈਟ੍ਰਿਕ ਮੋਰੀਸੀ ਨੇ ਸ਼ੁਰੂ ਵਿੱਚ ਕਿਹਾ ਸੀ ਕਿ ਗਾਰਡਾਂ ਦੀ ਮੌਤ ਹੋ ਗਈ ਹੈ, ਪਰ ਬਾਅਦ ਵਿੱਚ ਆਪਣਾ ਬਿਆਨ ਵਾਪਸ ਲੈ ਲਿਆ। ਐਨਫੋਰਸਮੈਂਟ ਏਜੰਸੀਆਂ ਨਾਲ ਜੁੜੇ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਕਿਹਾ ਕਿ ਪੁਲੀਸ ਹਿਰਾਸਤ ਵਿੱਚ ਲਏ ਗਏ ਮਸ਼ਕੂਕ ਨੂੰ ਵੀ ਗੋਲੀ ਲੱਗੀ ਹੈ ਪਰ ਉਸ ਦੀਆਂ ਸੱਟਾਂ ਜਾਨਲੇਵਾ ਨਹੀਂ ਸਨ।

## ਹਮਲਾਵਰ ਨੂੰ ਚੁਕਾਉਣੀ...

ਉਸ ਨੂੰ ਇਸ ਦੀ ਵੱਡੀ ਕੀਮਤ ਚੁਕਾਉਣੀ ਪਵੇਗੀ। ਦੱਸ ਦਈਏ ਕਿ ਇਸ ਹਮਲੇ ਪਿੱਛੇ ਫਿਲਹਾਲ ਇਕ ਹਮਲਾਵਰ ਦੱਸਿਆ ਜਾ ਰਿਹਾ ਹੈ। ਉਨ੍ਹਾਂ ਅੱਗੇ ਲਿਖਿਆ ਕਿ ਰੱਬ ਸਾਡੇ ਮਹਾਨ ਨੈਸ਼ਨਲ ਗਾਰਡ, ਪੂਰੀ ਫ਼ੌਜ ਅਤੇ ਕਾਨੂੰਨ ਵਿਵਸਥਾ ਨਾਲ ਜੁੜੇ ਸਾਰੇ ਲੋਕਾਂ ਦਾ ਭਲਾ ਕਰੇ। ਇਹ ਸੱਚਮੁੱਚ ਮਹਾਨ ਲੋਕ ਹਨ। ਮੈਂ, ਸੰਯੁਕਤ ਰਾਜ ਦੇ ਰਾਸ਼ਟਰਪਤੀ ਵਜੋਂ ਅਤੇ ਰਾਸ਼ਟਰਪਤੀ ਅਹੁਦੇ ਨਾਲ ਜੁੜੇ ਸਾਰੇ ਵਿਅਕਤੀ ਤੁਹਾਡੇ ਨਾਲ ਖੜ੍ਹੇ ਹਨ। ਦੱਸ ਦੇਈਏ ਕਿ ਵਾਸ਼ਿੰਗਟਨ ਡੀ.ਸੀ. ਵਿਚ ਵ੍ਹਾਈਟ ਹਾਊਸ ਨੇੜੇ ਗੋਲੀਬਾਰੀ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰਾਜਧਾਨੀ ਵਿਚ 500 ਵਾਧੂ ਨੈਸ਼ਨਲ ਗਾਰਡ ਸੈਨਿਕ ਤਾਇਨਾਤ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਜਾਣਕਾਰੀ ਅਮਰੀਕੀ ਰੱਖਿਆ ਸਕੱਤਰ ਪੀਟ ਹੇਗਸੇਥ ਨੇ ਦਿੱਤੀ। ਹੇਗਸੇਥ ਨੇ ਕਿਹਾ ਕਿ ਉਨ੍ਹਾਂ ਨੂੰ ਸੱਭ ਤੋਂ ਪਹਿਲਾਂ ਇਹ ਜਾਣਕਾਰੀ ਮਿਲੀ ਸੀ ਕਿ ਦੋ ਨੈਸ਼ਨਲ ਗਾਰਡ ਸੈਨਿਕਾਂ ਨੂੰ ਗੋਲੀ ਮਾਰੀ ਗਈ ਹੈ ਅਤੇ ਉਹ ਗੰਭੀਰ ਹਾਲਤ ਵਿਚ ਹਨ। ਉਨ੍ਹਾਂ ਨੇ ਇਸ ਹਮਲੇ ਨੂੰ ਜਾਣਬੁੱਝ ਕੇ ਕੀਤਾ ਗਿਆ ਅਤੇ ਕਾਇਰਤਾਪੂਰਨ ਕਾਰਵਾਈ ਦੱਸਿਆ। ਜਾਣਕਾਰੀ ਅਨੁਸਾਰ ਘਟਨਾ ਦੇ ਸਮੇਂ ਰਾਸ਼ਟਰਪਤੀ ਡੋਨਾਲਡ ਟਰੰਪ ਵੈਸਟ ਪਾਮ ਬੀਚ ਵਿਖੇ ਆਪਣੇ ਗੋਲਫ ਕੋਰਸ 'ਤੇ ਸਨ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲੀਨ ਲੇਵਿਟ ਨੇ ਕਿਹਾ ਕਿ ਵ੍ਹਾਈਟ ਹਾਊਸ ਇਸ ਦੁਖਦਾਈ ਘਟਨਾ ਦੀ ਨਿਗਰਾਨੀ ਕਰ ਰਿਹਾ ਹੈ। ਰਾਸ਼ਟਰਪਤੀ ਨੂੰ ਇਸ ਬਾਰੇ ਜਾਣਕਾਰੀ ਦੇ ਦਿੱਤੀ ਗਈ ਹੈ।

## ਫਾਜ਼ਿਲਕਾ ਵਿੱਚ ਵਾਪਰਿਆ ਭਿਆਨਕ ਸੜਕ ਹਾਦਸਾ, 2 ਮੌਤਾਂ,15 ਯਾਤਰੀ ਜ਼ਖ਼ਮੀ

ਫਾਜ਼ਿਲਕਾ: ਫਾਜ਼ਿਲਕਾ-ਮਲੋਟ ਰੋਡ 'ਤੇ ਟਾਹਲੀਵਾਲਾ ਪਿੰਡ ਨੇੜੇ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ। ਦੱਸਿਆ ਜਾ ਰਿਹਾ ਹੈ ਕਿ ਇੱਕ ਬੱਸ ਅਤੇ ਇੱਕ ਕੈਂਟਰ ਦੀ ਆਹਮੋ-ਸਾਹਮਣੇ ਟੱਕਰ ਹੋ ਗਈ। ਇਸ ਹਾਦਸੇ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ, ਜਦੋਂ ਕਿ ਬੱਸ ਵਿੱਚ ਸਵਾਰ ਲਗਭਗ 40 ਯਾਤਰੀਆਂ ਵਿੱਚੋਂ 15 ਜ਼ਖਮੀ ਹੋ ਗਏ ਅਤੇ ਉਨ੍ਹਾਂ ਨੂੰ ਇਲਾਜ ਲਈ ਫਾਜ਼ਿਲਕਾ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਇਸ ਜਾਣਕਾਰੀ ਦਾ ਖੁਲਾਸਾ ਕਰਦੇ ਹੋਏ, ਫਾਜ਼ਿਲਕਾ ਸਰਕਾਰੀ ਹਸਪਤਾਲ ਪਹੁੰਚੇ ਅਰਨੀਵਾਲਾ ਪੁਲਿਸ ਸਟੇਸ਼ਨ ਦੇ ਇੱਕ ਪੁਲਿਸ ਅਧਿਕਾਰੀ ਮਲਕੀਤ ਸਿੰਘ ਨੇ ਦੱਸਿਆ ਕਿ ਟਾਹਲੀਵਾਲਾ ਨੇੜੇ ਇੱਕ ਸਰਕਾਰੀ ਬੱਸ ਅਤੇ ਇੱਕ ਕੈਂਟਰ ਦੀ ਆਹਮੋ-ਸਾਹਮਣੇ ਟੱਕਰ ਹੋ ਗਈ। ਹਾਦਸਾ ਇੰਨਾ ਗੰਭੀਰ ਸੀ ਕਿ ਹਾਦਸੇ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ, ਜਦੋਂ ਕਿ ਬੱਸ ਵਿੱਚ ਸਵਾਰ 15 ਯਾਤਰੀ ਜ਼ਖਮੀ ਹੋ ਗਏ। ਉਨ੍ਹਾਂ ਨੂੰ ਵੱਖ-ਵੱਖ ਵਾਹਨਾਂ ਦੀ ਵਰਤੋਂ ਕਰਕੇ ਇਲਾਜ ਲਈ ਫਾਜ਼ਿਲਕਾ ਸਰਕਾਰੀ ਹਸਪਤਾਲ ਲਿਜਾਇਆ ਜਾ ਰਿਹਾ ਹੈ।

# ਸ੍ਰੀ ਆਨੰਦਪੁਰ ਸਾਹਿਬ 'ਚ ਬਣੇਗੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂ 'ਤੇ ਯੂਨੀਵਰਸਿਟੀ : CM ਮਾਨ

## ਮੁੱਖ ਮੰਤਰੀ ਭਗਵੰਤ ਮਾਨ ਨੇ ਹੋਰ ਕਿਹੜੇ ਕਿਹੜੇ ਕੀਤੇ ਐਲਾਨ



ਸ੍ਰੀ ਆਨੰਦਪੁਰ ਸਾਹਿਬ : ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਸ੍ਰੀ ਆਨੰਦਪੁਰ ਸਾਹਿਬ ਵਿਖੇ ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਕਈ ਮਹੱਤਵਪੂਰਨ ਐਲਾਨ ਕੀਤੇ ਹਨ। ਉਨ੍ਹਾਂ ਐਲਾਨ ਕੀਤਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਮ 'ਤੇ ਇੱਕ ਵਿਸ਼ਵ ਪੱਧਰੀ ਯੂਨੀਵਰਸਿਟੀ ਬਣਾਈ ਜਾਵੇਗੀ। ਅੰਮ੍ਰਿਤਸਰ ਸਾਹਿਬ, ਤਲਵੰਡੀ ਸਾਬੋ ਅਤੇ ਸ੍ਰੀ ਆਨੰਦਪੁਰ ਸਾਹਿਬ ਵਿੱਚ ਸ਼ਰਧਾਲੂਆਂ ਲਈ ਪੂਰੀ ਤਰ੍ਹਾਂ ਮੁਫ਼ਤ ਬੱਸ ਅਤੇ ਆਟੋ ਸੇਵਾਵਾਂ ਚਲਾਈਆਂ ਜਾਣਗੀਆਂ, ਜਿਸ ਦਾ ਸਾਰਾ ਖਰਚਾ ਸਰਕਾਰ ਵੱਲੋਂ ਚੁੱਕਿਆ ਜਾਵੇਗਾ।

ਇਕ ਵੱਡਾ ਐਲਾਨ ਕਰਦਿਆਂ ਸੀਐਮ ਮਾਨ ਨੇ ਕਿਹਾ ਕਿ ਸ੍ਰੀ ਆਨੰਦਪੁਰ ਸਾਹਿਬ ਵਿੱਚ ਇੱਕ ਨਵੀਂ ਵਿਰਾਸਤੀ ਗਲੀ (ਹੇਰਿਟੇਜ ਸਟਰੀਟ) ਵਿਕਸਤ ਕੀਤੀ ਜਾਵੇਗੀ ਜੋ ਸ਼ਹਿਰ ਦੇ ਸੱਭਿਆਚਾਰ ਅਤੇ ਇਤਿਹਾਸਕ ਮਹੱਤਵ ਨੂੰ ਦਰਸਾਏਗੀ ਅਤੇ ਨਾਲ ਹੀ ਆਧੁਨਿਕ ਸਹੂਲਤਾਂ ਵੀ ਪ੍ਰਦਾਨ ਕਰੇਗੀ। ਇਸਦਾ ਉਦੇਸ਼ ਇਸ ਪਵਿੱਤਰ ਸ਼ਹਿਰ ਦੀ ਵਿਰਾਸਤ, ਸੱਭਿਆਚਾਰ ਅਤੇ ਇਤਿਹਾਸਕ ਮਹੱਤਤਾ ਨੂੰ ਆਧੁਨਿਕ ਸਹੂਲਤਾਂ ਨਾਲ ਇੱਕ ਆਕਰਸ਼ਕ ਅਤੇ ਆਰਾਮਦਾਇਕ ਤਰੀਕੇ ਨਾਲ ਜੋੜਨਾ ਹੈ। ਇਹ ਪ੍ਰੋਜੈਕਟ ਸ਼ਹਿਰ ਵਿੱਚ ਧਾਰਮਿਕ ਸੈਰ-ਸਪਾਟੇ ਨੂੰ ਵੀ ਹੁਲਾਰਾ ਦੇਵੇਗਾ। ਸ਼ਹਿਰ ਵਿੱਚ ਸਰਕਾਰੀ ਦੁਕਾਨਾਂ ਨੂੰ ਇੱਕਸਾਰ ਦਿੱਖ ਵਿੱਚ ਵਿਕਸਤ ਕੀਤਾ ਜਾਵੇਗਾ। ਤਾਂ ਜੋ ਪੂਰੇ ਪਵਿੱਤਰ ਸ਼ਹਿਰ ਦਾ ਰੂਪ ਇਕਸਾਰ, ਆਕਰਸ਼ਕ ਅਤੇ ਵਿਰਾਸਤੀ ਥੀਮ ਦੇ ਅਨੁਸਾਰ ਦਿਖਾਈ ਦੇਵੇ।

ਉਨ੍ਹਾਂ ਅੱਗੇ ਕਿਹਾ ਕਿ ਚਰਨ ਗੰਗਾ ਸਟੇਡੀਅਮ ਨੂੰ ਅਤਿ-ਆਧੁਨਿਕ ਸਹੂਲਤਾਂ ਨਾਲ ਅਪਗ੍ਰੇਡ ਕੀਤਾ ਜਾਵੇਗਾ ਤਾਂ ਜੋ ਆਉਣ ਵਾਲੇ ਧਾਰਮਿਕ/ਸੱਭਿਆਚਾਰਕ ਪ੍ਰੋਗਰਾਮਾਂ ਅਤੇ ਖੇਡ ਗਤੀਵਿਧੀਆਂ ਨੂੰ ਆਧੁਨਿਕ ਪੱਧਰ 'ਤੇ ਆਯੋਜਿਤ ਕੀਤਾ ਜਾ ਸਕੇ।

ਇਸ ਮੌਕੇ ਆਪਣੇ ਸੰਬੋਧਨ ਵਿੱਚ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ "ਸ਼ਤਾਬਦੀ ਸਮਾਰੋਹਾਂ ਦੌਰਾਨ, ਪੂਰੇ ਸ੍ਰੀ ਆਨੰਦਪੁਰ ਸਾਹਿਬ ਦੀ ਇੰਨੀ ਚੰਗੀ ਤਰ੍ਹਾਂ ਸਫਾਈ ਕੀਤੀ ਗਈ ਕਿ ਕੋਈ ਸਮੱਸਿਆ ਪੈਦਾ ਨਹੀਂ ਹੋਣ ਦਿੱਤੀ ਗਈ। ਪੰਜਾਬ ਸਰਕਾਰ ਵੱਲੋਂ ਡਰੋਨ ਸ਼ੋਅ ਸਮੇਤ ਕਈ ਪ੍ਰਬੰਧ ਕੀਤੇ ਗਏ। ਗੁਰੂ ਸਾਹਿਬ ਦਾ ਸਭ ਤੋਂ ਵੱਡਾ ਸੰਦੇਸ਼ ਸੀ ਇੱਕ ਓਂਕਾਰ। ਭਾਵ ਪਰਮਾਤਮਾ ਇੱਕ ਹੈ, ਪਰ ਉਸ ਤੱਕ ਪਹੁੰਚਣ ਦੇ ਰਸਤੇ ਬਹੁਤ ਸਾਰੇ ਹਨ। ਮੇਰਾ ਮੰਨਣਾ ਹੈ ਕਿ ਜੇ ਅਸੀਂ ਗੁਰੂ ਸਾਹਿਬ ਦੇ ਸੰਦੇਸ਼ ਨੂੰ ਸਿਰਫ ਇੱਕ ਹਫਤੇ ਲਈ ਜਾਂ ਸਿਰਫ 24 ਘੰਟੇ ਲਈ ਵੀ ਮੰਨੀਏ ਤਾਂ ਪੂਰੀ ਦੁਨੀਆ ਵਿੱਚ ਸ਼ਾਂਤੀ ਆ ਜਾਵੇਗੀ।"

## ਬਿਕਰਮ ਸਿੰਘ ਮਜੀਠੀਆ ਵਿਰੁੱਧ ਵਿਜੀਲੈਂਸ ਨੇ FIR 'ਚ ਧਾਰਾ 120B ਦਾ ਕੀਤਾ ਵਾਧਾ



ਮੋਹਾਲੀ : ਵਿਜੀਲੈਂਸ ਵਿਭਾਗ ਨੇ ਪੰਜਾਬ ਦੇ ਸਾਬਕਾ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਦੇ ਮਾਮਲੇ ਵਿੱਚ ਨਵੀਂ ਕਾਰਵਾਈ ਕੀਤੀ ਹੈ, ਜੋ ਇਸ ਸਮੇਂ ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿੱਚ ਜੇਲ ਵਿੱਚ ਹਨ। ਹੁਣ ਇਸ ਮਾਮਲੇ ਵਿੱਚ ਮਜੀਠੀਆ ਵਿਰੁਧ ਦਰਜ ਐਫ਼.ਆਈ.ਆਰ ਵਿਹ ਧਾਰਾ 120ਭ ਲਾਗੂ ਕਰ ਦਿੱਤੀ ਗਈ ਹੈ। ਵਿਜੀਲੈਂਸ ਵਿਭਾਗ ਨੇ ਇਹ ਜਾਣਕਾਰੀ ਮੋਹਾਲੀ ਦੀ ਵਿਸ਼ੇਸ਼ ਅਦਾਲਤ ਨੂੰ ਦਿੱਤੀ ਹੈ। ਇਹ ਧਾਰਾ, ਜਿਸ ਨੂੰ ਅਪਰਾਧਿਕ ਸਾਜ਼ਿਸ਼ ਵੀ ਕਿਹਾ ਜਾਂਦਾ ਹੈ, ਦਾ ਨਾਮ ਪਹਿਲਾਂ ਹੀ ਦਰਜ ਕੀਤਾ ਜਾ ਚੁੱਕਾ ਹੈ। ਇਸ ਦੌਰਾਨ, ਮਜੀਠੀਆ ਦੇ ਸਾਲੇ, ਗਜਪਤ ਸਿੰਘ ਗਰੇਵਾਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਵਿਜੀਲੈਂਸ ਵਿਭਾਗ ਨੇ ਉਨ੍ਹਾਂ ਵਿਰੁੱਧ 29 ਨਵੰਬਰ ਤੱਕ ਗ੍ਰਿਫ਼ਤਾਰੀ ਵਾਰੰਟ ਪ੍ਰਾਪਤ ਕਰ ਲਿਆ ਹੈ। ਪੰਜਾਬ ਸਰਕਾਰ ਨੇ ਪਿਛਲੇ ਮਹੀਨੇ ਹੋਈ ਕੈਬਨਿਟ ਮੀਟਿੰਗ ਵਿੱਚ ਮਾਮਲੇ ਦੀ ਪੈਰਵੀ ਨੂੰ ਮਨਜ਼ੂਰੀ ਦੇ ਦਿੱਤੀ ਸੀ। ਹਾਲਾਂਕਿ, ਅਜੇ ਤੱਕ ਦੋਸ਼ ਤੈਅ ਨਹੀਂ ਕੀਤੇ ਗਏ ਹਨ। ਉਮੀਦ ਕੀਤੀ ਜਾ ਰਹੀ ਹੈ ਕਿ 10 ਦਸੰਬਰ ਨੂੰ ਹੋਣ ਵਾਲੀ ਸੁਣਵਾਈ ਵਿੱਚ ਦੋਸ਼ ਤੈਅ ਕੀਤੇ ਜਾਣਗੇ। ਮਜੀਠੀਆ ਦੇ ਵਕੀਲ ਵਿਜੀਲੈਂਸ ਵਿਭਾਗ ਵੱਲੋਂ ਪੇਸ਼ ਕੀਤੇ ਗਏ ਚਲਾਨ 'ਤੇ ਬਹਿਸ ਕਰਨਗੇ। ਬਿਕਰਮ ਸਿੰਘ ਮਜੀਠੀਆ ਦੀ ਜ਼ਮਾਨਤ 'ਤੇ ਫ਼ੈਸਲਾ ਕਿਸੇ ਵੀ ਸਮੇਂ ਆ ਸਕਦਾ ਹੈ, ਕਿਉਂਕਿ ਅਦਾਲਤ ਦੀ ਸੁਣਵਾਈ ਖ਼ਤਮ ਹੋ ਗਈ ਹੈ। ਅਦਾਲਤ ਨੇ ਆਪਣਾ ਫ਼ੈਸਲਾ ਰਾਖਵਾਂ ਰੱਖ ਲਿਆ ਹੈ, ਜਿਸ ਦਾ ਐਲਾਨ ਕਿਸੇ ਵੀ ਸਮੇਂ ਕੀਤਾ ਜਾ ਸਕਦਾ ਹੈ। ਜ਼ਮਾਨਤ ਪਟੀਸ਼ਨ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਲਗਭਗ 15 ਦਿਨਾਂ ਤੋਂ ਵਿਆਪਕ ਬਹਿਸ ਹੋ ਰਹੀ ਹੈ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia
# M08006400
Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre



Best Bargain
Carpet & Flooring
Residential - Commercial - Industrial
Sale & Custom Installation done by Professionals
5 Year Installation Warranty on all Carpets & Flooring
LAUZON Distinctive Hardwood Flooring
PEERLESS
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service
WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21 Mississauga, ON L5S 0A2
Email:- best_bargain@hotmail.com
Gurpreet Singh



BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ, ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installation
CAT Batteries 1000c Under Warranty
$550
Installation Included
MICHELIN BFGoodrich DUNLOP GOODYEAR Hankook Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# 'ਫ਼ਲੀਟ ਐੱਗਜ਼ੈੱਕਟਿਵ ਸੰਮਿਟ ਟੋਰਾਂਟੋ-2025' ਵਿੱਚ ਟਰੱਕਿੰਗ ਇੰਡਸਟਰੀ ਤੇ ਡਰਾਈਵਰਾਂ ਦੀਆਂ ਮੁਸ਼ਕਿਲਾਂ ਬਾਰੇ ਹੋਇਆ ਗੰਭੀਰ ਵਿਚਾਰ-ਵਟਾਂਦਰਾ



ਬਰੈਂਪਟਨ, (ਡਾ. ਝੰਡ) – ਲੰਘੇ ਮੰਗਲਵਾਰ 25 ਨਵੰਬਰ ਨੂੰ 'ਲਾਇਨ-ਹੈੱਡ ਗੌਲਫ਼ ਕਲੱਬ ਐਂਡ ਕਾਨਫ਼ਰੰਸ ਸੈਂਟਰ' ਵਿਖੇ 'ਫ਼ਲੀਟ ਐੱਗਜ਼ੈੱਕਟਿਵ ਸੰਮਿਟ ਟੋਰਾਂਟੋ-2025' ਆਯੋਜਿਤ ਕੀਤਾ ਗਿਆ। ਇਸ ਵਿੱਚ ਟਰੱਕਿੰਗ ਅਤੇ ਇਨਸ਼ੋਅਰੈਨਸ ਇੰਡਸਟਰੀ ਨਾਲ ਸਬੰਧਿਤ ਕੰਪਨੀਆਂ ਦੇ ਲੱਗਭੱਗ 200 ਉੱਚ-ਅਧਿਕਾਰੀਆਂ ਨੇ ਭਾਗ ਲਿਆ। ਇਸ ਇੱਕ-ਦਿਨਾਂ ਸੰਮਿਟ ਵਿੱਚ ਟਰੱਕਿੰਗ ਇੰਡਸਟਰੀ ਅਤੇ ਡਰਾਈਵਰਾਂ ਨੂੰ ਦਰਪੇਸ਼ ਮੁਸ਼ਕਲਾਂ ਅਤੇ ਉਨ੍ਹਾਂ ਦੇ ਹੱਲ ਬਾਰੇ ਵੱਖ-ਵੱਖ ਪੈਨਲਾਂ ਵਿਚ ਗੰਭੀਰ ਵਿਚਾਰ-ਵਟਾਂਦਰਾ ਕੀਤਾ ਗਿਆ। ਸਵੇਰੇ 8.30 ਵਜੇ ਆਰੰਭ ਹੋਈ ਇਸ ਕਾਨਫ਼ਰੰਸ ਵਿੱਚ 'ਮਾਸਟਰ ਆਫ਼ ਸੈਰੀਮਨੀਜ਼' ਜੇਕ ਧੀਰ ਵੱਲੋਂ ਕਹੇ ਗਏ ਮੁੱਢਲੇ ਸੁਆਗਤੀ ਸ਼ਬਦਾਂਤੋਂ ਬਾਅਦ 'ਰਾਇਲ ਬੈਂਕ ਆਫ਼ ਕੈਨੇਡਾ' ਦੇ ਸੀਨੀਅਰ ਇਕੌਨੋਮਿਸਟ ਕਲੇਅਰ ਫੈਨ ਵੱਲੋਂ 'ਇਕਨਾਮਿਕ ਟਰੈਂਡਜ਼ ਐਂਡ ਟਰੱਕਿੰਗ' ਵਿਸ਼ੇ 'ਤੇ ਮੁੱਖ-ਭਾਸ਼ਨ ਦਿੱਤਾ ਗਿਆ। ਉਪਰੰਤ, 'ਹੰਟਰ ਐਕਸਪਰੈੱਸ ਲਿਮਿਟਿਡ' ਦੇ ਚੀਫ਼ ਫ਼ਾਈਨੈਂਸ਼ੀਅਲ ਅਫ਼ਸਰ, ਦਵਿੰਦਰ ਨਿੱਜਰ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਲਾਏ ਗਏ ਵੱਖ-ਵੱਖ ਟੈਰਿਫ਼ਾਂ ਦਾ ਟਰੱਕਿੰਗ ਇੰਡਸਟਰੀ ਉੱਪਰ ਪਏ ਮਾੜੇ ਪ੍ਰਭਾਵ ਬਾਰੇ ਅਸਰਦਾਰ ਕੁੰਜੀਵੱਤ-ਭਾਸ਼ਨ 'ਟਰੰਪ ਇੰਪੈਕਟ ਆਨ ਟਰੱਕਿੰਗ' ਦਿੱਤਾ ਅਤੇ ਇਸਦੇ ਨਾਲ ਹੀ 'ਟਰੱਕਲੋਡ ਕੈਰੀਅਰਜ਼ ਐਸੋਸਿਏਸ਼ਨ' ਦੇ ਵਾਈਸ-ਪ੍ਰੈਜ਼ੀਡੈਂਟ ਡੇਵਿਡ ਹੈੱਲਰ ਵੱਲੋ 'ਯੂ.ਐੱਸ.ਏ. ਕੰਪਲਾਇੰਸ ਐਂਡ ਰੈਗੂਲੇਟਰੀ ਅੱਪਡੇਟਸ' ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ।

ਇਸ ਤੋਂ ਬਾਅਦ 'ਪੈਨਲ-ਡਿਸਕਸ਼ਨਾਂ' ਦਾ ਦੌਰ ਸ਼ੁਰੂ ਹੋ ਗਿਆ। 'ਬੀਆਂਡ ਕੰਪਲਾਇੰਸ: ਬਿਲਡਿੰਗ ਏ ਕਲਚਰ ਆਫ਼ ਸੇਫ਼ਟੀ ਇਨ ਫ਼ਲੀਟ ਆਪਰੇਸ਼ਨਜ਼' ਵਿਸ਼ੇ ਉੱਪਰ ਪਹਿਲੇ ਸੈਸ਼ਨ ਦੇ ਪੈਨਲ-ਮਾਡਰੇਟਰ ਸਕਾਟ ਕੌਬਰ ਵੱਲੋਂ ਆਪਣੇ ਪੈਨਲਿਸਟਾਂ ਬਰੈਡਨ ਮੁਇਰ, ਜਿਔਫਰੀ ਜੌਸਫ਼, ਰੌਨ ਹੈਨਸਨ, ਮਿਲ ਪੈਰੇਆਲਟ ਅਤੇ ਰੌਬਟਰ ਜੇ. ਮੈਕਡੌਗਲ ਨਾਲ ਟਰੱਕਿੰਗ ਵਿੱਚ ਸੁਰੱਖਿਆ ਬਾਰੇ ਬਹੁਤ ਵਧੀਆ ਗੱਲਬਾਤ ਆਯੋਜਿਤ ਕੀਤੀ ਗਈ, ਜਿਸ ਵਿੱਚ ਟਰੱਕ ਡਰਾਈਵਰਾਂ ਦੀ ਸੁਰੱਖਿਆ ਦਾ ਵਿਸ਼ਾ ਮੁੱਖ ਤੌਰ 'ਤੇ ਉੱਭਰ ਕੇ ਆਇਆ। ਸਾਰੇ ਹੀ ਪੈਨਲਿਸਟਾਂ ਦਾ ਸਰਬਸੰਮਤੀ ਨਾਲ ਵਿਚਾਰ ਸੀ ਕਿ ਐਕਸੀਡੈਂਟਾਂ ਵਿੱਚ ਅਚਾਨਕ ਜਾਨ ਦੇਣ ਵਾਲੇ ਅਤੇ ਜ਼ਖ਼ਮੀ ਹੋਣ ਵਾਲੇ ਡਰਾਈਵਰਾਂ ਦੇ ਪਰਿਵਾਰਾਂ ਨੂੰ ਕੰਪਨੀਆਂ ਵੱਲੋਂ ਬਣਦੇ ਯੋਗ ਮੁਆਵਜ਼ੇ ਦਾ ਭੁਗਤਾਨ ਜਲਦੀ ਤੋਂ ਜਲਦੀ ਹੋਣਾ ਚਾਹੀਦਾ ਹੈ। ਦੁਪਹਿਰ ਦੇ ਖਾਣੇ ਦੀ ਬਰੇਕ ਤੋਂ ਬਾਅਦ ਦੂਸਰੇ ਸੈਸ਼ਨ 'ਟੱਫ਼ ਕਨਵਰਸੇਸ਼ਨਜ਼: ਸੇਫ਼ਟੀ, ਐਂਪਲਾਇਮੈਂਟ ਲਾਅ, ਐਂਡ ਅਕਾਊਂਟੇਬਿਲਿਟੀ' ਵਿੱਚ ਪੈਨਲ ਦੇ ਮਾਡਰੇਟਰ ਬਿਲ ਰੌਬਿਨਸਨ ਵੱਲੋਂ ਆਪਣੇ ਪੈਨਨਲਿਸਟਾਂ ਵਿਭੋਰ ਗੁਪਤਾ, ਮਾਈਕ ਮਿਲੀਅਨ, ਰਿਕ ਮੌਰਗਨ, ਮਾਈਕ ਪਰੈੱਸੋ, ਰਾਜਨ ਚੈਲੇਥ ਅਤੇ ਗੌਰਡਨ ਹੈਰਨ ਨਾਲ ਰਚਾਏ ਗਏ ਸੰਵਾਦ ਵਿੱਚ ਟਰੱਕਿੰਗ ਵਿੱਚ ਸੁਰੱਖਿਆ ਤੇ ਰੋਜ਼ਗਾਰ ਨਾਲ ਸਬੰਧਿਤ ਕਾਨੂੰਨਾਂ ਅਤੇ ਉਨ੍ਹਾਂ ਦੀ ਜੁਆਬਦੇਹੀ ਬਾਰੇ ਦਿਲਚਸਪ ਵਿਚਾਰ ਸਾਹਮਣੇ ਆਏ, ਜਿਨ੍ਹਾਂ ਵਿੱਚ ਡਰਾਈਵਰਾਂ ਦੀ ਸੁਰੱਖਿਆ ਸੱਭ ਤੋਂ ਅਹਿਮ ਸੀ।

ਅਗਲੇ ਦੋ ਪੈਨਲ-ਸੰਵਾਦ 'ਮੈਨੇਜਿੰਜ ਥਰੂ ਲੋਅ ਮਾਰਜਿਨਜ਼' ਅਤੇ 'ਫ਼ਲੀਟ ਰਿਲਆਇਬਿਲਿਟੀ ਥਰੂ ਪ੍ਰੀਡਿਕਟਿਵ ਐਂਡ ਪ੍ਰੀਵੈਂਟਿਵ ਮੇਨਟੀਨੈਂਸ' ਵਿਸ਼ਿਆਂ ਉੱਪਰ ਆਧਾਰਿਤ ਸਨ। ਇਨ੍ਹਾਂ ਵਿੱਚ ਭਾਗ ਲੈਣ ਵਾਲੇ ਪੈਨਲਾਂ ਦੇ ਮੈਂਬਰਾਂ ਵੱਲੋਂ ਵੀ ਇਨ੍ਹਾਂ ਦੋਹਾਂ ਵਿਸ਼ਿਆਂ 'ਤੇ ਗੰਭੀਰ ਵਿਚਾਰ-ਵਟਾਂਦਰਾ ਕੀਤਾ ਗਿਆ। ਦੋਹਾਂ ਪੈਨਲ-ਸੰਵਾਦਾਂ ਤੋਂ ਬਾਅਦ ਕਾਨਫ਼ਰੰਸ ਦੇ ਗੈੱਸਟ-ਸਪੀਕਰ 'ਨੈਸ਼ਨਲ ਕਾਰਪੋਰੇਟ ਅੰਡਰਰਾਈਟਿੰਗ' ਦੇ ਡਾਇਰੈੱਕਟਰ ਸੁਖਜੀਤ ਧਾਲੀਵਾਲ ਵੱਲੋਂ ਟਰੱਕਾਂ ਦੀ ਇਨਸ਼ੋਅਰੈਂਸ ਬਾਰੇ ਵਿਸਥਾਰ-ਪੂਰਵਕ ਪ੍ਰੈਜ਼ੈੱਨਟੇਸ਼ਨ ਦਿੱਤੀ ਗਈ। ਟਰੱਕਿੰਗ ਵਿੱਚ 'ਰਿਸਕ ਕੰਟਰੋਲ ਐਂਡ ਇਵੈਲਿਊਏਸ਼ਨ' ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਟਰੱਕਿੰਗ ਦੇ ਖ਼ੇਤਰ ਵਿੱਚ 'ਰਿਸਕ' ਤਾਂ ਹਮੇਸ਼ਾ ਹੀ ਬਣਿਆ ਰਹਿੰਦਾ ਹੈ ਅਤੇ ਟਰੱਕਾਂ ਦੇ ਐਕਸੀਡੈਂਟ ਹੋਣ ਦੀ ਸਥਿਤੀ ਵਿੱਚ ਇਸ ਦਾ ਸਹੀ ਮੁਲਾਂਕਣ ਹੋਣਾ ਬੜਾ ਜ਼ਰੂਰੀ ਹੈ। ਤਾਂ ਹੀ ਸਬੰਧਿਤ ਇਨਸ਼ੋਅਰੈਂਸ ਕੰਪਨੀ ਵੱਲੋਂ ਉਸ ਦੇ ਮੁਆਵਜ਼ੇ ਦਾ ਭੁਗਤਾਨ ਜਲਦੀ ਹੋ ਸਕਦਾ ਹੈ। ਆਪਣੇ ਸੰਬੋਧਨ ਵਿੱਚ ਉਨ੍ਹਾਂ ਵੱਲੋਂ 'ਬਿਲਟ-ਇਨ ਰਿਸਕ ਕੰਟਰੋਲ ਸੁਪੋਰਟ ਸਿਸਟਮ' ਦੀ ਵਕਾਲਤ ਕੀਤੀ ਗਈ। ਉਨ੍ਹਾਂ ਹੋਰ ਕਿਹਾ ਕਿ ਡਰਾਈਵਰਾਂ ਦੇ ਵਿਹਾਰ ਅਤੇ ਰਵੱਈਏ ਨੂੰ ਸਹੀ ਤਰ੍ਹਾਂ ਸਮਝਣ ਨਾਲ ਟਰੱਕਿੰਗ ਕੰਪਨੀਆਂ ਵੱਲੋਂ ਕੀਤੇ ਜਾਣ ਵਾਲੇ ਖ਼ਰਚਿਆਂ ਵਿੱਚ 10% ਤੱਕ ਬੱਚਤ ਕੀਤੀ ਜਾ ਸਕਦੀ ਹੈ। ਸੰਮਿਟ ਦੇ ਆਖ਼ਰੀ ਸੈਸ਼ਨ 'ਫ਼ਲੀਟ ਆਪਰੇਸ਼ਨਲ ਚੈਲਿੰਜਿਜ਼' ਵਿੱਚ ਟਰੱਕਿੰਗ ਇੰਸਟਰੀ ਨੂੰ ਦਰਪੇਸ਼ ਚੁਣੌਤੀਆਂ ਬਾਰੇ ਭਰਪੂਰ ਗੱਲਬਾਤ ਹੋਈ। ਪੈਨਲ ਦੇ ਮਾਡਰੇਟਰ ਮਾਰਕ ਮੈਕੈਂਡਰੀ ਵੱਲੋਂ ਆਪਣੇ ਪੈਨਲਿਸਟਾਂ ਨਾਲ ਬਹਿਸ ਦੌਰਾਨ ਟਰੱਕਿੰਗ ਬਾਰੇ ਕਈ 'ਮਹੱਤਵਪੂਰਨ ਚੁਣੌਤੀਆਂ' ਸਰੋਤਿਆਂ ਦੇ ਸਾਹਮਣੇ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਟਰੱਕਿੰਗ ਕੰਪਨੀਆਂ ਵਿੱਚ 'ਪ੍ਰੋਫ਼ੈਸ਼ਨਲੀ-ਟਰੈਂਡ' ਡਰਾਈਵਰਾਂ ਦੀ ਘਾਟ, ਡਰਾਈਵਰਾਂ ਵਿੱਚ ਅੰਗਰੇਜ਼ੀ ਬੋਲਣ ਦੀ ਮੁਹਾਰਤ ਨਾ ਹੋਣ ਕਰਕੇ ਅਮਰੀਕਾ ਨੂੰ ਜਾਣ ਵਾਲੇ ਡਰਾਈਵਰਾਂ ਦੇ ਡਰਾਈਵਿੰਗ ਲਾਇਸੈਂਸ ਰੱਦ ਹੋਣ, 'ਸ਼ਿੱਪਿੰਗ' ਦੀਆਂ ਮੁਸ਼ਕਲਾਂ, 'ਬਰੋਕਰਾਂ' ਵੱਲੋਂ ਕੰਪਨੀਆਂ ਨੂੰ ਲੋਡਜ਼ ਦੇ ਪੈਸੇ ਘੱਟ ਦੇਣ ਅਤੇ ਕਈ ਕੇਸਾਂ ਵਿੱਚ ਡਰਾਈਵਰਾਂ ਦੀਆਂ ਤਨਖ਼ਾਹਾਂ ਮਾਰੇ ਜਾਣਾ, ਆਦਿ ਪ੍ਰਮੁੱਖ ਸਨ। ਪੈਨਲਿਸਟਾਂ ਦਾ ਵਿਚਾਰ ਸੀ ਕਿ ਡਰਾਈਵਰਾਂ ਨੂੰ ਘੱਟੋ-ਘੱਟ ਤਨਖ਼ਾਹਾਂ 'ਮਿਨੀਮਮ ਵੇਜਜ਼' ਉੱਪਰ ਨਹੀਂ, ਸਗੋਂ ਉਨ੍ਹਾਂ ਦੀ ਲਿਆਕਤ, ਤਜਰਬੇ, ਰਵੱਈਏ ਅਤੇ ਚੰਗੇ ਵਿਹਾਰ ਅਨੁਸਾਰ ਉਚੇਰੀਆਂ ਤਨਖ਼ਾਹਾਂ ਦੇਣੀਆਂ ਚਾਹੀਦੀਆਂ ਹਨ। ਸੰਮਿਟ ਦੇ ਅਖ਼ੀਰ ਵਿੱਚ ਇਸ ਦੇ ਆਯੋਜਿਤ ਕਰਨ ਵਾਲੇ ਆਯੋਜਕਾਂ ਨਵੀਨ ਨਵ ਅਤੇ ਹਰਮਨਜੀਤ ਝੰਡ ਵੱਲੋਂ ਇਸ ਵਿੱਚ ਸ਼ਾਮਲ ਹੋਣ ਵਾਲੇ ਸਮੂਹ ਬੁਲਾਰਿਆਂ ਅਤੇ ਸਰੋਤਿਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਉਨ੍ਹਾਂ ਵੱਲੋਂ ਇਸ ਈਵੈਂਟ ਦੇ ਸਪਾਂਸਰਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ, ਜਿਸ ਦੀ ਬਦੌਲਤ ਇਹ ਸੰਮਿਟ ਸਫ਼ਲਤਾ-ਪੂਰਵਕ ਸੰਪੰਨ ਹੋਇਆ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਅਗਲਾ ਫ਼ਲੀਟ ਐੱਗਜ਼ੈੱਕਟਿਵ ਸੰਮਿਟ ਟੋਰਾਂਟੋ-2026' 24 ਨਵੰਬਰ 2026 ਨੂੰ ਕਰਨ ਦਾ ਵੀ ਐਲਾਨ ਕੀਤਾ ਗਿਆ।

# ਆਰਜ਼ੀ ਵਿਦੇਸ਼ੀ ਕਾਮਿਆਂ ਨਾਲ ਗੁਲਾਮਾਂ ਵਾਲਾ ਸਲੂਕ

## * ਕੈਨੇਡੀਅਨ ਪੀਜ਼ਾ ਰੈਸਟੋਰੈਂਟ ਨੂੰ 1.26 ਲੱਖ ਡਾਲਰ ਜੁਰਮਾਨਾ
## * ਨੋਵਾ ਸਕੋਸ਼ੀਆ ਵਿਚ ਫਰੈਡੀਜ਼ ਪੀਜ਼ਾ ਵਿਰੁੱਧ ਕਾਰਵਾਈ

ਹੈਲੀਫੈਕਸ : ਟੈਂਪਰੇਰੀ ਫੌਰਨ ਵਰਕਰ ਪ੍ਰੋਗਰਾਮ ਦੇ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਨੋਵਾ ਸਕੋਸ਼ੀਆ ਦੇ ਇਕ ਪੀਜ਼ਾ ਰੈਸਟੋਰੈਂਟ ਨੂੰ 1 ਲੱਖ 26 ਹਜ਼ਾਰ ਡਾਲਰ ਜੁਰਮਾਨਾ ਕੀਤਾ ਗਿਆ ਹੈ ਅਤੇ ਦੋ ਸਾਲ ਵਾਸਤੇ ਆਰਜ਼ੀ ਵਿਦੇਸ਼ੀ ਕਾਮਿਆਂ ਦੀ ਭਰਤੀ 'ਤੇ ਰੋਕ ਵੀ ਲਾਈ ਗਈ ਹੈ। ਕੈਨੇਡਾ ਸਰਕਾਰ ਵੱਲੋਂ ਜਾਰੀ ਹੁਕਮਾਂ ਮੁਤਾਬਕ ਫਰੈਡੀਜ਼ ਪੀਜ਼ਾ ਜਿਸ ਦਾ ਕਾਨੂੰਨੀ ਕਾਰੋਬਾਰੀ ਨਾਂ ਐਮਹਰਸਟ ਪੀਜ਼ਾ ਐਂਡ ਡੌਨਏਅਰ ਲਿਮ. ਹੈ, ਵੱਲੋਂ ਨਿਯਮਾਂ ਨੂੰ ਛਿੱਕੇ ਟੰਗ ਕੇ ਮੁਲਾਜ਼ਮਾਂ ਦੀ ਭਰਤੀ ਕੀਤੀ ਗਈ। ਸਿਰਫ਼ ਐਨਾ ਹੀ ਨਹੀਂ ਫਰੈਡੀਜ਼ ਪੀਜ਼ਾ ਵੱਲੋਂ ਮੁਲਾਜ਼ਮਾਂ ਨੂੰ ਦਿਤੀ ਜਾ ਰਹੀ ਤਨਖਾਹ ਅਤੇ ਕੰਮ ਕਰਨ ਦੇ ਹਾਲਤਾ ਵੀ ਕੈਨੇਡਾ ਸਰਕਾਰ ਵੱਲੋਂ ਤੈਅਸ਼ੁਦਾ ਮਾਪਦੰਡਾਂ 'ਤੇ ਖਰੇ ਨਹੀਂ ਸਨ ਉਤਰਦੇ।

ਰੁਜ਼ਗਾਰ ਲਈ ਦਿਤੇ ਇਸ਼ਤਿਹਾਰ ਵਿਚ ਸ਼ਰਤਾਂ ਕੁਝ ਲਿਖੀਆਂ ਗਈਆਂ ਜਦਕਿ ਕੰਮ ਵਾਲੇ ਹਾਲਾਤ ਇਨ੍ਹਾਂ ਤੋਂ ਬਿਲਕੁਲ ਵੱਖਰੇ ਨਜ਼ਰ ਆਏ। ਫੈਡਰਲ ਸਰਕਾਰ ਦੀ ਪੜਤਾਲ ਦੌਰਾਨ ਇਹ ਵੀ



ਸਾਹਮਣੇ ਆਇਆ ਕਿ ਫਰੈਡੀਜ਼ ਪੀਜ਼ਾ ਆਪਣੀ ਫਰੈਂਚਾਇਜ਼ੀ ਵਿਚ ਮੁਲਾਜ਼ਮਾਂ ਦਾ ਸਰੀਰਕ, ਮਾਨਸਿਕ ਜਾਂ ਆਰਥਿਕ ਸ਼ੋਸ਼ਣ ਰੋਕਣ ਵਿਚ ਅਸਫਲ ਰਿਹਾ। ਦੱਸ ਦੇਈਏ ਕਿ ਨੋਵਾ ਸਕੋਸ਼ੀਆ ਦੇ ਰੈਸਟੋਰੈਂਟ ਦੀ ਸ਼ਿਕਾਇਤ ਕਰਨ ਵਾਲਿਆਂ ਵਿਚ ਦੋ ਭਾਰਤੀ ਨੌਜਵਾਨ ਸਨ ਜਿਨ੍ਹਾਂ ਤੋਂ ਕਥਿਤ ਤੌਰ 'ਤੇ ਗੁਲਾਮਾਂ ਵਾਂਗ ਕੰਮ ਕਰਵਾਇਆ ਗਿਆ ਅਤੇ ਬਣਦਾ ਮਿਹਨਤਾਨਾ ਨਾ ਮਿਲ ਸਕਿਆ। ਕੁਝ ਸਮਾਂ ਪਹਿਲਾਂ ਉਨਟਾਰੀਓ ਦੇ ਇਟੋਬੀਕੋ ਵਿਖੇ ਕੈਨੇਡੀਅਨ ਟਾਇਰ ਦੀ ਫਰੈਂਚਾਇਜ਼ੀ ਨੂੰ ਵੀ ਆਰਜ਼ੀ ਵਿਦੇਸ਼ੀ ਕਾਮਿਆਂ ਦੇ ਮਾਮਲੇ ਵਿਚ ਨਿਯਮਾਂ ਦੀ ਉਲੰਘਣਾ ਕਰਨ 'ਤੇ ਇਕ ਲੱਖ 11 ਹਜ਼ਾਰ ਡਾਲਰ ਜੁਰਮਾਨਾ ਕੀਤਾ ਗਿਆ ਸੀ। ਦਾ ਗਲੋਬ ਐਂਡ ਮੇਲ ਦੀ ਰਿਪੋਰਟ ਮੁਤਾਬਕ ਫਰੈਂਚਾਇਜ਼ੀ ਦਾ ਮਾਲਕ ਭਾਰਤੀ ਮੂਲ ਦਾ ਐਜ਼ਿਲ ਨਟਰਾਜਨ ਦੱਸਿਆ ਗਿਆ।

ਟੈਂਪਰੇਰੀ ਫੌਰਨ ਵਰਕਰ ਪ੍ਰੋਗਰਾਮ ਦੀ ਨਿਗਰਾਨੀ ਕਰਨ ਵਾਲੇ ਕੈਨੇਡਾ ਸਰਕਾਰ ਦੇ ਰੁਜ਼ਗਾਰ ਅਤੇ ਸਮਾਜਿਕ ਵਿਕਾਸ ਵਿਭਾਗ ਵੱਲੋਂ ਨਟਰਾਜਨ ਨਾਲ ਸਬੰਧਤ ਵਿਸਤਾਰਤ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ ਪਰ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਕਾਮਿਆਂ ਦੀ ਤਨਖਾਹ ਅਤੇ ਕੰਮ ਵਾਲੇ ਹਾਲਾਤ ਤੈਅਸ਼ੁਦਾ ਮਾਪਦੰਡਾਂ ਮੁਤਾਬਕ ਨਹੀਂ ਸਨ। ਇਸ ਘਟਨਾ ਤੋਂ ਇਕ ਸਾਲ ਪਹਿਲਾਂ ਇਸੇ ਸਟੋਰ ਦੇ 13 ਵਿਦੇਸ਼ੀ ਕਾਮਿਆਂ ਨੇ ਨਟਰਾਜਨ ਉਤੇ ਧੱਕੇਸ਼ਾਹੀ ਕਰਨ ਦਾ ਦੋਸ਼ ਲਾਉਂਦਿਆਂ ਅਸਤੀਫ਼ਾ ਦੇ ਦਿਤਾ ਸੀ ਜਾਂ ਨਟਰਾਜਨ ਨੇ ਉਨ੍ਹਾਂ ਨੂੰ ਕੱਢ ਦਿੱਤਾ।

# ਪ੍ਰਧਾਨ ਮੰਤਰੀ ਵੱਲੋਂ ਗੁਰੂ ਤੇਗ ਬਹਾਦਰ ਦੇ ਸ਼ਹੀਦੀ ਪੁਰਬ ਮੌਕੇ ਵਿਸ਼ੇਸ਼ ਸਿੱਕਾ ਅਤੇ ਯਾਦਗਾਰੀ ਡਾਕ ਟਿਕਟ ਜਾਰੀ

## 350 ਸਾਲਾ ਸ਼ਹੀਦੀ ਸਮਾਗਮ 'ਚ ਸ਼ਿਰਕਤ; ਗੁਰੂ ਜੀ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਆ

ਕੁਰੂਕਸ਼ੇਤਰ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਮੌਕੇ ਅੱਜ ਵਿਸ਼ੇਸ਼ ਸਿੱਕਾ ਅਤੇ ਯਾਦਗਾਰੀ ਡਾਕ ਟਿਕਟ ਜਾਰੀ ਕੀਤਾ। ਉਨ੍ਹਾਂ ਕਿਹਾ ਕਿ ਗੁਰੂ ਤੇਗ ਬਹਾਦਰ ਨੇ ਸੱਚ, ਨਿਆਂ, ਵਿਸ਼ਵਾਸ ਦੀ ਰੱਖਿਆ ਨੂੰ ਆਪਣਾ ਧਰਮ ਮੰਨਿਆ ਤੇ ਇਸ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਸ੍ਰੀ ਮੋਦੀ ਅੱਜ ਹਰਿਆਣਾ ਦੇ ਕੁਰੂਕਸ਼ੇਤਰ ਪੁੱਜੇ ਜਿਥੇ ਉਨ੍ਹਾਂ ਨੌਵੇਂ ਸਿੱਖ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਦੀ ਯਾਦ ਵਿਚ ਇਕ ਵਿਸ਼ੇਸ਼ ਸਮਾਗਮ ਵਿਚ ਹਿੱਸਾ ਲਿਆ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੀ ਮੌਜੂਦ ਸਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ ਅੱਜ ਸਵੇਰੇ ਰਾਮਾਇਣ ਦੀ ਨਗਰੀ ਅਯੁੱਧਿਆ ਵਿਚ ਸਨ ਅਤੇ ਹੁਣ ਉਹ ਗੀਤਾ ਦੀ ਨਗਰੀ ਕੁਰੂਕਸ਼ੇਤਰ ਵਿਚ ਹਨ। ਉਨ੍ਹਾਂ



ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਆ।

ਉਨ੍ਹਾਂ ਕਿਹਾ, 'ਅਸੀਂ ਸ਼ਾਂਤੀ ਚਾਹੁੰਦੇ ਹਾਂ ਪਰ ਅਸੀਂ ਆਪਣੀ ਸੁਰੱਖਿਆ ਨਾਲ ਸਮਝੌਤਾ ਨਹੀਂ ਕਰਦੇ, 'ਅਪਰੇਸ਼ਨ ਸਿੰਧੂਰ' ਇਸ ਦੀ ਸਭ ਤੋਂ ਵੱਡੀ ਉਦਾਹਰਣ ਹੈ।' ਉਨ੍ਹਾਂ ਕਿਹਾ ਕਿ ਕੁਰੂਕਸ਼ੇਤਰ ਦੀ ਧਰਤੀ ਧਰਮ ਦਾ ਕੇਂਦਰ ਰਹੀ ਹੈ। ਉਨ੍ਹਾਂ ਦੀ ਸਰਕਾਰ ਹਰ ਧਰਮ ਦਾ ਸਤਿਕਾਰ ਕਰਦੀ ਹੈ। ਉਨ੍ਹਾਂ ਹਾਲ ਹੀ ਵਿਚ ਪਾਕਿਸਤਾਨ 'ਤੇ ਕੀਤੇ ਹਮਲੇ ਦੀ ਗੱਲ ਕਰਦਿਆਂ ਕਿਹਾ ਕਿ ਦੁਨੀਆ ਭਰ ਨੇ ਦੇਖਿਆ ਹੈ ਕਿ ਹੁਣ ਵਾਲਾ ਭਾਰਤ ਨਾ ਤਾਂ ਦਹਿਸ਼ਤਗਰਦੀ ਤੋਂ ਡਰਦਾ ਹੈ ਤੇ ਨਾ ਹੀ ਉਨ੍ਹਾਂ ਅੱਗੇ ਝੁਕਦਾ ਹੈ। ਉਨ੍ਹਾਂ ਦਹਿਸ਼ਤਗਰਦੀ ਖ਼ਿਲਾਫ਼ ਹਰ ਕਾਰਵਾਈ ਕਰਨ ਦਾ ਅਹਿਦ ਦੁਹਰਾਇਆ।




# ਕੈਨੇਡਾ 'ਚ ਪੰਜਾਬੀ ਪਰਿਵਾਰ ਨਾਲ ਵਾਪਰਿਆ ਵੱਡਾ ਭਾਣਾ

## ਘਰ ਨੂੰ ਅੱਗ ਲੱਗਣ ਨਾਲ 5 ਜੀਆਂ ਦੀ ਮੌਤ



ਕੈਨੇਡਾ ਦੇ ਬ੍ਰੈਂਪਟਨ ਸ਼ਹਿਰ ਵਿਚ ਬੀਤੇ ਹਫਤੇ 20 ਨਵੰਬਰ ਨੂੰ ਇੱਕ ਘਰ ਵਿੱਚ ਭਿਆਨਕ ਅੱਗ ਲੱਗ ਗਈ, ਜਿਸ ਵਿਚ ਇੱਕ ਪੰਜਾਬੀ ਪਰਿਵਾਰ ਪੂਰੀ ਤਰ੍ਹਾਂ ਤਬਾਹ ਹੋ ਗਿਆ। ਭਿਆਨਕ ਅੱਗ ਵਿੱਚ ਪਰਿਵਾਰ ਦੇ ਪੰਜ ਜੀਅ, ਜਿਨ੍ਹਾਂ ਵਿੱਚ ਉਨ੍ਹਾਂ ਦਾ ਅਣਜੰਮਿਆ ਬੱਚਾ ਵੀ ਸ਼ਾਮਲ ਸੀ, ਦੀ ਮੌਤ ਹੋ ਗਈ, ਜਦੋਂ ਕਿ ਚਾਰ ਹੋਰ ਗੰਭੀਰ ਰੂਪ ਵਿੱਚ ਝੁਲਸ ਗਏ, ਜੋਕਿ ਆਈਸੀਯੂ ਵਿੱਚ ਭਰਤੀ ਹਨ। ਪੀਲ ਰੀਜਨਲ ਪੁਲਿਸ ਨੇ ਇਸ ਦੁਖਦਾਈ ਘਟਨਾ ਦੀ ਪੁਸ਼ਟੀ ਕੀਤੀ। ਘਰ ਵਿਚ ਰਹਿਣ ਵਾਲੇ ਜੁਗਰਾਜ ਸਿੰਘ ਨੇ ਪੁਲਿਸ ਨੂੰ ਸੂਚਿਤ ਕੀਤਾ ਕਿ ਉਹ ਅੱਗ ਲੱਗਣ ਵੇਲੇ ਬਾਹਰ ਸੀ ਅਤੇ ਹੁਣ ਪਰਿਵਾਰ ਦਾ ਇੱਕੋ ਇੱਕ ਜਿਊਂਦਾ ਮੈਂਬਰ ਹੈ। ਜੁਗਰਾਜ ਸਿੰਘ ਨੇ ਇੱਕ ਕ੍ਰਾਊਡਫੰਡਿੰਗ ਪੇਜ 'ਤੇ ਇੱਕ ਭਾਵੁਕ ਜਾਣਕਾਰੀ ਸ਼ੇਅਰ ਕਰਦੇ ਹੋਏ ਦੱਸਿਆ ਕਿ ਅੱਗ ਵਿੱਚ ਉਸ ਦੇ ਪੰਜ ਪਰਿਵਾਰ ਵਾਲਿਆਂ ਦੀ ਜਾਨ ਚਲੀ ਗਈ, ਜਿਨ੍ਹਾਂ ਵਿਚ ਉਸਦੀ ਸੱਸ, ਉਸਦੀ ਸਾਲੀ, ਸਾਲੀ ਦੀ ਦੋ ਸਾਲ ਦੀ ਧੀ, ਉਸ ਦੀ ਪਤਨੀ ਦਾ ਚਚੇਰਾ ਭਰਾ ਤੇ ਉਸ ਦੀ ਪਤਨੀ ਦਾ ਅਣਜੰਮਿਆ ਬੱਚਾ ਸ਼ਾਮਲ ਹਨ। ਐਮਰਜੈਂਸੀ ਕਰਮਚਾਰੀਆਂ ਨੂੰ ਵੀਰਵਾਰ ਸਵੇਰੇ ਘਟਨਾ ਸਥਾਨ 'ਤੇ ਸਭ ਤੋਂ ਪਹਿਲਾਂ ਦੋ ਲਾਸ਼ਾਂ ਮਿਲੀਆਂ। ਸ਼ੁੱਕਰਵਾਰ ਨੂੰ ਮਲਬੇ ਦੀ ਭਾਲ ਦੌਰਾਨ ਤੀਜੇ ਬਾਲਗ ਦੀ ਲਾਸ਼ ਬਰਾਮਦ ਕੀਤੀ ਗਈ। ਐਤਵਾਰ ਦੁਪਹਿਰ ਤੱਕ ਇੱਕ ਛੋਟੇ ਬੱਚੇ ਸਮੇਤ ਦੋ ਹੋਰ ਲਾਪਤਾ ਲੋਕਾਂ ਦੀ ਭਾਲ ਜਾਰੀ ਰਹੀ। ਪੁਲਿਸ ਮੁਤਾਬਕ ਪੰਜ ਸਾਲ ਦੇ ਬੱਚੇ ਸਮੇਤ ਚਾਰ ਹੋਰ ਲੋਕ ਅੱਗ ਤੋਂ ਬਚਣ ਵਿੱਚ ਕਾਮਯਾਬ ਹੋ ਗਏ। ਦੂਜੀ ਮੰਜ਼ਿਲ ਦੀ ਖਿੜਕੀ ਤੋਂ ਛਾਲ ਮਾਰਨ ਤੋਂ ਬਾਅਦ ਉਹ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਜੁਗਰਾਜ ਸਿੰਘ ਨੇ ਪੁਸ਼ਟੀ ਕੀਤੀ ਕਿ ਉਸਦੀ ਪਤਨੀ ਅਤੇ ਪੰਜ ਸਾਲ ਦਾ ਪੁੱਤਰ ਬਚ ਗਏ ਪਰ ਗੰਭੀਰ ਸੜਨ ਕਾਰਨ ਆਈ.ਸੀ.ਯੂ. ਵਿੱਚ ਇੰਟੈਂਸਿਵ ਕੇਅਰ ਅਧੀਨ ਹਨ। ਰਿਹਾਇਸ਼ ਵਿੱਚ ਕੁੱਲ 12 ਲੋਕ ਰਹਿੰਦੇ ਸਨ, ਜਿਨ੍ਹਾਂ ਵਿੱਚੋਂ 10 ਇੱਕੋ ਬਹੁ-ਪੀੜ੍ਹੀ ਵਾਲੇ ਪਰਿਵਾਰ ਦੇ ਸਨ, ਜਦੋਂ ਕਿ ਬੇਸਮੈਂਟ ਯੂਨਿਟ ਵਿੱਚ ਰਹਿਣ ਵਾਲੇ ਦੋ ਕਿਰਾਏਦਾਰ ਸੁਰੱਖਿਅਤ ਸਨ। ਜੁਗਰਾਜ ਸਿੰਘ ਨੇ ਦੱਸਿਆ ਕਿ ਅੱਗ ਨੇ ਘਰ ਵਿੱਚ ਸਭ ਕੁਝ ਤਬਾਹ ਕਰ ਦਿੱਤਾ, ਜਿਸ ਵਿੱਚ ਉਸਦਾ ਪਾਸਪੋਰਟ, ਬੀਮਾ ਦਸਤਾਵੇਜ਼, ਕੱਪੜੇ ਅਤੇ ਹੋਰ ਸਾਰਾ ਨਿੱਜੀ ਸਮਾਨ ਸ਼ਾਮਲ ਹੈ।

ਉਸ ਨੇ ਕਿਹਾ ਕਿ ਉਹ ਇਸ ਸਮੇਂ ਭਾਵਨਾਤਮਕ ਤਬਾਹੀ ਅਤੇ ਭਾਰੀ ਵਿੱਤੀ ਬੋਝ ਨਾਲ ਜੂਝ ਰਿਹਾ ਹੈ। ਉਹ ਆਪਣੇ ਅਜ਼ੀਜ਼ਾਂ ਦੀਆਂ ਲਾਸ਼ਾਂ ਨੂੰ ਭਾਰਤ ਵਾਪਸ ਭੇਜਣ ਲਈ ਕ੍ਰਾਊਡਫੰਡਿੰਗ ਰਾਹੀਂ ਫੰਡ ਇਕੱਠਾ ਕਰਨ ਦੀ ਉਮੀਦ ਕਰ ਰਿਹਾ ਹੈ। ਬ੍ਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਨੇ ਖੁਲਾਸਾ ਕੀਤਾ ਕਿ ਘਰ ਇੱਕ ਗੈਰ-ਹਾਜ਼ਰ ਮਕਾਨ ਮਾਲਕ ਦਾ ਹੈ। ਮੇਅਰ ਨੇ ਕਿਹਾ ਕਿ ਮਕਾਨ ਮਾਲਕ ਨੇ 2019 ਵਿੱਚ ਬੇਸਮੈਂਟ ਵਿੱਚ ਦੂਜੀ ਯੂਨਿਟ ਬਣਾਉਣ ਲਈ ਪਰਮਿਟ ਲਈ ਅਰਜ਼ੀ ਦਿੱਤੀ ਸੀ ਪਰ ਕੰਮ ਪੂਰਾ ਹੋਣ ਤੋਂ ਬਾਅਦ ਨਿਰੀਖਣ ਦੀ ਬੇਨਤੀ ਨਹੀਂ ਕੀਤੀ। ਅਧਿਕਾਰੀਆਂ ਨੇ ਅਜੇ ਤੱਕ ਭਾਰੀ ਅੱਗ ਦੇ ਕਾਰਨਾਂ ਦਾ ਖੁਲਾਸਾ ਨਹੀਂ ਕੀਤਾ ਹੈ। ਪੀਲ ਰੀਜਨਲ ਪੁਲਿਸ, ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ ਅਤੇ ਫਾਇਰ ਮਾਰਸ਼ਲ ਦੇ ਦਫ਼ਤਰ ਵੱਲੋਂ ਸੋਮਵਾਰ ਦੁਪਹਿਰ ਨੂੰ ਜਾਂਚ ਬਾਰੇ ਇੱਕ ਅਪਡੇਟ ਜਾਰੀ ਕਰਨ ਦੀ ਉਮੀਦ ਹੈ।

# ਭਾਰਤ-ਕੈਨੇਡਾ ਵਪਾਰ ਸਮਝੌਤੇ ਲਈ ਕੰਮ ਕਰਨਗੇ: ਅਨੀਤਾ ਆਨੰਦ



ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਕਿਹਾ ਹੈ ਕਿ ਦੋ ਸਾਲ ਦੇ ਤਣਾਅ ਭਰੇ ਸਬੰਧਾਂ ਤੋਂ ਬਾਅਦ ਕੈਨੇਡਾ ਤੇ ਭਾਰਤ ਵਪਾਰ ਸਮਝੌਤਾ ਅੱਗੇ ਵਧਾਉਣ ਲਈ ਤੇਜ਼ੀ ਨਾਲ ਕੰਮ ਕਰਨਗੇ। ਇਹ ਬਿਆਨ ਲੰਘੇ ਹਫ਼ਤੇ ਦੱਖਣੀ ਅਫਰੀਕਾ 'ਚ ਜੀ-20 ਸਿਖ਼ਰ ਸੰਮੇਲਨ 'ਚ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਤੇ ਉਨ੍ਹਾਂ ਦੇ ਭਾਰਤੀ ਹਮਰੁਤਬਾ ਨਰਿੰਦਰ ਮੋਦੀ ਵਿਚਾਲੇ ਹੋਈ ਮੀਟਿੰਗ ਤੋਂ ਬਾਅਦ ਆਇਆ ਹੈ। ਮੀਟਿੰਗ 'ਚ ਦੋਵਾਂ ਆਗੂਆਂ ਨੇ ਨਵੇਂ ਵਪਾਰ ਸਮਝੌਤੇ ਲਈ ਗੱਲਬਾਤ ਮੁੜ ਸ਼ੁਰੂ ਕਰਨ 'ਤੇ ਸਹਿਮਤੀ ਜ਼ਾਹਿਰ ਕੀਤੀ ਸੀ। ਆਨੰਦ ਨੇ 'ਐਸੋਸੀਏਟਿਡ ਪ੍ਰੈੱਸ' ਨੂੰ ਟੈਲੀਫੋਨ 'ਤੇ ਦਿੱਤੀ ਇੰਟਰਵਿਊ 'ਚ ਕਿਹਾ ਕਿ ਦੋਵੇਂ ਆਗੂ ਇਸ ਗੱਲ 'ਤੇ ਦ੍ਰਿੜ੍ਹ ਹਨ ਕਿ ਇਹ ਕੰਮ ਜਲਦੀ ਤੋਂ ਜਲਦੀ ਮੁਕੰਮਲ ਹੋਵੇ। ਕਾਰਨੀ ਅਗਲੇ ਸਾਲ ਦੀ ਸ਼ੁਰੂਆਤ 'ਚ ਭਾਰਤ ਦੀ ਯਾਤਰਾ ਕਰਨਗੇ। ਆਨੰਦ ਨੇ ਅਗਲੇ ਦਹਾਕੇ 'ਚ ਗ਼ੈਰ ਅਮਰੀਕੀ ਵਪਾਰ ਦੁੱਗਣਾ ਕਰਨ ਦੇ ਕਾਰਨੀ ਦੇ ਟੀਚੇ ਦਾ ਵੀ ਜ਼ਿਕਰ ਕੀਤਾ। ਕੈਨੇਡਾ ਦੁਨੀਆ ਦੇ ਸਭ ਤੋਂ ਵੱਧ ਵਪਾਰ ਨਿਰਭਰ ਮੁਲਕਾਂ 'ਚੋਂ ਇੱਕ ਹੈ ਅਤੇ ਕੈਨੇਡਾ ਦੀ 75 ਫ਼ੀਸਦ ਤੋਂ ਵੱਧ ਬਰਾਮਦ ਅਮਰੀਕਾ ਨੂੰ ਹੁੰਦੀ ਹੈ। ਆਨੰਦ ਨੇ ਕਿਹਾ, ''ਇਹ ਵਿਦੇਸ਼ ਨੀਤੀ ਪ੍ਰਤੀ ਨਵੀਂ ਪਹੁੰਚ ਹੈ ਜੋ ਆਲਮੀ ਵਿੱਤੀ ਮਾਹੌਲ ਪ੍ਰਤੀ ਜਵਾਬਦੇਹ ਹੈ ਅਤੇ ਇਸ 'ਚ ਅਸੀਂ ਖ਼ੁਦ ਵੀ ਸ਼ਾਮਲ ਹਾਂ। ਇੱਥੇ ਨਵੀਂ ਸਰਕਾਰ ਹੈ, ਨਵੀਂ ਵਿਦੇਸ਼ ਨੀਤੀ ਹੈ, ਨਵਾਂ ਪ੍ਰਧਾਨ ਮੰਤਰੀ ਤੇ ਨਵਾਂ ਆਲਮੀ ਪ੍ਰਬੰਧ ਹੈ, ਜਿੱਥੇ ਦੇਸ਼ ਵਧੇਰੇ ਰੱਖਿਆਵਾਦੀ ਹੁੰਦੇ ਜਾ ਰਹੇ ਹਨ ਤੇ ਇਹ ਵਪਾਰਕ ਮੁਲਕ ਵਜੋਂ ਕੈਨੇਡਾ ਲਈ ਅਹਿਮ ਮੌਕਾ ਹੈ।'






ਪੰਜਾਬ ਸਟਾਰ
www.punjabstar.com

# ਅਦਾਕਾਰ ਧਰਮਿੰਦਰ ਦੇ ਘਰ ਬਾਹਰ ਵਧਾਈ ਗਈ ਸੁਰੱਖਿਆ



ਮੁੰਬਈ : ਅਦਾਕਾਰ ਧਰਮਿੰਦਰ ਦਾ 24 ਨਵੰਬਰ ਨੂੰ 89 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ, ਜਿਸ ਨਾਲ ਬਾਲੀਵੁੱਡ ਸੋਗ ਵਿੱਚ ਡੁੱਬ ਗਿਆ। ਧਰਮਿੰਦਰ ਦੀ ਮੌਤ ਤੋਂ ਬਾਅਦ ਸੈਫ ਅਲੀ ਖਾਨ, ਕਰਿਸ਼ਮਾ ਕਪੂਰ, ਰੇਖਾ, ਪ੍ਰੀਟੀ ਜ਼ਿੰਟਾ, ਕਾਜੋਲ, ਫਰਹਾਨ ਅਤੇ ਜ਼ੋਇਆ ਅਖਤਰ, ਸ਼ਿਲਪਾ-ਸ਼ਮਿਤਾ ਸ਼ੈੱਟੀ, ਵਤਸਲ ਸੇਠ ਸਮੇਤ ਕਈ ਸੈਲੇਬਸ ਉਨ੍ਹਾਂ ਦੇ ਘਰ ਸ਼ਰਧਾਂਜਲੀ ਦੇਣ ਪਹੁੰਚੇ। ਇਸ ਦੇ ਨਾਲ ਹੀ ਰਣਬੀਰ ਕਪੂਰ, ਆਲੀਆ ਭੱਟ, ਅਜੇ ਦੇਵਗਨ ਅਤੇ ਹੋਰ ਬਹੁਤ ਸਾਰੇ ਸਿਤਾਰੇ ਦਿਓਲ ਪਰਿਵਾਰ ਦੇ ਘਰ ਹੀ-ਮੈਨ ਨੂੰ ਸ਼ਰਧਾਂਜਲੀ ਦੇਣ ਲਈ ਪਹੁੰਚ ਰਹੇ ਹਨ। ਲਗਾਤਾਰ ਵੱਧ ਰਹੀ ਭੀੜ ਨੂੰ ਦੇਖਦੇ ਹੋਏ ਉਨ੍ਹਾਂ ਦੇ ਘਰ ਦੀ ਸੁਰੱਖਿਆ ਵਧਾ ਦਿੱਤੀ ਗਈ।

ਧਰਮਿੰਦਰ ਕੁਝ ਸਮੇਂ ਤੋਂ ਉਮਰ ਨਾਲ ਸਬੰਧਤ ਬਿਮਾਰੀਆਂ ਨਾਲ ਜੂਝ ਰਹੇ ਸਨ। 10 ਨਵੰਬਰ ਨੂੰ, ਉਨ੍ਹਾਂ ਨੂੰ ਸਾਹ ਲੈਣ ਵਿੱਚ ਤਕਲੀਫ਼ ਹੋਣ ਲੱਗੀ ਅਤੇ ਉਨ੍ਹਾਂ ਨੂੰ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਉਨ੍ਹਾਂ ਨੂੰ ਵੈਂਟੀਲੇਟਰ 'ਤੇ ਰੱਖਿਆ ਗਿਆ ਸੀ। ਮੀਡੀਆ ਵਿੱਚ ਉਨ੍ਹਾਂ ਦੀ ਮੌਤ ਦੀਆਂ ਖ਼ਬਰਾਂ ਵੀ ਆਈਆਂ, ਪਰ ਉਨ੍ਹਾਂ ਦੇ ਪਰਿਵਾਰ ਨੇ ਉਨ੍ਹਾਂ ਖਬਰਾਂ ਨੂੰ ਖਾਰਿਜ਼ ਕਰ ਦਿੱਤਾ। 12 ਨਵੰਬਰ ਨੂੰ, ਧਰਮਿੰਦਰ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ, ਅਤੇ ਡਾਕਟਰਾਂ ਨੇ ਉਨ੍ਹਾਂ ਨੂੰ ਘਰ ਵਿੱਚ ਹੀ ਇਲਾਜ ਜਾਰੀ ਰੱਖਣ ਦੀ ਸਲਾਹ ਦਿੱਤੀ। ਜਿਸ ਤੋਂ ਬਾਅਦ 24 ਨਵੰਬਰ ਨੂੰ ਧਰਮਿੰਦਰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਇਸ ਦੁਨੀਆ ਤੋਂ ਚਲੇ ਗਏ। ਜਾਣਕਾਰੀ ਅਨੁਸਾਰ 89 ਸਾਲਾ ਧਰਮਿੰਦਰ ਨੇ ਸੋਮਵਾਰ ਦੁਪਹਿਰ 1 ਵਜੇ ਦੇ ਕਰੀਬ ਆਪਣੇ ਘਰ ਵਿੱਚ ਆਖਰੀ ਸਾਹ ਲਏ ਹਨ।

ਪਰਿਵਾਰ ਅਤੇ ਫ਼ਿਲਮ ਇੰਡਸਟਰੀ ਜਗਤ ਦੀਆਂ ਕਈ ਹਸਤੀਆਂ ਦੀ ਮੌਜੂਦਗੀ ਵਿੱਚ ਉਨ੍ਹਾਂ ਦਾ ਅੰਤਿਮ ਸਸਕਾਰ ਕੀਤਾ ਗਿਆ। ਅਮਿਤਾਭ ਬੱਚਨ ਅਤੇ ਅਭਿਸ਼ੇਕ ਬੱਚਨ ਵੀ ਦਿੱਗਜ ਅਦਾਕਾਰ ਨੂੰ ਅੰਤਿਮ ਸ਼ਰਧਾਂਜਲੀ ਦੇਣ ਲਈ ਸ਼ਮਸ਼ਾਨਘਾਟ ਪਹੁੰਚੇ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਮਹਾਨ ਅਦਾਕਾਰ ਧਰਮਿੰਦਰ ਦੇ ਦੇਹਾਂਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਸੀ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਧਰਮਿੰਦਰ ਦਾ ਦੇਹਾਂਤ ਭਾਰਤੀ ਸਿਨੇਮਾ ਵਿੱਚ ਇੱਕ ਯੁੱਗ ਦਾ ਅੰਤ ਹੈ, ਇੱਕ ਯੁੱਗ ਜੋ ਉਨ੍ਹਾਂ ਦੀ ਅਦਾਕਾਰੀ, ਉਨ੍ਹਾਂ ਦੀ ਸ਼ਖਸੀਅਤ ਅਤੇ ਉਨ੍ਹਾਂ ਦੀ ਸਾਦਗੀ ਦੁਆਰਾ ਅਮਰ ਹੋ ਗਿਆ ਸੀ। ਆਪਣੇ ਸੰਦੇਸ਼ ਵਿੱਚ, ਪ੍ਰਧਾਨ ਮੰਤਰੀ ਨੇ ਕਿਹਾ ਕਿ ਧਰਮਿੰਦਰ ਸਿਰਫ਼ ਇੱਕ ਅਦਾਕਾਰ ਨਹੀਂ ਸਨ, ਸਗੋਂ ਉਨ੍ਹਾਂ ਦੇ ਪ੍ਰਸ਼ੰਸਕਾਂ ਦੇ ਦਿਲ ਦੀ ਧੜਕਣ ਸਨ।

# ਲੁਧਿਆਣਾ 'ਚ ਡੀਆਈਜੀ ਦੇ ਸੁਰੱਖਿਆ ਗਾਰਡ 'ਤੇ ਜਾਨਲੇਵਾ ਹਮਲਾ; ਮਾਮਲੇ ਦੀ ਜਾਂਚ ਜਾਰੀ




ਲੁਧਿਆਣਾ: ਲੁਧਿਆਣਾ ਰੇਂਜ ਦੇ ਡੀਆਈਜੀ ਸਤਿੰਦਰ ਸਿੰਘ ਦੀ ਸੁਰੱਖਿਆ 'ਤੇ ਤਾਇਨਾਤ ਪੰਜਾਬ ਪੁਲਿਸ ਦੇ ਇੱਕ ਕਾਂਸਟੇਬਲ 'ਤੇ ਮੱਤੇਵਾੜਾ ਪਿੰਡ ਵਿੱਚ ਜਾਨਲੇਵਾ ਹਮਲਾ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਪੀੜਤ ਦੇ ਸਿਰ ਅਤੇ ਰੀੜ੍ਹ ਦੀ ਹੱਡੀ ਵਿੱਚ ਗੰਭੀਰ ਸੱਟਾਂ ਲੱਗੀਆਂ ਸਨ ਅਤੇ ਉਸਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਸੀ। ਉਸਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਮੁਲਜ਼ਮਾਂ ਦੀ ਪਛਾਣ ਪਿੰਡ ਗੜ੍ਹੀ ਫਜ਼ਲ ਦੇ ਸਿਮਰਨਜੀਤ ਸਿੰਘ, ਉਸਦੇ ਪਿਤਾ ਭਗਵਾਨ ਸਿੰਘ ਅਤੇ ਤਿੰਨ ਅਣਪਛਾਤੇ ਸਾਥੀਆਂ ਵਜੋਂ ਹੋਈ ਹੈ। ਮੁਲਜ਼ਮ ਇਸ ਸਮੇਂ ਫਰਾਰ ਹਨ। ਪੁਲਿਸ ਨੇ ਜਮਾਲਪੁਰ ਦੀ ਪੁਲਿਸ ਕਲੋਨੀ ਦੇ 30 ਸਾਲਾ ਕਾਂਸਟੇਬਲ ਗਗਨਦੀਪ ਸਿੰਘ ਦੇ ਬਿਆਨ ਦੇ ਆਧਾਰ 'ਤੇ ਮਾਮਲਾ ਦਰਜ ਕਰ ਲਿਆ ਹੈ। ਗਗਨਦੀਪ ਸਿੰਘ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਹੈ ਕਿ 13 ਨਵੰਬਰ ਨੂੰ ਦਿਨ ਦਾ ਕੰਮ ਖਤਮ ਕਰਨ ਤੋਂ ਬਾਅਦ, ਉਹ ਆਪਣੇ ਦੋਸਤਾਂ ਨਾਲ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਦੇ ਬਲਾਚੌਰ ਜਾਣ ਲਈ ਮਾਰੂਤੀ ਸੁਜ਼ੂਕੀ ਸਵਿਫਟ ਕਾਰ ਵਿੱਚ ਨਿਕਲਿਆ ਸੀ। ਉਸਦਾ ਦੋਸਤ ਪ੍ਰਤਾਪ ਸਿੰਘ ਇੱਕ ਕਾਰ ਖਰੀਦਣਾ ਚਾਹੁੰਦਾ ਸੀ ਅਤੇ ਉਹ ਇਸਨੂੰ ਦੇਖਣ ਲਈ ਬਲਾਚੌਰ ਜਾ ਰਹੇ ਸਨ।

ਸ਼ਿਕਾਇਤਕਰਤਾ ਨੇ ਅੱਗੇ ਦੱਸਿਆ ਕਿ ਜਦੋਂ ਉਹ ਮੱਤੇਵਾੜਾ ਦੇ ਗੜ੍ਹੀ ਫਜ਼ਲ ਰੋਡ 'ਤੇ ਪਹੁੰਚੇ, ਤਾਂ ਕਾਰ ਸਿਮਰਨਜੀਤ ਸਿੰਘ ਦੀ ਮੋਟਰਸਾਈਕਲ ਨਾਲ ਟਕਰਾ ਗਈ, ਜਿਸ 'ਤੇ ਐਲੂਮੀਨੀਅਮ ਦੇ ਦੁੱਧ ਦੇ ਡੱਬੇ ਲਦੇ ਹੋਏ ਸਨ ਅਤੇ ਉਹ ਉਲਟ ਦਿਸ਼ਾ ਤੋਂ ਆ ਰਿਹਾ ਸੀ। ਸਿਮਰਨਜੀਤ ਸਿੰਘ ਨੇ ਉਨ੍ਹਾਂ ਨਾਲ ਬਦਸਲੂਕੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਆਪਣੇ ਪਿਤਾ ਅਤੇ ਦੋਸਤਾਂ ਨੂੰ ਬੁਲਾਇਆ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਤੇਜ਼ਧਾਰ ਹਥਿਆਰਾਂ ਨਾਲ ਲੈਸ ਮੁਲਜ਼ਮਾਂ ਨੇ ਉਸ 'ਤੇ ਹਮਲਾ ਕੀਤਾ। ਉਨ੍ਹਾਂ ਨੇ ਐਲੂਮੀਨੀਅਮ ਦੇ ਦੁੱਧ ਦੇ ਡੱਬਿਆਂ ਨਾਲ ਵੀ ਉਸ 'ਤੇ ਹਮਲਾ ਕੀਤਾ ਅਤੇ ਉਸਨੂੰ ਜ਼ਖਮੀ ਕਰਕੇ ਭੱਜ ਗਏ। ਝਗੜੇ ਵਿੱਚ ਉਸਦੇ ਦੋਸਤ ਵੀ ਜ਼ਖਮੀ ਹੋ ਗਏ।

# ਸ੍ਰੀ ਆਨੰਦਪੁਰ ਸਾਹਿਬ 'ਚ ਸਕੂਲੀ ਵਿਦਿਆਰਥੀਆਂ ਦੀ ਮੌਕ ਵਿਧਾਨ ਸਭਾ









ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੰਵਿਧਾਨ ਦਿਵਸ ਮੌਕੇ ਸ੍ਰੀ ਆਨੰਦਪੁਰ ਸਾਹਿਬ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਤਿਆਰ ਕੀਤੀ ਗਈ ਵਿਸ਼ੇਸ਼ ਪੰਜਾਬ ਵਿਧਾਨ ਸਭਾ ਵਿੱਚ ਰਾਜ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦਾ ਮੌਕ ਵਿਧਾਨ ਸਭਾ ਸੈਸ਼ਨ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਵਿਧਾਨ ਸਭਾ ਦੇ ਸਕੱਤਰ ਰਾਮਲੋਕ ਖਟਾਣਾ ਨੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੀ ਇਜਾਜ਼ਤ ਨਾਲ ਕੀਤੀ। ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਸਵਾਗਤ ਕਰਦਿਆਂ ਸੰਵਿਧਾਨ ਦਿਵਸ ਦੀ ਮਹੱਤਤਾ ਤੇ ਇਸ ਦੀ ਰਾਜਨੀਤਕ ਤੇ ਸਮਾਜਿਕ ਅਹਿਮੀਅਤ ਬਾਰੇ ਜਾਣੂ ਕਰਵਾਇਆ। ਇਸ ਮੌਕੇ ਪੰਜਾਬ ਦੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਦੇਸ਼ ਦਾ ਸੰਵਿਧਾਨ ਜਿਥੇ ਨਾਗਰਿਕਾਂ ਦੇ ਅਧਿਕਾਰ ਨਿਰਧਾਰਤ ਕਰਦਾ ਹੈ, ਉਥੇ ਕਰਤੱਵਾਂ ਬਾਰੇ ਵੀ ਸਚੇਤ ਕਰਦਾ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲ ਵਿਦਿਆਰਥੀਆਂ ਵਿੱਚ ਲੋਕਤੰਤਰਕ ਸੋਚ ਨੂੰ ਮਜ਼ਬੂਤ ਕਰੇਗੀ ਅਤੇ ਰਾਜਨੀਤੀ ਪ੍ਰਤੀ ਰੁਚੀ ਪੈਦਾ ਕਰੇਗੀ।

ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦਾ ਦਿਨ ਇਤਿਹਾਸਕ ਹੈ ਕਿਉਂਕਿ ਦੇਸ਼ ਦੀ ਨੌਜਵਾਨ ਪੀੜ੍ਹੀ ਨੂੰ ਸੱਤਾ ਚਲਾਉਣ ਦੀ ਸਿਖਲਾਈ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਰਾਜਨੀਤੀ ਸਾਡੇ ਜੀਵਨ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਵਿਦਿਆਰਥੀਆਂ ਨੂੰ ਇਸ ਪ੍ਰਕਿਰਿਆ ਨਾਲ ਜੁੜਨਾ ਚਾਹੀਦਾ ਹੈ। ਸਪੀਕਰ ਨੇ 'ਵੋਟ ਚੋਰੀ' ਵਿਸ਼ੇ 'ਤੇ ਆਰਟੀਕਲ ਲਿਖਣ ਦਾ ਟਾਸਕ ਦਿੱਤਾ ਅਤੇ ਪਹਿਲੇ ਤਿੰਨ ਸਥਾਨਾਂ ਲਈ ਕ੍ਰਮਵਾਰ 51,000, 21,000 ਅਤੇ 11,000 ਰੁਪਏ ਦੇ ਇਨਾਮ ਦਾ ਐਲਾਨ ਕੀਤਾ। ਉਨ੍ਹਾਂ ਦੱਸਿਆ ਕਿ 29 ਨਵੰਬਰ ਤੱਕ ਪੰਜਾਬ ਦਾ ਹਰ ਸਕੂਲ ਇਸ ਵਿਧਾਨ ਸਭਾ ਦਾ ਦੌਰਾ ਕਰ ਸਕਦਾ ਹੈ। ਇਸ ਦੌਰਾਨ ਵਿਦਿਆਰਥੀਆਂ ਤੇ ਅਧਿਆਪਕਾਂ ਦਾ ਸਨਮਾਨ ਵੀ ਕੀਤਾ ਗਿਆ। ਭਾਵੇਂ ਇਹ ਮੌਕ ਸੈਸ਼ਨ ਸੀ, ਪਰ ਵਿਦਿਆਰਥੀਆਂ ਨੇ ਸਪੀਕਰ, ਡਿਪਟੀ ਸਪੀਕਰ, ਮੁੱਖ ਮੰਤਰੀ, ਮੰਤਰੀਆਂ ਅਤੇ 117 ਵਿਧਾਇਕਾਂ ਦੀ ਭੂਮਿਕਾ ਨਿਭਾਈ। ਮੁੱਖ ਮੰਤਰੀ ਭਗਵੰਤ ਮਾਨ ਦਾ ਕਿਰਦਾਰ ਹਰਿਕਮਲਦੀਪ ਸਿੰਘ ਨੇ ਨਿਭਾਇਆ, ਜਦ ਕਿ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਦਾ ਕਿਰਦਾਰ ਹਰਪ੍ਰੀਤ ਸਿੰਘ ਨੇ ਨਿਭਾਇਆ। ਕੋਟਕਪੂਰਾ ਹਲਕੇ ਤੋਂ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਦੀ ਭੂਮਿਕਾ ਜਗਮੰਦਰ ਸਿੰਘ ਵੱਲੋਂ ਨਿਭਾਈ ਗਈ, ਜਦ ਕਿ ਡਿਪਟੀ ਸਪੀਕਰ ਦਾ ਕਿਰਦਾਰ ਦੀਸ਼ਾਂਤ ਕੁਮਾਰ ਨੇ ਨਿਭਾਇਆ।

# ਪੀਯੂ ਬਚਾਓ ਮੋਰਚਾ ਵੱਲੋਂ ਚੋਣਾਂ ਦੀਆਂ ਤਰੀਕਾਂ ਨੂੰ ਲੈ ਕੇ ਵਿਰੋਧ ਪ੍ਰਦਰਸ਼ਨ

## ਯੂਨੀਵਰਸਿਟੀ ਨੇ ਪ੍ਰੀਖਿਆਵਾਂ ਕੀਤੀਆਂ ਮੁਲਤਵੀ



ਚੰਡੀਗੜ੍ਹ: ਸੈਨੇਟ ਚੋਣਾਂ ਲਈ ਵਧ ਰਹੇ ਰੌਲੇ-ਰੱਪੇ ਦੇ ਵਿਚਕਾਰ, ਪੰਜਾਬ ਯੂਨੀਵਰਸਿਟੀ ਨੇ 26 ਨਵੰਬਰ, 2025 ਨੂੰ ਕੈਂਪਸ ਦੇ ਸੈਕਟਰ-14 ਦੇ ਪ੍ਰੀਖਿਆ ਕੇਂਦਰਾਂ CHD40, CHD41, CHD43 ਅਤੇ CHD44 ਅਤੇ ਡੀਏਵੀ ਕਾਲਜ, ਸੈਕਟਰ-10 ਵਿੱਚ ਤਬਦੀਲ ਕੀਤੇ ਗਏ ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ ਮੁਲਤਵੀ ਕਰ ਦਿੱਤੀਆਂ ਗਈਆਂ ਹਨ। ਪ੍ਰੀਖਿਆ ਕੰਟਰੋਲਰ ਵੱਲੋਂ ਜਾਰੀ ਇੱਕ ਪ੍ਰੈਸ ਰਿਲੀਜ਼ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਮੁਲਤਵੀ ਕੀਤੀਆਂ ਗਈਆਂ ਪ੍ਰੀਖਿਆਵਾਂ ਦੀਆਂ ਨਵੀਆਂ ਤਰੀਕਾਂ ਦਾ ਐਲਾਨ ਜਲਦੀ ਹੀ ਕੀਤਾ ਜਾਵੇਗਾ। ਦੂਜੇ ਪਾਸੇ, ਪੀਯੂ ਬਚਾਓ ਮੋਰਚਾ ਸੈਨੇਟ ਚੋਣਾਂ ਦੀਆਂ ਤਰੀਕਾਂ ਦੇ ਐਲਾਨ ਦਾ ਵਿਰੋਧ ਕਰ ਰਿਹਾ ਹੈ। ਵਿਦਿਆਰਥੀਆਂ ਨੇ ਯੂਨੀਵਰਸਿਟੀ ਵਿੱਚ ਵਿਰੋਧ ਪ੍ਰਦਰਸ਼ਨ ਕੀਤਾ ਅਤੇ ਗੇਟ ਨੰਬਰ 2 ਬੰਦ ਕਰ ਦਿੱਤਾ। ਪੀਯੂ ਬਚਾਓ ਮੋਰਚਾ ਨੇ ਪਹਿਲਾਂ ਐਲਾਨ ਕੀਤਾ ਸੀ ਕਿ ਉਹ ਕਿਸੇ ਵੀ ਹਾਲਤ ਵਿੱਚ ਪ੍ਰੀਖਿਆਵਾਂ ਨਹੀਂ ਹੋਣ ਦੇਣਗੇ। ਗੇਟ 1 ਅਤੇ 2 ਦੋਵੇਂ ਪੂਰੀ ਤਰ੍ਹਾਂ ਬੰਦ ਰਹਿਣਗੇ। ਮੋਰਚੇ ਨੇ ਬੈਰੀਕੇਡ ਹਟਾਉਣ ਦਾ ਵੀ ਐਲਾਨ ਕੀਤਾ। ਨਤੀਜੇ ਵਜੋਂ, ਬੁੱਧਵਾਰ ਨੂੰ ਪੀਯੂ ਕੈਂਪਸ ਵਿੱਚ ਮਾਹੌਲ ਤਣਾਅਪੂਰਨ ਰਹੇਗਾ।

ਵਿਦਿਆਰਥੀਆਂ ਤੋਂ ਪ੍ਰਾਪਤ ਫੀਡਬੈਕ ਦਾ ਹਵਾਲਾ ਦਿੰਦੇ ਹੋਏ, ਵਾਈਸ ਚਾਂਸਲਰ ਨੇ ਕਿਹਾ ਕਿ ਵੱਡੀ ਗਿਣਤੀ ਵਿੱਚ ਵਿਦਿਆਰਥੀ ਪ੍ਰੀਖਿਆਵਾਂ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ। ਵਿਦਿਆਰਥੀ ਚਿੰਤਤ ਹਨ ਕਿ ਜੇਕਰ ਪ੍ਰੀਖਿਆਵਾਂ ਵਿੱਚ ਵਿਘਨ ਪੈਂਦਾ ਹੈ, ਤਾਂ ਇਹ ਪਲੇਸਮੈਂਟ, ਅਕਾਦਮਿਕ ਕੈਲੰਡਰ ਅਤੇ ਯੂਨੀਵਰਸਿਟੀ ਰੈਂਕਿੰਗ ਨੂੰ ਪ੍ਰਭਾਵਿਤ ਕਰ ਸਕਦਾ ਹੈ, ਜਦੋਂ ਕਿ ਵਿਰੋਧ ਪ੍ਰਦਰਸ਼ਨ ਦਾ ਉਦੇਸ਼ ਵੀ ਉਨ੍ਹਾਂ ਨੂੰ ਸਪੱਸ਼ਟ ਨਹੀਂ ਹੈ।

# ਸ੍ਰੀ ਅਨੰਦਪੁਰ ਸਾਹਿਬ ਵਿਖੇ ਸੱਦੇ ਇਤਿਹਾਸਕ ਵਿਧਾਨ ਸਭਾ ਇਜਲਾਸ ਦੌਰਾਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਰਧਾਂਜਲੀ



ਸ੍ਰੀ ਅਨੰਦਪੁਰ ਸਾਹਿਬ: ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਈ ਜੈਤਾ ਜੀ ਯਾਦਗਾਰ ਵਿਖੇ ਸੱਦੇ ਗਏ ਪੰਜਾਬ ਵਿਧਾਨ ਸਭਾ ਦੇ ਇਤਿਹਾਸਕ ਵਿਸ਼ੇਸ਼ ਇਜਲਾਸ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਉਨ੍ਹਾਂ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ ਸ਼ਰਧਾਂਜਲੀ ਭੇਟ ਕੀਤੀ। 'ਰੰਗਰੇਟਾ ਗੁਰੂ ਕਾ ਬੇਟਾ' ਭਾਈ ਜੈਤਾ ਜੀ ਨੂੰ ਸਮਰਪਿਤ ਸਥਾਨ ਤੋਂ ਸੰਬੋਧਨ ਕਰਦਿਆਂ ਵਿੱਤ ਮੰਤਰੀ ਨੇ ਨੌਵੇਂ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਨੂੰ ਮਨੁੱਖਤਾ ਦੇ ਇਤਿਹਾਸ ਵਿੱਚ ਸਰਭਉੱਚ ਦੱਸਿਆ ਅਤੇ ਕਿਹਾ ਕਿ ਗੁਰੂ ਸਾਹਿਬ ਨੇ ਦੂਜੇ ਧਰਮ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ।

ਸਦਨ ਵਿੱਚ ਆਪਣੇ ਸੰਬੋਧਨ ਦੌਰਾਨ ਐਡਵੋਕੇਟ ਚੀਮਾ ਨੇ ਸਿੱਖ ਇਤਿਹਾਸ ਵਿੱਚ ਕੁਰਬਾਨੀ ਦੀ ਵਿਲੱਖਣ ਪਰੰਪਰਾ ਬਾਰੇ ਗੱਲ ਕਰਦਿਆਂ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਸ਼ੁਰੂ ਹੋ ਕੇ ਚਾਰ ਪੀੜ੍ਹੀਆਂ ਤੱਕ ਚੱਲੀ ਕੁਰਬਾਨੀ ਨੂੰ ਯਾਦ ਕੀਤਾ ਜਿਸ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਤੇਗ਼ ਬਹਾਦਰ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ,ਮਾਤਾ ਗੁਜਰੀ ਜੀ ਅਤੇ ਚਾਰ ਸਾਹਿਬਜ਼ਾਦਿਆਂ ਨੇ ਆਪਣੀ ਸ਼ਹਾਦਤ ਦਿੱਤੀ। ਐਡਵੋਕੇਟ ਚੀਮਾ ਨੇ ਕਿਹਾ ਕਿ ਉਨ੍ਹਾਂ ਨੇ ਅਜੇ ਤੱਕ ਦੁਨੀਆ ਦਾ ਕੋਈ ਅਜਿਹਾ ਹੋਰ ਇਤਿਹਾਸ ਨਹੀਂ ਪੜ੍ਹਿਆ ਜਿਸ ਵਿੱਚ ਸ਼ਾਂਤੀ, ਇਕਜੁੱਟਤਾ ਨੂੰ ਬਰਕਰਾਰ ਰੱਖਣ ਅਤੇ ਸਾਰੇ ਧਰਮਾਂ ਦੇ ਸਤਿਕਾਰ ਲਈ ਇੰਨੀਆਂ ਕੁਰਬਾਨੀਆਂ ਦਿੱਤੀਆਂ ਗਈਆਂ ਹੋਣ। ਉਨ੍ਹਾਂ ਕਿਹਾ ਕਿ ਵਿਸ਼ਵਵਿਆਪੀ ਭਾਈਚਾਰੇ ਦਾ ਸੰਦੇਸ਼ ਦਿੰਦੇ ਹੋਏ ਗੁਰੂ ਸਾਹਿਬ ਜ਼ੁਲਮ ਦੇ ਵਿਰੁੱਧ ਡੱਟ ਕੇ ਖੜ੍ਹੇ ਸਨ ਅਤੇ ਗੁਰੂ ਸਾਹਿਬ ਦਾ ਇਹ ਸੰਦੇਸ਼ ਅੱਜ ਵੀ ਮਨੁੱਖਤਾ ਦਾ ਚਾਨਣ-ਮੁਨਾਰਾ ਬਣ ਰਿਹਾ ਹੈ।

ਦੇਸ਼ ਦੇ ਮੌਜੂਦਾ ਹਾਲਾਤਾਂ ਬਾਰੇ ਗੱਲ ਕਰਦਿਆਂ ਵਿੱਤ ਮੰਤਰੀ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਵੱਧ ਰਹੀ ਨਫ਼ਰਤ ਅਤੇ ਲੋਕਤੰਤਰੀ ਸਿਧਾਂਤਾਂ ਦੇ ਘਾਣ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ। ਮਨੀਪੁਰ ਅਤੇ ਉੱਤਰ ਪ੍ਰਦੇਸ਼ ਵਿੱਚ ਹਿੰਸਾ ਬਾਰੇ ਹੋਰ ਬੁਲਾਰਿਆਂ ਵੱਲੋਂ ਦਿੱਤੇ ਗਏ ਹਵਾਲਿਆਂ ਬਾਰੇ ਗੱਲ ਕਰਦਿਆਂ ਉਨ੍ਹਾਂ ਨੇ ਜਾਤੀ ਦੇ ਅਧਾਰ 'ਤੇ ਕੀਤੇ ਜਾਂਦੇ ਅੱਤਿਆਚਾਰਾਂ ਨੂੰ ਉਜਾਗਰ ਕੀਤਾ।ਸ੍ਰੀ ਚੀਮਾ ਨੇ ਕਿਹਾ ਕਿ ਪੰਜਾਬ ਨੂੰ ਵੀ ਯੋਜਨਾਬੱਧ ਢੰਗ ਨਾਲ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜਿਸ ਵਿੱਚ ਸੂਬੇ ਦੀ ਖੇਤੀਬਾੜੀ, ਸਿੱਖਿਆ ਪ੍ਰਣਾਲੀ ਅਤੇ ਦਰਿਆਵਾਂ ਦੇ ਪਾਣੀਆਂ ਨੂੰ ਢਾਹ ਲਾਉਣ ਦੀਆਂ ਸੌੜੀਆਂ ਚਾਲਾਂ ਸ਼ਾਮਲ ਹਨ। ਉਨ੍ਹਾਂ ਨੇ ਰਾਜਧਾਨੀ ਚੰਡੀਗੜ੍ਹ 'ਤੇ ਪੰਜਾਬ ਦੇ ਦਾਅਵੇ ਸਬੰਧੀ ਹਾਲ ਹੀ ਵਿੱਚ ਉੱਠੀਆਂ ਚੁਣੌਤੀਆਂ ਦਾ ਵੀ ਹਵਾਲਾ ਦਿੱਤਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨਾਂ ਦੀਆਂ ਸਿੱਖਿਆਵਾਂ ਦੀ ਪਾਲਣਾ ਕਰਦਿਆਂ ਪੰਜਾਬ ਦੇ ਤਿੰਨ ਕਰੋੜ ਲੋਕ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਲਈ ਵਚਨਬੱਧ ਹਨ ਅਤੇ ਸੂਬੇ ਦੇ ਹੱਕਾਂ ਲਈ ਦ੍ਰਿੜਤਾ ਨਾਲ ਲੜਨਗੇ। ਵਿੱਤ ਮੰਤਰੀ ਨੇ ਭਾਈ ਜੈਤਾ ਜੀ ਦੀ ਵਿਰਾਸਤ ਨੂੰ ਪ੍ਰਤੀਕਾਤਮਕ ਪਹਿਲ ਦੇ ਨਾਲ ਨਾਲ ਵਿਧਾਨਕ ਕਾਰਵਾਈ ਰਾਹੀਂ ਸਨਮਾਨ ਦੇਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸ਼ਲਾਘਾ ਕੀਤੀ।

# ਲਖੀਮਪੁਰ ਖੀਰੀ 'ਚ ਦਰਦਨਾਕ ਹਾਦਸਾ

## ਨਹਿਰ ਵਿੱਚ ਡਿੱਗੀ ਗੱਡੀ, 5 ਲੋਕਾਂ ਦੀ ਦਰਦਨਾਕ ਮੌਤ





ਉੱਤਰ ਪ੍ਰਦੇਸ਼: ਲਖੀਮਪੁਰ ਖੀਰੀ ਵਿੱਚ ਬੁੱਧਵਾਰ ਸਵੇਰੇ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ। ਢਾਖੇਰਵਾ ਗਿਰਜਾਪੁਰੀ ਹਾਈਵੇਅ 'ਤੇ ਇੱਕ ਕਾਰ ਬੇਕਾਬੂ ਹੋ ਕੇ ਨਹਿਰ ਵਿੱਚ ਡਿੱਗ ਗਈ। ਪੰਜ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਇੱਕ ਦੇ ਜ਼ਖਮੀ ਹੋਣ ਦੀ ਖ਼ਬਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਹਾਦਸਾ ਜ਼ਿਲ੍ਹਾ ਹੈੱਡਕੁਆਰਟਰ ਤੋਂ 55 ਕਿਲੋਮੀਟਰ ਦੂਰ ਪਧੂਆ ਥਾਣਾ ਖੇਤਰ ਦੇ ਢਾਖੇਰਵਾ-ਗਿਰਜਾਪੁਰੀ ਹਾਈਵੇਅ 'ਤੇ ਪਾਰਸ ਪੁਰਵਾ ਪਿੰਡ ਨੇੜੇ ਵਾਪਰਿਆ। ਵਿਆਹ ਸਮਾਗਮ ਤੋਂ ਵਾਪਸ ਆ ਰਹੀ ਇੱਕ ਆਲਟੋ ਕਾਰ 30 ਫੁੱਟ ਹੇਠਾਂ ਸੋਤੀ ਨਦੀ ਵਿੱਚ ਡਿੱਗ ਗਈ। ਕਾਰ ਡਿੱਗਣ ਦੀ ਆਵਾਜ਼ ਸੁਣ ਕੇ, ਆਸ-ਪਾਸ ਦੇ ਲੋਕ ਘਟਨਾ ਸਥਾਨ 'ਤੇ ਪੁੱਜੇ। ਨਦੀ ਦੇ ਤੇਜ਼ ਵਹਾਅ ਵਿੱਚ ਕਾਰ 30-40 ਫੁੱਟ ਤੱਕ ਵਹਿ ਗਈ। ਫਿਰ ਇਹ ਨਦੀ ਵਿੱਚ ਡੁੱਬ ਗਈ। ਲੋਕਾਂ ਨੇ ਪੁਲਿਸ ਨੂੰ ਸੂਚਿਤ ਕੀਤਾ। ਟਾਰਚ ਦੀ ਰੌਸ਼ਨੀ ਦੀ ਵਰਤੋਂ ਕਰਕੇ, ਪਿੰਡ ਵਾਸੀ ਕਿਸ਼ਤੀਆਂ ਵਿੱਚ ਨਦੀ ਵਿੱਚ ਵੜੇ। ਉਨ੍ਹਾਂ ਨੇ ਕਾਰ ਨਾਲ ਰੱਸੀ ਬੰਨ੍ਹ ਕੇ ਉਸਨੂੰ ਬਾਹਰ ਕੱਢਿਆ। ਫਿਰ ਉਨ੍ਹਾਂ ਨੇ ਖਿੜਕੀ ਤੋੜ ਦਿੱਤੀ ਅਤੇ ਅੰਦਰਲੇ ਲੋਕਾਂ ਨੂੰ ਬਾਹਰ ਕੱਢਿਆ। ਜਿਸ ਤੋਂ ਬਾਅਦ ਸਾਰਿਆਂ ਨੂੰ ਸੀਐਚਸੀ ਰਾਮੀਆ ਬੇਹਾੜ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਪੰਜ ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਹਾਦਸੇ ਵਿੱਚ ਪੰਜ ਲੋਕਾਂ ਦੀ ਮੌਤ ਹੋ ਗਈ। ਡਰਾਈਵਰ ਨੂੰ ਸੀਪੀਆਰ ਦੁਆਰਾ ਬਚਾਇਆ ਗਿਆ। ਮ੍ਰਿਤਕਾਂ ਦੀ ਪਛਾਣ ਜਤਿੰਦਰ (23), ਘਨਸ਼ਿਆਮ (25), ਲਾਲਜੀ (45), ਸੁਰੇਸ਼ (50) ਅਤੇ ਫੁਰਚਾਲੀ ਅਹਿਮਦ (50) ਵਜੋਂ ਹੋਈ ਹੈ। ਫੁਰਚਾਲੀ ਨੂੰ ਛੱਡ ਕੇ, ਚਾਰੇ ਬਹਿਰਾਈਚ ਦੇ ਘਾਘਰਾ ਬੈਰਾਜ 'ਤੇ ਚੌਥੇ ਦਰਜੇ ਦੇ ਕਰਮਚਾਰੀ ਸਨ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਇਸ ਦੁਖਦਾਈ ਸੜਕ ਹਾਦਸੇ ਦਾ ਨੋਟਿਸ ਲਿਆ ਹੈ। ਮੁੱਖ ਮੰਤਰੀ ਨੇ ਦੁਖੀ ਪਰਿਵਾਰਾਂ ਪ੍ਰਤੀ ਡੂੰਘੀ ਸੰਵੇਦਨਾ ਪ੍ਰਗਟ ਕੀਤੀ ਹੈ। ਉਨ੍ਹਾਂ ਸਥਾਨਕ ਪ੍ਰਸ਼ਾਸਨ ਨੂੰ ਤੁਰੰਤ ਹਾਦਸੇ ਵਾਲੀ ਥਾਂ 'ਤੇ ਪਹੁੰਚਣ ਦੇ ਨਿਰਦੇਸ਼ ਦਿੱਤੇ ਹਨ।ਰਾਹਤ ਕਾਰਜਾਂ ਨੂੰ ਤੇਜ਼ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ ਹਨ।

# ਪਹਿਲਾਂ ਹੜ੍ਹਾਂ ਕਾਰਨ ਫ਼ਸਲਾਂ ਦਾ ਖ਼ਰਾਬਾ, ਹੁਣ ਜ਼ਮੀਨ ਵਾਹੀਯੋਗ ਨਹੀਂ

ਹੜ੍ਹਾਂ ਦੌਰਾਨ ਮੰਡ ਖੇਤਰ ਵਿੱਚ ਦਰਿਆਵਾਂ ਦੀ ਮਾਰ ਹੇਠ ਆਈ ਜ਼ਮੀਨ ਦੇ ਮਾਲਕ ਕਿਸਾਨ ਜਿਥੇ ਉਸ ਵੇਲੇ ਆਪਣੀ ਝੋਨੇ ਦੀ ਫਸਲ ਪੂਰੀ ਤਰ੍ਹਾਂ ਨਾਲ ਤਬਾਹ ਕਰਵਾ ਬੈਠੇ ਉਥੇ ਹਜ਼ਾਰਾਂ ਏਕੜ ਜ਼ਮੀਨ ਹਾਲੇ ਤੱਕ ਵੀ ਵਾਹੀਯੋਗ ਨਾ ਬਣਨ ਕਰਕੇ ਕਿਸਾਨ ਵਲੋਂ ਕਣਕ ਵੀ ਨਹੀਂ ਬੀਜੀ ਜਾ ਸਕੀਙ ਸਥਿਤੀ ਦਾ ਤਸੱਲੀਬਖਸ਼ ਪਹਿਲੂ ਇਹ ਹੈ ਕਿ ਇਲਾਕੇ ਦੇ ਹੜ੍ਹਾਂ ਤੋਂ ਪ੍ਰਭਾਵਿਤ ਕਿਸਾਨਾਂ ਦੀ ਮਦਦ ਕਰਨ ਲਈ ਜਿਥੇ ਕਈ ਸਮਾਜ ਸੇਵੀ ਜਥੇਬੰਦੀਆਂ ਕਿਸਾਨ ਦੀ ਬਾਂਹ ਫੜਨ ਲਈ ਅੱਗੇ ਆਈਆਂ ਹਨ ਉਥੇ ਮਾਰ ਹੇਠ ਆਈ ਰੇਤ ਤੇ ਭਲ ਨਾਲ ਭਰ ਗਈ ਹਜ਼ਾਰਾਂ ਏਕੜ ਜ਼ਮੀਨ ਨੂੰ ਸਾਫ਼ ਕਰਨਾ ਮੁਸ਼ਕਲ ਹੈਙ ਇਲਾਕੇ ਦੇ ਪਿੰਡ ਚੰਬਾ ਕਲਾਂ ਦੀ ਕੁੱਲ 1500 ਏਕੜ ਜ਼ਮੀਨ ਪ੍ਰਭਾਵਿਤ ਹੋਈ ਸੀ ਜਿਸ ਵਿੱਚੋਂ 500 ਏਕੜ ਜ਼ਮੀਨ ਵਿੱਚ ਹੀ ਕਣਕ ਦੀ ਬਿਜਾਈ ਕੀਤੀ ਜਾ ਸਕੀ ਹੈਙ ਪਿੰਡ ਦੇ ਕਿਸਾਨ ਮਾਸਟਰ ਦਲਬੀਰ ਸਿੰਘ, ਸਾਬਕਾ ਸਰਪੰਚ ਬਲਕਾਰ ਸਿੰਘ, ਪਰਗਟ ਸਿੰਘ ਚੰਬਾ, ਅਜੀਤਪਾਲ ਸਿੰਘ ਆਦਿ ਨੇ ਕਿਹਾ ਕਿ 1000 ਏਕੜ ਜ਼ਮੀਨ ਦੇ 300 ਦੇ ਕਰੀਬ ਮਾਲਕ ਕਿਸਾਨ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹਨਙ ਉਨ੍ਹਾਂ ਨੂੰ ਖਰਾਬ ਫਸਲ ਦਾ ਅੱਜ ਤੱਕ ਨਾ ਮੁਆਵਜ਼ਾ ਮਿਲਿਆ ਹੈ ਅਤੇ ਨਾ ਹੀ ਉਨ੍ਹਾਂ ਦੀ ਜ਼ਮੀਨ ਨੂੰ ਵਾਹੀਯੋਗ ਬਣਾਉਣ ਲਈ ਕਿਸੇ ਸਰਕਾਰੀ ਅਧਿਕਾਰੀ ਜਾ ਵਿਧਾਇਕ ਨੇ ਉਨ੍ਹਾਂ ਦੀ ਬਾਤ ਪੁੱਛੀ ਹੈਙ ਪਿੰਡ ਮੁੰਡਾਪਿੰਡ ਦੀ ਤਾਂ 1200 ਏਕੜ ਜ਼ਮੀਨ ਖਰਾਬ ਹੋ ਜਾਣ ਕਰਕੇ ਉਸ ਵਿੱਚ ਕਣਕ ਨਹੀਂ ਬੀਜੀ ਜਾ ਸਕੀਙ ਕਾਰ ਸੇਵਾ ਸੰਪਰਦਾਇ ਸਰਹਾਲੀ ਸਾਹਿਬ ਦੇ ਮੁਖੀ ਬਾਬਾ ਸੁੱਖਾ ਸਿੰਘ ਤੇ ਬਾਬਾ ਹਾਕਮ ਸਿੰਘ ਦੇ ਉੱਦਮ ਨਾਲ ਮੰਡ ਖੇਤਰ ਦੇ ਪਿੰਡ ਧੁੰਨ, ਕਰਮੂੰਵਾਲਾ, ਘੜਕਾ ਆਦਿ ਦੇ ਕਿਸਾਨਾਂ ਦੀ ਖਰਾਬ ਹੋਈ ਜ਼ਮੀਨ ਨੂੰ ਵਾਹੀਯੋਗ ਬਣਾਉਣ ਲਈ ਪਿਛਲੇ ਤਿੰਨ ਹਫਤਿਆਂ ਤੋਂ ਟਰੈਕਟਰ-ਟਰਾਲੀਆਂ ਲਗਾਈਆਂ ਹੋਈਆਂ ਹਨ।

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ
PUNJAB STAR TV
ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ
ਪੰਜਾਬ ਸਟਾਰ ਟੀਵੀ
ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666
NOW WIDELY AVAILABLE IN AMERICA & CANADA
For informatin call Lakhwinder Sandhu
905-673-7666
IPTV
Roku
eBaba Ent
webtv
YUPPTV
GET IT ON Google Play
Shava tv
jadoo tv
Cruze tv
amazon fireTV

# ਡੇਰਾਬੱਸੀ 'ਚ ਨਾਮੀ ਗੈਂਗ ਦੇ 4 ਬਦਮਾਸ਼ਾਂ ਦਾ ਐਨਕਾਊਂਟਰ, ਭਾਰੀ ਮਾਤਰਾ 'ਚ ਕਾਰਤੂਸ ਵੀ ਬਰਾਮਦ



ਮੋਹਾਲੀ ਦੇ ਡੇਰਾਬੱਸੀ-ਅੰਬਾਲਾ ਹਾਈਵੇ 'ਤੇ ਬੁੱਧਵਾਰ ਦੁਪਹਿਰ ਨੂੰ ਪੁਲਿਸ ਅਤੇ ਅਪਰਾਧੀਆਂ ਵਿਚਾਲੇ ਮੁਠਭੇੜ ਹੋਈ। ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਕੁਝ ਅਪਰਾਧੀ ਕਿਸੇ ਵੱਡੀ ਵਾਰਦਾਤ ਦੀ ਯੋਜਨਾ ਬਣਾ ਰਹੇ ਹਨ। ਸੂਚਨਾ ਮਿਲਣ 'ਤੇ ਪੁਲਿਸ ਨੇ ਇਲਾਕੇ ਨੂੰ ਘੇਰ ਲਿਆ ਅਤੇ ਦੋਸ਼ੀਆਂ ਨੇ ਪੁਲਿਸ ਟੀਮ 'ਤੇ ਗੋਲੀਬਾਰੀ ਕਰ ਦਿੱਤੀ।

ਦੱਸਿਆ ਜਾ ਰਿਹਾ ਹੈ ਕਿ ਨਾਮੀ ਗੈਂਗਸਟਰ ਦੇ ਸ਼ੂਟਰਾਂ ਨੇ ਪੁਲਿਸ 'ਤੇ ਗੋਲੀਬਾਰੀ ਕੀਤੀ। ਜਵਾਬੀ ਕਾਰਵਾਈ ਵਿੱਚ ਪੁਲਿਸ ਨੇ ਵੀ ਫਾਇਰਿੰਗ ਕੀਤੀ, ਜਿਸ ਵਿੱਚ ਦੋ ਅਪਰਾਧੀ ਜ਼ਖਮੀ ਹੋ ਗਏ। ਇਸ ਕਾਰਵਾਈ ਦੌਰਾਨ ਪੁਲਿਸ ਨੇ ਚਾਰ ਬਦਮਾਸ਼ਾਂ ਨੂੰ ਗ੍ਰਿਫਤਾਰ ਕੀਤਾ। ਜ਼ਖਮੀ ਦੋਸ਼ੀਆਂ ਨੂੰ ਡੇਰਾਬੱਸੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਪੁਲਿਸ ਨੇ ਦੋਸ਼ੀਆਂ ਤੋਂ ਵੱਡੀ ਮਾਤਰਾ ਵਿੱਚ ਹਥਿਆਰ ਅਤੇ ਗੋਲਾ ਬਾਰੂਦ ਬਰਾਮਦ ਕੀਤਾ ਹੈ। ਪੁਲਿਸ ਜਲਦੀ ਹੀ ਪੂਰੀ ਜਾਣਕਾਰੀ ਸਾਂਝੀ ਕਰੇਗੀ।

ਬਰਾਮਦ ਕੀਤੇ ਗਏ ਹਥਿਆਰਾਂ ਦੀ ਫੋਰੈਂਸਿਕ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪੁਲਿਸ ਨੂੰ ਸ਼ੱਕ ਹੈ ਕਿ ਹੋਰ ਅਪਰਾਧੀ ਵੀ ਇਸ ਵਿੱਚ ਸ਼ਾਮਲ ਹੋ ਸਕਦੇ ਹਨ। ਪੁਲਿਸ ਗੈਂਗ ਦੇ ਹੋਰ ਸਾਥੀਆਂ ਦੀ ਭਾਲ ਲਈ ਇਲਾਕੇ ਵਿੱਚ ਛਾਪੇਮਾਰੀ ਕਰ ਰਹੀ ਹੈ। ਸੀਨੀਅਰ ਅਧਿਕਾਰੀਆਂ ਨੇ ਮੌਕੇ ਦਾ ਦੌਰਾ ਕੀਤਾ ਅਤੇ ਸਥਾਨਕ ਪੁਲਿਸ ਟੀਮ ਦੀ ਤੁਰੰਤ ਕਾਰਵਾਈ ਦੀ ਪ੍ਰਸ਼ੰਸਾ ਕੀਤੀ।

ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਇਹ ਜਾਣਕਾਰੀ ਐਕਸ 'ਤੇ ਪੋਸਟ ਕੀਤੀ। ਉਨ੍ਹਾਂ ਲਿਖਿਆ ਕਿ ਅੱਜ ਦੁਪਹਿਰ ਡੇਰਾਬਸੀ-ਅੰਬਾਲਾ ਹਾਈਵੇਅ 'ਤੇ ਸਟੀਲ ਸਟ੍ਰਿਪਸ ਟਾਵਰਾਂ ਨੇੜੇ ਪੁਲਿਸ ਅਤੇ ਨਾਮੀ ਗੈਂਗ ਨਾਲ ਜੁੜੇ ਗੋਲਡੀ ਵਿੱਲੋਂ ਵਿਚਕਾਰ ਇੱਕ ਮੁਕਾਬਲਾ ਹੋਇਆ। ਗੈਂਗ ਮੈਂਬਰ ਹਾਈਵੇਅ ਦੇ ਨੇੜੇ ਇੱਕ ਘਰ ਵਿੱਚ ਲੁਕਿਆ ਹੋਇਆ ਸੀ। ਜਦੋਂ ਪੁਲਿਸ ਤਲਾਸ਼ੀ ਮੁਹਿੰਮ ਚਲਾ ਰਹੀ ਸੀ ਤਾਂ ਉਸਨੇ ਪੁਲਿਸ 'ਤੇ ਗੋਲੀਬਾਰੀ ਕਰ ਦਿੱਤੀ।

# ਚੰਡੀਗੜ੍ਹ 'ਚ ਵੱਡੀ ਗਿਣਤੀ 'ਚ ਪੁੱਜਣਗੇ ਕਿਸਾਨ

## ਰੈਲੀ ਨੂੰ ਲੈ ਕੇ ਭਾਰੀ ਫ਼ੋਰਸ ਤੈਨਾਤ; ਟ੍ਰੈਫਿਕ ਐਡਵਾਇਜ਼ਰੀ ਜਾਰੀ



ਚੰਡੀਗੜ੍ਹ: ਚੰਡੀਗੜ੍ਹ ਵਿੱਚ ਅੱਜ ਹੋਣ ਵਾਲੀ ਸੰਯੁਕਤ ਕਿਸਾਨ ਮੋਰਚਾ (SKM) ਦੀ ਰੈਲੀ ਲਈ ਕਿਸਾਨ ਸਵੇਰ ਤੋਂ ਹੀ ਸੈਕਟਰ 43 ਦੇ ਦੁਸਹਿਰਾ ਮੈਦਾਨ ਵਿੱਚ ਪਹੁੰਚਣੇ ਸ਼ੁਰੂ ਹੋ ਗਏ ਹਨ। ਇਸ ਰੈਲੀ ਵਿੱਚ ਪੰਜਾਬ ਦੇ ਲਗਭਗ 10,000 ਕਿਸਾਨ ਅਤੇ 30 ਕਿਸਾਨ ਸੰਗਠਨਾਂ ਦੇ ਪੁੱਜਣ ਦੀ ਉਮੀਦ ਹੈ। ਇਸ ਦੌਰਾਨ, ਰੈਲੀ ਵਾਲੀ ਥਾਂ 'ਤੇ ਕਿਸਾਨਾਂ ਵੱਲੋਂ ਵਿਆਪਕ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਕਿਸਾਨਾਂ ਦੇ ਰੈਲੀ ਸਥਾਨ 'ਤੇ ਸਟੇਜ ਵੀ ਤਿਆਰ ਕੀਤੀ ਗਈ ਹੈ।

ਐਸਕੇਐਮ ਖੇਤੀ ਕਾਨੂੰਨਾਂ ਵਿਰੁੱਧ ਆਪਣੇ ਸੰਘਰਸ਼ ਦੀ ਪੰਜਵੀਂ ਵਰ੍ਹੇਗੰਢ ਨੂੰ ਮਨਾਉਣ ਲਈ ਇਹ ਰੈਲੀ ਆਯੋਜਿਤ ਕਰ ਰਿਹਾ ਹੈ। ਪ੍ਰਸ਼ਾਸਨ ਨੇ ਭੀੜ ਨੂੰ ਕੰਟਰੋਲ ਕਰਨ ਲਈ ਸੈਕਟਰ 43 ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਟ੍ਰੈਫਿਕ ਡਾਇਵਰਸ਼ਨ ਲਾਗੂ ਕੀਤੇ ਹਨ। ਪੁਲਿਸ ਨੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ 3,000 ਕਰਮਚਾਰੀ ਤਾਇਨਾਤ ਕੀਤੇ ਹਨ।

ਚੰਡੀਗੜ੍ਹ ਟ੍ਰੈਫਿਕ ਪੁਲਿਸ ਨੇ 26 ਨਵੰਬਰ, 2025 ਲਈ ਇੱਕ ਵਿਸਤ੍ਰਿਤ ਟ੍ਰੈਫਿਕ ਸਲਾਹ ਜਾਰੀ ਕੀਤੀ ਹੈ, ਜਿਸ ਵਿੱਚ ਸ਼ਹਿਰ ਭਰ ਵਿੱਚ ਕਈ ਪਾਬੰਦੀਆਂ ਦੀ ਰੂਪਰੇਖਾ ਦਿੱਤੀ ਗਈ ਹੈ। ਇਹ ਜਾਣਕਾਰੀ ਵਿਭਾਗ ਦੇ ਅਧਿਕਾਰਤ X (ਪਹਿਲਾਂ ਟਵਿੱਟਰ) ਹੈਂਡਲ 'ਤੇ ਸਾਂਝੀ ਕੀਤੀ ਗਈ ਹੈ। ਇਹ ਟਰੈਫਿਕ ਐਡਵਾਇਜ਼ਰੀ "ਵਿਸ਼ੇਸ਼ ਪ੍ਰਬੰਧਾਂ ਦੇ ਮੱਦੇਨਜ਼ਰ" ਜਾਰੀ ਕੀਤੀ ਗਈ ਹੈ ਅਤੇ ਯਾਤਰੀਆਂ ਨੂੰ ਟ੍ਰੈਫਿਕ ਜਾਮ ਤੋਂ ਬਚਣ ਲਈ ਨਿਰਧਾਰਤ ਡਾਇਵਰਸ਼ਨ ਰੂਟਾਂ ਦੀ ਪਾਲਣਾ ਕਰਨ ਦੀ ਬੇਨਤੀ ਕੀਤੀ ਗਈ ਹੈ। ਜਨ ਮਾਰਗ ਦੇ ਇੱਕ ਵੱਡੇ ਹਿੱਸੇ 'ਤੇ ਆਵਾਜਾਈ ਨੂੰ ਮੋੜਿਆ ਜਾਂ ਸੀਮਤ ਕੀਤਾ ਜਾਵੇਗਾ, ਜੋ ਕਿ ਕਜਹੇੜੀ ਚੌਕ (ਸੈਕਟਰ 42/43-52/53) ਤੋਂ ਸ਼ੁਰੂ ਹੋ ਕੇ ਸੈਕਟਰ 42/42 ਛੋਟੇ ਚੌਕ ਤੱਕ ਹੋਵੇਗਾ, ਅਤੇ ਅੱਗੇ ਸੈਕਟਰ 35/36/42/43 ਨੂੰ ਕਵਰ ਕਰਦਾ ਹੋਇਆ ਅਟਾਵਾ ਚੌਕ ਵੱਲ ਜਾਵੇਗਾ। ਦੱਸ ਦਈਏ ਕਿ ਪ੍ਰਸ਼ਾਸਨ ਨੇ ਕਿਸਾਨਾਂ ਨੂੰ ਬਿਨਾਂ ਕਿਸੇ ਸ਼ਰਤ ਦੇ ਤਿੰਨ ਘੰਟੇ ਦੀ ਰੈਲੀ ਕਰਨ ਦੀ ਇਜਾਜ਼ਤ ਦਿੱਤੀ ਹੈ, ਜੋ ਕਿ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਹੋਵੇਗੀ।

# ਪੰਜਾਬ 'ਚ ਠੰਡ ਨੇ ਫੜੀ ਰਫ਼ਤਾਰ!

## ਜਾਣੋ ਆਉਣ ਵਾਲੇ ਦਿਨਾਂ 'ਚ ਕਿਹੋ ਜਿਹਾ ਰਹੇਗਾ ਮੌਸਮ

ਚੰਡੀਗੜ੍ਹ : ਪੰਜਾਬ ਵਿੱਚ ਠੰਡ ਨੇ ਜ਼ੋਰ ਫੜ ਲਿਆ ਹੈ, ਅਤੇ ਲੋਕ ਸਵੇਰੇ-ਸ਼ਾਮ ਠੰਢ ਮਹਿਸੂਸ ਕਰਨ ਲੱਗ ਪਏ ਹਨ। ਸੂਬੇ ਭਰ ਵਿੱਚ ਤਾਪਮਾਨ ਲਗਾਤਾਰ ਡਿੱਗ ਰਿਹਾ ਹੈ। ਬੀਤੇ ਕੱਲ੍ਹ ਫਰੀਦਕੋਟ ਸਭ ਤੋਂ ਠੰਡਾ ਰਿਹਾ ਇਥੇ ਘੱਟੋ-ਘੱਟ ਤਾਪਮਾਨ 4.4 ਡਿਗਰੀ ਸੈਲਸੀਅਸ ਰਿਹਾ। ਮੌਸਮ ਵਿਭਾਗ ਅਨੁਸਾਰ ਅੱਜ ਮੌਸਮ ਖੁਸ਼ਕ ਰਹੇਗਾ। ਕੁਝ ਇਲਾਕਿਆਂ ਵਿੱਚ ਹਲਕੀ ਧੁੰਦ ਵੀ ਪੈ ਸਕਦੀ ਹੈ। ਪਰ ਸੰਘਣੀ ਧੁੰਦ ਜਾਂ ਕਿਸੇ ਹੋਰ ਮੌਸਮੀ ਖ਼ਤਰੇ ਦੀ ਕੋਈ ਚੇਤਾਵਨੀ ਨਹੀਂ ਹੈ। ਮੌਸਮ ਵਿਭਾਗ ਦਾ ਕਹਿਣਾ ਹੈ ਕਿ ਫਿਲਹਾਲ ਮੀਂਹ ਪੈਣ ਦੀ ਕੋਈ ਸੰਭਾਵਨਾ ਨਹੀਂ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਵੀ ਅਸਮਾਨ ਸਾਫ਼ ਰਹੇਗਾ।

ਪਿਛਲੇ 24 ਘੰਟਿਆਂ ਦੌਰਾਨ ਘੱਟੋ-ਘੱਟ ਤਾਪਮਾਨ ਵਿੱਚ ਗਿਰਾਵਟ ਆਈ ਹੈ, ਕਈ ਇਲਾਕਿਆਂ ਵਿੱਚ ਰਾਤ ਦਾ ਤਾਪਮਾਨ 10 ਡਿਗਰੀ ਸੈਲਸੀਅਸ ਤੋਂ ਹੇਠਾਂ ਆ ਗਿਆ ਹੈ। ਮੌਸਮ ਮਾਹਿਰਾਂ ਅਨੁਸਾਰ, ਅੱਜ ਵੀ ਪੂਰੇ ਸੂਬੇ ਵਿੱਚ ਮੌਸਮ ਖੁਸ਼ਕ ਰਹੇਗਾ। 28 ਨਵੰਬਰ ਤੋਂ ਰਾਜ ਦੇ ਜ਼ਿਆਦਾਤਰ ਜ਼ਿਲ੍ਹਿਆਂ ਵਿੱਚ ਰਾਤ ਦੇ ਤਾਪਮਾਨ ਵਿੱਚ ਹੋਰ ਗਿਰਾਵਟ ਆਉਣ ਦੀ ਉਮੀਦ ਹੈ। ਕਈ ਥਾਵਾਂ 'ਤੇ ਪਾਰਾ 4 ਤੋਂ 6 ਡਿਗਰੀ ਸੈਲਸੀਅਸ ਤੱਕ ਪਹੁੰਚ ਸਕਦਾ ਹੈ। ਜਲੰਧਰ, ਕਪੂਰਥਲਾ, ਪਟਿਆਲਾ, ਸੰਗਰੂਰ, ਫਤਿਹਗੜ੍ਹ ਸਾਹਿਬ, ਲੁਧਿਆਣਾ ਅਤੇ ਮੋਹਾਲੀ ਦੇ ਕੁਝ ਹਿੱਸਿਆਂ ਵਿੱਚ ਘੱਟੋ-ਘੱਟ ਤਾਪਮਾਨ 6 ਤੋਂ 8 ਡਿਗਰੀ ਸੈਲਸੀਅਸ ਦੇ ਆਸ-ਪਾਸ ਰਹਿ ਸਕਦਾ ਹੈ। ਮੌਸਮ ਵਿਭਾਗ ਅਨੁਸਾਰ ਇਸ ਸਮੇ ਉੱਤਰੀ ਅਤੇ ਉੱਤਰ-ਪੂਰਬੀ ਜ਼ਿਲ੍ਹਿਆਂ ਵਿੱਚ ਦਿਨ ਦਾ ਵੱਧ ਤੋਂ ਵੱਧ ਤਾਪਮਾਨ 22 ਤੋਂ 24 ਡਿਗਰੀ ਸੈਲਸੀਅਸ ਰਹਿਣ ਦੀ ਉਮੀਦ ਹੈ। ਹੋਰ ਜ਼ਿਲ੍ਹਿਆਂ ਵਿੱਚ, ਦਿਨ ਦਾ ਤਾਪਮਾਨ 24 ਤੋਂ 26 ਡਿਗਰੀ ਸੈਲਸੀਅਸ ਦੇ ਵਿਚਕਾਰ ਰਹਿ ਸਕਦਾ ਹੈ। ਦੱਖਣ-ਪੱਛਮੀ ਪੰਜਾਬ ਵਿੱਚ ਦਿਨ ਦਾ ਤਾਪਮਾਨ ਆਮ ਨਾਲੋਂ ਥੋੜ੍ਹਾ ਘੱਟ ਰਹੇਗਾ।

# 25 ਨਵੰਬਰ 2025 ਨੂੰ ਓਨਟਾਰੀਓ ਖਾਲਸਾ ਦਰਬਾਰ ਵਿਖੇ

## ਨੌਵੇ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ 350 ਸਾਲਾ ਸ਼ਹੀਦੀ ਸ਼ਤਾਬਦੀ ਮਨਾਈ ਗਈ



ਕੈਨੇਡਾ ਦੇ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਓਨਟਾਰੀਓ ਖਾਲਸਾ ਦਰਬਾਰ ਵਿਖੇ ਨੌਵੇ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮਨਾਈ ਗਈ ਅਤੇ ਸਾਰਾ ਦਿਨ ਗੁਰਮਤਿ ਸਮਾਗਮ ਕਰਵਾਏ ਗਏ ਜਿਸ ਵਿੱਚ ਸਿੱਖ ਪੰਥ ਦੇ ਪ੍ਰਸਿੱਧ ਕਥਾਵਾਚਕ, ਢਾਡੀ ਅਤੇ ਰਾਗੀ ਜੱਥਿਆ ਵੱਲੋਂ ਹਾਜ਼ਰੀ ਭਰੀ ਗਈ । ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਭੁਪਿੰਦਰ ਸਿੰਘ ਅਤੇ ਦੂਜੇ ਗ੍ਰੰਥੀ ਸਿੰਘਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ। ਇਨ੍ਹਾ ਸਮਾਗਮਾਂ ਵਿਚ ਹਾਜ਼ਰ ਸੰਗਤਾਂ ਨੂੰ ਸੰਬੋਧਨ ਕਰਦਿਆਂ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਭਾਈ ਹਰਪਾਲ ਸਿੰਘ ਨੇ ਜੀ ਨੌਵੇ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦੁਰ ਜੀ ਸ਼ਹਾਦਤ ਨੂੰ ਯਾਦ ਕਰਾਇਆ ਅਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨਾਲ ਜੁੜਨ ਦਾ ਸੱਦਾ ਦਿੱਤਾ । ਤੇ ਸਮੂਹ ਸੰਗਤ ਨੂੰ ਬੇਨਤੀ ਕੀਤੀ ਕੇ ਆਪਣੇ ਬੱਚਿਆ ਨੂੰ ਗੁਰੂ ਘਰ ਅਤੇ ਗੁਰੂ ਘਰ ਵਿੱਚ ਚੱਲ ਰਹੇ ਗੁਰਮਤਿ ਸਕੂਲ ਵਿੱਚ ਜ਼ਰੂਰ ਲੈ ਕੇ ਆਓ ਤਾ ਜੋ ਬੱਚਿਆ ਨੂੰ ਪਤਾ ਲੱਗ ਸਕੇ ਕੇ ਸਾਡੇ ਗੁਰੂ ਸਹਿਬਾਨਾ ਨੇ ਆਪਣੇ ਤੇ ਹੋਰ ਧਰਮਾ ਤੇ ਮੁਨੱਖੀ ਹੱਕਾ ਦੀ ਰਾਖੀ ਦੇ ਲਈ ਸ਼ਹਾਦਤ ਦਿਤੀ । ਸਟੇਜ ਸਕੱਤਰ ਦੀ ਸੇਵਾ ਨਿਭਾਉਂਦਿਆਂ ਗੁਰੂ ਘਰ ਦੇ ਮੁੱਖ ਸਕੱਤਰ ਭਾਈ ਪਰਮਜੀਤ ਸਿੰਘ ਗਿੱਲ ਅਤੇ ਸਹਾਇਕ ਸਕੱਤਰ ਸਰਬਜੀਤ ਸਿੰਘ ਜੀ ਨੇ ਸਮੂਹ ਸੰਗਤ ਨੂੰ ਸੰਬੋਧਨ ਕਰਦੇ ਹੋਇਆ ਗੁਰੂ ਸਾਹਿਬ ਦੇ ਜੀਵਨ ਤੇ ਝਾਤ ਪਾਈ ਤੇ ਦੱਸਿਆ ਕੇ ਕਿਵੇ ਗੁਰੂ ਸਾਹਿਬ ਜੀ ਨੇ ਮੁਨੱਖੀ ਹੱਕਾਂ ਦੀ ਰਾਖੀ ਲਈ ਆਪਣੇ ਗੁਰਸਿੱਖਾ ਸਮੇਤ ਕਿਵੇ ਸ਼ਹਾਦਤ ਪਾਈ ਇਸ ਮੌਕੇ ਹਾਜ਼ਰ ਸੰਗਤਾਂ ਨੂੰ ਗੁਰੂ ਘਰ ਦੇ ਸਮੂਹ ਹਜ਼ੂਰੀ ਰਾਗੀ ਦਰਬਾਰ ਸਾਹਿਬ ਭਾਈ ਸ਼ਮਸ਼ੇਰ ਸਿੰਘ ਭਾਈ ਦਰਸ਼ਨਜੀਤ ਸਿੰਘ ਤੇ ਭਾਈ ਰਵਿੰਦਰ ਸਿੰਘ ਜਥਿਆਂ ਭਾਈ ਓਂਕਾਰ ਸਿੰਘ ਭਾਈ ਜਗਦੀਸ਼ ਸਿੰਘ ਭਾਈ ਕੁਲਵਿੰਦਰ ਸਿੰਘ ਭਾਈ ਹਰਵਿੰਦਰ ਸਿੰਘ ਭਾਈ ਗੁਰਪ੍ਰੀਤ ਸਿੰਘ ਭਾਈ ਅਵਤਾਰ ਸਿੰਘ ਭਾਈ ਮਨਜੋਤ ਸਿੰਘ ਭਾਈ ਇੰਦਰਜੀਤ ਸਿੰਘ ਤੇ ਅਖੰਡ ਕੀਰਤਨੀ ਜੱਥੇ ਨੇ ਗੁਰਬਾਣੀ ਕੀਰਤਨ ਅਤੇ ਪ੍ਰਿੰਸੀਪਲ ਗਿਆਨੀ ਗੁਰਬਚਨ ਸਿੰਘ ਜੀ ਵੱਲੋਂ ਕਥਾ ਵਿਚਾਰਾਂ ਅਤੇ ਗਿਆਨੀ ਅਮਨਦੀਪ ਸਿੰਘ ਭੁੱਲਾਰਾਈ ਜੀ ਦੇ ਢਾਡੀ ਜਥੇ ਵੱਲੋਂ ਢਾਡੀ ਵਾਰਾਂ ਸਰਵਣ ਕਰਵਾਈਆਂ ਗਈਆਂ । ਇਸ ਮੌਕੇ ਤੇ ਓਂਟਾਰੀਓ ਖ਼ਾਲਸਾ ਦਰਵਾਰ ਦੇ ਸਕੂਲ ਦੇ ਬੱਚਿਆ ਵੱਲੋਂ ਕੀਰਤਨ ਕੀਤਾ ਗਿਆ।

ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ । ਇਸ ਮੌਕੇ ਵਾਈਸ ਪ੍ਰਧਾਨ ਗੁਰਿੰਦਰਜੀਤ ਸਿੰਘ ਭੁੱਲਰ ਚੇਅਰਮੈਨ ਬਲਜੀਤ ਸਿੰਘ ਪੰਡੋਰੀ ਖ਼ਜ਼ਾਨਚੀ ਭੁਪਿੰਦਰ ਸਿੰਘ ਬਾਠ ਨਵਜੀਤ ਸਿੰਘ ਸਰਦਾਰਾ ਸਿੰਘ ਜਸਵਿੰਦਰ ਸਿੰਘ ਗੁਰਦੇਵ ਨਾਹਲ ਦਵਿੰਦਰ ਸਿੰਘ ਧਾਲੀਵਾਲ ਸਾਰੇ ਕਮੇਟੀ ਮੈਂਬਰ ਮੈਨੇਜਰ ਗੁਰਵੀਰ ਸਿੰਘ ਮਜੂਦ ਸਨ

# ਪੰਜਾਬ ਰੋਡਵੇਜ਼ ਦੀ ਬੱਸ ਤੇ ਟਰੱਕ ਦੀ ਆਹਮੋ-ਸਾਹਮਣੀ ਟੱਕਰ; 2 ਹਲਾਕ; 15 ਜ਼ਖ਼ਮੀ

ਫਾਜ਼ਿਲਕਾ ਨੇੜੇ ਅੱਜ ਪੰਜਾਬ ਰੋਡਵੇਜ਼ ਤੇ ਟਰੱਕ ਦੀ ਆਹਮੋ ਸਾਹਮਣੀ ਟੱਕਰ ਵਿਚ ਦੋ ਜਣੇ ਹਲਾਕ ਹੋ ਗਏ ਜਦਕਿ 15 ਸਵਾਰੀਆਂ ਜ਼ਖਮੀ ਹੋ ਗਈਆਂ। ਇਸ ਦੌਰਾਨ ਬੱਸ ਦਾ ਡਰਾਈਵਰ ਇਕ ਘੰਟਾ ਸਟੇਅਰਿੰਗ ਵਿਚ ਫਸਿਆ ਰਿਹਾ ਤੇ ਕਟਰ ਨਾਲ ਸਟੇਅਰਿੰਗ ਨੂੰ ਕੱਟ ਕੇ ਉਸ ਨੂੰ ਬਾਹਰ ਕੱਢਿਆ ਗਿਆ। ਪੁਲੀਸ ਨੇ ਦੱਸਿਆ ਕਿ ਟਰੱਕ ਵਿਚ ਕਬਾੜ ਭਰਿਆ ਹੋਇਆ ਸੀ ਤੇ ਹਾਲੇ ਮ੍ਰਿਤਕਾਂ ਦੀ ਪਛਾਣ ਨਹੀਂ ਹੋਈ। ਇਹ ਹਾਦਸਾ ਤੰਗ ਸੜਕ 'ਤੇ ਹੋਇਆ ਜੋ ਸਿੰਗਲ ਰੋਡ ਹੈ। ਜਾਣਕਾਰੀ ਅਨੁਸਾਰ ਇਹ ਹਾਦਸਾ ਦੇਰ ਸ਼ਾਮ ਵਾਪਰਿਆ। ਪੰਜਾਬ ਰੋਡਵੇਜ਼ ਦੀ ਬੱਸ ਹਰਿਆਣਾ ਦੇ ਸਿਰਸਾ ਤੋਂ ਫਾਜ਼ਿਲਕਾ ਜਾ ਰਹੀ ਸੀ। ਇਸ ਦੀ ਮਲੋਟ ਰੋਡ 'ਤੇ ਟਾਹਲੀਵਾਲਾ ਕੋਲ ਟਰੱਕ ਨਾਲ ਟੱਕਰ ਹੋ ਗਈ।

# ਗਿਆਨੀ ਰਘਬੀਰ ਸਿੰਘ ਨੇ "ਪਵਿੱਤਰ ਸ਼ਹਿਰ" ਦੇ ਪ੍ਰਸਤਾਵ ਦੀ ਕੀਤੀ ਸ਼ਲਾਘਾ

ਅੰਮ੍ਰਿਤਸਰ: ਸ੍ਰੀ ਦਰਬਾਰ ਸਾਹਿਬ ਵਿਖੇ 350ਵੀਂ ਸ਼ਹੀਦੀ ਸ਼ਤਾਬਦੀ ਮੌਕੇ ਮੁੱਖ ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਮੀਡੀਆ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਇਹ ਦਿਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਨੂੰ ਯਾਦ ਕਰਨ ਅਤੇ ਉਨ੍ਹਾਂ ਦੀਆਂ ਮਨੁੱਖਤਾ, ਕੁਰਬਾਨੀ ਅਤੇ ਧਾਰਮਿਕ ਆਜ਼ਾਦੀ ਦੀਆਂ ਸਿੱਖਿਆਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਹੈ। ਉਨ੍ਹਾਂ ਗੁਰੂ ਸਾਹਿਬ ਦੀ ਸ਼ਹਾਦਤ ਦੀ ਮਹੱਤਤਾ ਅਤੇ ਉਨ੍ਹਾਂ ਦੇ ਵਿਸ਼ਵਵਿਆਪੀ ਸੰਦੇਸ਼ ਬਾਰੇ ਸੰਗਤਾਂ ਨਾਲ ਪ੍ਰੇਰਨਾਦਾਇਕ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਅੱਜ ਦਾ ਦਿਨ ਸਾਰੀ ਮਨੁੱਖਤਾ ਲਈ ਬਹੁਤ ਪਵਿੱਤਰ ਹੈ। ਕਿਉਂਕਿ ਲਗਭਗ 350 ਸਾਲ ਪਹਿਲਾਂ ਅੱਜ ਦੇ ਦਿਨ, ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਧਾਰਮਿਕ ਆਜ਼ਾਦੀ, ਮਨੁੱਖੀ ਅਧਿਕਾਰਾਂ ਅਤੇ ਸੱਚ ਦੀ ਰੱਖਿਆ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ ਸੀ। ਗਿਆਨੀ ਰਘਬੀਰ ਸਿੰਘ ਨੇ ਸੰਗਤ ਨੂੰ ਦੁਪਹਿਰ 12 ਵਜੇ ਜਪੁਜੀ ਸਾਹਿਬ ਦਾ ਪਾਠ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਇਹ ਪਾਠ ਗੁਰੂ ਤੇਗ ਬਹਾਦਰ ਸਾਹਿਬ ਦੇ ਚਰਨਾਂ ਵਿੱਚ ਸਾਡੀ ਸ਼ਰਧਾ ਭਰੀ ਭੇਟ ਹੋਵੇਗਾ। ਆਪਣੇ ਸੰਦੇਸ਼ ਵਿੱਚ, ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਅੰਮ੍ਰਿਤਸਰ, ਸ੍ਰੀ ਆਨੰਦਪੁਰ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਪਵਿੱਤਰ ਸ਼ਹਿਰ ਐਲਾਨਣ ਲਈ ਇੱਕ ਪ੍ਰਸਤਾਵ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਇਸ ਕਦਮ ਲਈ ਪੰਜਾਬ ਸਰਕਾਰ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹ ਫੈਸਲਾ ਸਿੱਖ ਭਾਈਚਾਰੇ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰਦਾ ਹੈ।

# ਆਨੰਦਪੁਰ ਸਾਹਿਬ ਨੂੰ 15 ਸਾਲ ਪਹਿਲਾਂ ਅਕਾਲੀ ਦਲ ਦੀ ਸਰਕਾਰ ਨੇ ਪਵਿੱਤਰ ਸ਼ਹਿਰ ਐਲਾਨਿਆ ਸੀ: ਬਾਦਲ



ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਸਮੂਹ ਪੰਥਕ ਧੜਿਆਂ ਵਿੱਚ ਏਕਤਾ ਲਈ ਭਾਵੁਕ ਅਪੀਲ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਿਰਫ਼ ਸਮੂਹਿਕ ਤਾਕਤ ਹੀ ਸਿੱਖਾਂ ਨੂੰ ਸਿਆਸੀ ਤਾਕਤ ਹਾਸਲ ਕਰਨ ਅਤੇ ਉਨ੍ਹਾਂ ਦੀਆਂ ਸੰਸਥਾਵਾਂ ਦੀ ਰਾਖੀ ਕਰਨ ਵਿੱਚ ਮਦਦ ਕਰ ਸਕਦੀ ਹੈ। ਉਹ ਅੱਜ ਗੁਰਦੁਆਰਾ ਸੀਸ ਗੰਜ ਸਾਹਿਬ, ਆਨੰਦਪੁਰ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਵੱਲੋਂ ਕਰਵਾਏ ਗਏ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਸਮਾਗਮ ਵਿੱਚ ਸੰਗਤ ਨੂੰ ਸੰਬੋਧਨ ਕਰ ਰਹੇ ਸਨ।

ਸੁਖਬੀਰ ਨੇ ਕਿਹਾ ਕਿ ਉਹ ਸਿੱਖ ਕੌਮ ਵਿੱਚ ਵੰਡ ਦੇਖ ਕੇ ਬਹੁਤ ਦੁਖੀ ਹਨ। ਉਨ੍ਹਾਂ ਟਿੱਪਣੀ ਕੀਤੀ, "ਈਸਾਈ ਜਾਂ ਹਿੰਦੂ ਕਦੇ ਵੀ ਆਪਣੀਆਂ ਧਾਰਮਿਕ ਸੰਸਥਾਵਾਂ ਦੇ ਵਿਰੁੱਧ ਨਹੀਂ ਬੋਲਦੇ, ਪਰ ਸਿੱਖ ਖੁਦ ਹੀ ਆਪਣੀਆਂ ਸੰਸਥਾਵਾਂ ਨੂੰ ਕਮਜ਼ੋਰ ਕਰ ਰਹੇ ਹਨ।" ਉਨ੍ਹਾਂ ਕਿਹਾ, "ਅਕਾਲੀ ਦਲ ਸਿੱਖ ਹਿੱਤਾਂ ਦੀ ਰਾਖੀ ਲਈ ਬਣਾਇਆ ਗਿਆ ਸੀ ਅਤੇ ਅਸਲੀ ਅਕਾਲੀ ਦਲ ਸ਼੍ਰੋਮਣੀ ਅਕਾਲੀ ਦਲ (ਬਾਦਲ) ਹੈ। ਕਈ ਤਾਕਤਾਂ ਸਿੱਖ ਸੰਸਥਾਵਾਂ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਸਾਨੂੰ ਇਨ੍ਹਾਂ ਹਮਲਿਆਂ ਦਾ ਮੁਕਾਬਲਾ ਕਰਨ ਲਈ ਇਕਜੁੱਟ ਹੋਣਾ ਚਾਹੀਦਾ ਹੈ।" ਉਨ੍ਹਾਂ ਦੋਸ਼ ਲਾਇਆ ਕਿ ਦੇਸ਼ ਭਰ ਵਿੱਚ ਸਿੱਖ ਸੰਸਥਾਵਾਂ ਨੂੰ ਸਰਕਾਰੀ ਕੰਟਰੋਲ ਹੇਠ ਲਿਆਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ, "ਤਖ਼ਤ ਹਜ਼ੂਰ ਸਾਹਿਬ ਕਮੇਟੀ ਵਿੱਚ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪੰਜ ਮੈਂਬਰ ਹੁੰਦੇ ਸਨ, ਪਰ ਹੁਣ ਮਹਾਰਾਸ਼ਟਰ ਸਰਕਾਰ ਨੇ ਤਖ਼ਤ ਹਜ਼ੂਰ ਸਾਹਿਬ ਦਾ ਕੰਟਰੋਲ ਸੰਭਾਲ ਲਿਆ ਹੈ। ਦਿੱਲੀ ਗੁਰਦੁਆਰਾ ਕਮੇਟੀ (DGSGMC) ਨੂੰ ਵੀ ਕੇਂਦਰ ਸਰਕਾਰ ਨੇ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਉਹ ਜਾਣਦੇ ਹਨ ਕਿ ਸਿੱਖ ਕੌਮ ਗੁਰਦੁਆਰਿਆਂ ਤੋਂ ਤਾਕਤ ਹਾਸਲ ਕਰਦੀ ਹੈ ਅਤੇ ਇਸੇ ਲਈ ਉਹ ਕੰਟਰੋਲ ਚਾਹੁੰਦੇ ਹਨ।"

ਇਸ ਦੌਰਾਨ ਸੁਖਬੀਰ ਬਾਦਲ ਨੇ ਕੇਂਦਰ 'ਤੇ ਸ਼੍ਰੋਮਣੀ ਕਮੇਟੀ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ ਅਤੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਨ ਨੂੰ ਇੱਕ ਹੋਰ ਉਦਾਹਰਣ ਵਜੋਂ ਯਾਦ ਕੀਤਾ। ਸੁਖਬੀਰ ਨੇ ਅਕਾਲ ਤਖ਼ਤ ਦੇ ਜਥੇਦਾਰ ਦੇ ਖ਼ਿਲਾਫ਼ ਬੋਲਣ ਲਈ ਪੰਜਾਬ ਦੇ ਮੁੱਖ ਮੰਤਰੀ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਪਹਿਲਾਂ ਕਿਸੇ ਦੀ ਅਜਿਹਾ ਕਰਨ ਦੀ ਹਿੰਮਤ ਨਹੀਂ ਹੁੰਦੀ ਸੀ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਕਿਹਾ, "ਕਿਸੇ ਵੀ ਧਰਮ ਲਈ ਸਿਆਸੀ ਤਾਕਤ ਜ਼ਰੂਰੀ ਹੈ।" ਉਨ੍ਹਾਂ ਅੱਗੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ 15 ਸਾਲ ਪਹਿਲਾਂ ਹੀ ਆਨੰਦਪੁਰ ਸਾਹਿਬ ਨੂੰ ਪਵਿੱਤਰ ਸ਼ਹਿਰ ਐਲਾਨ ਦਿੱਤਾ ਸੀ ਅਤੇ ਦਾਅਵਾ ਕੀਤਾ ਕਿ ਇਲਾਕੇ ਵਿੱਚ ਵੱਡਾ ਵਿਕਾਸ ਅਕਾਲੀ ਸਰਕਾਰਾਂ ਦੌਰਾਨ ਹੋਇਆ। ਇਸ ਮੌਕੇ ਸੀਨੀਅਰ ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ ਸਮੇਤ ਹੋਰ ਆਗੂ ਵੀ ਮੌਜੂਦ ਸਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਨੂੰ ਉਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜੋ 350 ਸਾਲ ਪਹਿਲਾਂ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਸਨ। ਉਨ੍ਹਾਂ ਕਿਹਾ, "ਕੇਂਦਰ ਪੰਜਾਬ ਦੇ ਹੱਕਾਂ 'ਤੇ ਕਬਜ਼ਾ ਕਰ ਰਿਹਾ ਹੈ - ਪੰਜਾਬ ਯੂਨੀਵਰਸਿਟੀ ਦਾ ਮੁੱਦਾ, ਚੰਡੀਗੜ੍ਹ 'ਤੇ ਉਪ-ਰਾਜਪਾਲ ਦੀ ਨਿਯੁਕਤੀ, ਅਤੇ ਭਾਖੜਾ ਵਿੱਚ ਸੀਆਈਐਸਐਫ (CISF) ਦੀ ਤਾਇਨਾਤੀ ਦਿੱਲੀ ਵੱਲੋਂ ਪੰਜਾਬ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਦੀਆਂ ਉਦਾਹਰਣਾਂ ਹਨ।" ਧਾਮੀ ਨੇ ਕੇਂਦਰ ਸਰਕਾਰ 'ਤੇ ਸਿੱਖ ਪੰਥ ਨੂੰ ਵੰਡਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ ਅਤੇ ਜ਼ੋਰ ਦੇ ਕੇ ਕਿਹਾ ਕਿ ਧਾਰਮਿਕ ਸਮਾਗਮਾਂ ਦੇ ਆਯੋਜਨ ਦਾ ਅਧਿਕਾਰ ਸਿਰਫ਼ ਸ਼੍ਰੋਮਣੀ ਕਮੇਟੀ ਕੋਲ ਹੈ।


ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ

ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ

AJWA DATE
FRESH SEED POWDER
UNROASTED | 100% NATURAL | PREMIUM QUALITY



HEART BRAIN LIVER KIDNEYS

**ਅਜਵਾ ਖਜੂਰ ਕੀ ਹੈ?**

ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।

**ਅਜਵਾ ਖਜੂਰ ਦੇ ਫਾਇਦੇ:**

ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।

**ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?**

ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।

ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ

Bestway Food Market, 20 Red Maple Dr., Brampton
Indian Food Land, 45 Dusk Drive, Brampton

ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।

PRODUCT OF CANADA

NUTRA SELECT

ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414



ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ

Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim

- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.



Guaranteed Issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind

RAJPAL BRAR
Your Insurance Specialist
Call for Consultation
416-917-1456

Consolidate your insurance under one policy to save the high cost rather wasting too much money on just policy fees

Trusted Name in the community from the last 12 years for our professional, honest, dedicated & committed service

PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6



Action Auto Collision



ਵੱਡੀ ਅਤੇ ਖੁੱਲ੍ਹੀ ਜਗ੍ਹਾ

Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint

Tel: (416) 746-6699
Fax: (416) 746-6667
2662 Drew Road, Mississauga

ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ

We deal with all Insurance Claim



ਕੀ ਤੁਹਾਡਾ ਪਿਛਲੇ ਸਮੇਂ ਵਿੱਚ

ਕੈਨੇਡਾ ਦਾ

ਵੀਜ਼ਾ ਰੱਦ ਹੋਇਆ ਹੈ ਜਾਂ

ਕੇਸ ਨੂੰ ਫਾਈਲ ਕਰਨ ਤੋਂ ਬਾਅਦ

ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ

ਅੱਜ ਹੀ ਕਾਨੂੰਨੀ ਅਧਿਕਾਰ ਜਾਣਨ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ

CWC IMMIGRATION SOLUTIONS

2565 STEELES AVE. EAST, UNIT-19, BRAMPTON, ON L6T4L6

905 670 4444



GET PRE-APPROVED & SHOP WITH CONFIDENCE

- Save Money ... with one application you get access to many lenders, from major banks to private lenders, so we can find you the mortgage with the best rate and terms that fit your needs.
- Get Pre-Approved ...find out how much you qualify for and get pre-approved so you can choose your dream home with peace of mind.
- Expert Advice ...with many years of experience in the financial industry, you'll get the Right counsel.
- No Cost ...all my services are at no cost to you. OAC. Some restrictions apply.

PURCHASES
REFINANCES
RENEWALS
DEBT CONSOLIDATION
SELF-EMPLOYED
NEW TO CANADA
HOME RENOVATIONS
PRIVATE MORTGAGE
INVESTMENTS

NOW HIRING
Start your career as a Mortgage Professional.
20 Maritime Blvd, Unit #11, Brampton, ON L6S0C2

MORTGAGE ALLIANCE
THE RIGHT BROKER™ THE RIGHT MORTGAGE®



CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ
PUNJABSTAR.COM

**To Contact Us:**

**Editor:**
Simrat Grewal
905-673-7666

**Marketing Director:**
Lakhwinder Singh Sandhu
647-400-7314

**Senior Advisors:**
Harkirat Singh
Abnash Nijjor
Davinder Sandhu
Onkar Grewal

**Technical Director :**
Bobby Bhamra

**Accounts Advisor:**
Sandeep Assi (CGA)
905-450-8999

**Correspondant:**
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

**Registered Office:**
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

**Annual Subscription**
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the claims are those of the advertisers. Please consult your lawyer before buying through the advertisements published in Punjab Star.

# ਬਈ ! ਤੈਨੂੰ ਸੱਤ ਸਲਾਮਾਂ..



ਚਰਨਜੀਤ ਭੁੱਲਰ

ਚੰਡੀਗੜ੍ਹ : ਪੰਜਾਬ ਕਿੰਨਾ ਭਾਗਾਂ ਵਾਲੈ। ਜਿਨ੍ਹਾਂ ਰੰਗ ਭਾਗ ਲਾਏ, ਸੱਤ ਸਲਾਮਾਂ ਐਸੇ ਪ੍ਰਤਾਪੀ ਬੰਦਿਆਂ ਨੂੰ। ਹਰਿਆਣਾ ਦਾ 'ਖੱਟਰ ਯੁੱਗ', ਪੰਜਾਬ ਦਾ 'ਕੱਟੜ ਯੁੱਗ', ਰਹਿੰਦੀ ਦੁਨੀਆ ਤੱਕ ਯਾਦ ਰਹੇਗਾ। 'ਕੀ ਖੱਟਿਆ ਠੋਡੀ ਨੂੰ ਹੱਥ ਲਾ ਕੇ, ਲਾਲਾ-ਲਾਲਾ ਹੋਗੀ ਮਿੱਤਰਾ', ਹਰਿਆਣਾ ਦੀ ਲੀਲਾ ਛੱਡੋ, ਪੰਜਾਬ ਤਾਂ ਮਗੈਂਬੋ ਤੋਂ ਵੱਧ ਖ਼ੁਸ਼ ਹੈ। ਹੁਣ ਪੰਜਾਬ ਦੇ ਸ਼ਾਲੀਮਾਰ ਬਾਗ਼ 'ਚ ਇਮਾਨਦਾਰੀ ਦੀ ਕਾਟੋ ਫੁੱਲਾਂ 'ਤੇ ਖੇਡ ਰਹੀ ਹੈ। ਬਿੰਨੂ ਢਿੱਲੋਂ ਇੱਕ ਪੰਜਾਬੀ ਫ਼ਿਲਮ 'ਚ ਪੁੱਛਣੋਂ ਨੀ ਹਟਦਾ, 'ਕਾਟੋ ਕਾਹਤੋਂ'। ਬਈ! ਇਹ ਕਾਟੋ ਦੀ ਨਿੱਜਤੇ, ਉਹ ਫੁੱਲਾਂ 'ਤੇ ਖੇਡੇ, ਚਾਹੇ ਕੰਡਿਆਂ 'ਤੇ।

ਸਰਕਾਰੀ ਇਮਾਨ ਏਨਾ ਕੱਟੜ ਹੈ ਕਿ ਰਹੇ ਰੱਬ ਦਾ ਨਾਮ। ਚੌਵੀ ਕੈਰੇਟ ਸੋਨੇ ਵਰਗਾ,ਐਨ ਸ਼ੁੱਧ 'ਤੇ ਖਰਾ। ਕੋਈ ਸ਼ੱਕ ਹੋਵੇ ਤਾਂ ਚਾਹੇ ਡੀਆਈਜੀ ਹਰਚਰਨ ਸਿਓਂ ਨੂੰ ਪੁੱਛ ਕੇ ਦੇਖ ਲੈਣਾ। ਸੰਘੀ ਏਜੰਸੀ ਸੀਬੀਆਈ ਦਾ ਕੱਖ ਨਾ ਰਹੇ, ਜੀਹਨੇ ਇਮਾਨ ਨੂੰ ਮੇਕਅਪ ਵੀ ਨੀ ਕਰਨ ਦਿੱਤਾ। ਮੁੰਨੀ ਤੋਂ ਵੱਧ ਬਦਨਾਮ ਕਰ'ਤਾ, ਸਾਢੇ ਸੱਤ ਕਰੋੜ ਦੀ ਮਾਇਆ, ਨਾਲੇ ਢਾਈ ਕਿੱਲੋ ਸੋਨਾ ਅਬਦਾਲੀ ਵਾਂਗੂ ਚੁੱਕ ਕੇ ਅਹੁ ਗਏ। ਕੰਵਰ ਗਰੇਵਾਲ ਨਸੀਹਤਾਂ ਦੀ ਪੰਡ ਖੋਲ੍ਹੀ ਬੈਠਾ, 'ਮੈਂ ਉਹਦੀਆਂ ਗਠੜੀਆਂ ਬੰਨ੍ਹ ਬੈਠਾ, ਜਿਹੜਾ ਨਾਲ ਨਹੀਂ ਜਾਣਾ।' ਭਲਾ ਪੁਰਸ਼ ਕ੍ਰਿਸ਼ਨੂੰ ਪ੍ਰਸ਼ਾਦ, ਕੋਲਿਆਂ ਦੀ ਦਲਾਲੀ 'ਚ ਮੂੰਹ ਕਾਲਾ ਕਰਾ ਬੈਠਾ।



ਅਦਲਾ ਬਦਲੀ ਸਰਕਾਰਾਂ ਦੀ ਹੁੰਦੀ ਹੈ, ਦਲਾਲਾਂ ਦੀ ਨਹੀਂ, ਇਹ ਪ੍ਰਜਾਤੀ ਅਮਰ ਰਹਿੰਦੀ ਹੈ। ਦਲਾਲਪੁਰੀਏ ਨਾ ਹੋਣ ਤਾਂ ਦਫ਼ਤਰੀ ਫਾਈਲਾਂ ਨੂੰ ਸਿਉਂਕ ਛਕ'ਜੇ, ਖੱਜਲ ਜਣੋ! ਇਹੋ ਤਾਂ ਫਾਈਲਾਂ ਨੂੰ ਧੱਕਾ ਲਾਉਂਦੇ ਨੇ। ਇੰਜ ਲੱਗਦੈ ਜਿਵੇਂ ਕ੍ਰਿਸ਼ਨੂੰ ਪ੍ਰਸ਼ਾਦ ਦਲਾਲ ਨੀ, ਐੱਚਆਰ ਮੈਨੇਜਰ ਹੋਵੇ, ਉਹ ਵੀ ਸਦਾਬਹਾਰ। ਹੁਣ ਨੇਕ ਅਫ਼ਸਰਾਂ ਨੂੰ ਧੁੜਕੂ ਲੱਗਿਐ, ਜਿਨ੍ਹਾਂ ਦੇ ਰੈਣ ਬਸੇਰੇ 'ਚ ਕ੍ਰਿਸ਼ਨੂੰ ਪ੍ਰਸ਼ਾਦ ਜੀ ਦੇ ਚਰਨ ਪਏ ਨੇ। ਵਿਜੀਲੈਂਸ ਨੂੰ 'ਖ਼ੁਦਾਈ' ਮੌਕੇ ਇੱਕ ਆਈਏਐੱਸ ਅਫ਼ਸਰ ਦੇ ਘਰੋਂ ਸੋਨੇ ਦੀਆਂ ਨੌ ਇੱਟਾਂ ਮਿਲੀਆਂ। ਇਨ੍ਹਾਂ ਅਫ਼ਸਰਾਂ ਦੀ ਨਿਸ਼ਕਾਮ ਸੇਵਾ ਦਾ ਕਲਯੁਗੀ ਬੰਦਿਆਂ ਨੇ ਧੇਲਾ ਮੁੱਲ ਨੀ ਪਾਇਆ। 'ਇਵੇਂ ਹੋਣੀ ਸੀ ਕਿ ਦੋਸ਼ ਨਣਦ ਨੂੰ ਦੇਵਾਂ'। ਪਰਮੀਸ਼ ਵਰਮਾ ਗਾਰੰਟੀ ਦੇ ਰਿਹੈ, 'ਫ਼ਿਕਰ ਨਾ ਕਰੋ, ਸਭ ਫੜੇ ਜਾਣਗੇ।'

ਕੋਈ ਨਹੀਂ ਫੜੇਗਾ, ਜੇ ਹਰੀ ਸ਼ੰਕਰ ਪਰਸਾਈ ਦੀ ਗੱਲ ਮੰਨੋਗੇ, 'ਰਿਸ਼ਵਤ ਲੇਤਾ ਪਕੜਾ ਜਾਏ ਤੋ ਰਿਸ਼ਵਤ ਦੇ ਕੇ ਛੂਟ।' ਉੜੀਸਾ ਦੇ ਰੇਲਵੇ ਅਫ਼ਸਰ ਦੇ ਘਰੋਂ ਸੰਘੀ ਏਜੰਸੀ ਨੇ 17 ਕਿੱਲੋ ਸੋਨਾ ਵਸੂਲ ਪਾਇਆ ਸੀ। ਸੰਸਦ ਮੈਂਬਰ ਧੀਰਜ ਪ੍ਰਸ਼ਾਦ ਸਾਹ ਦੀ ਕੁਟੀਆ ਚੋਂ 60 ਕਿੱਲੋ ਸੋਨਾ ਮਿਲਿਆ ਸੀ। ਏਧਰ, ਪੰਜਾਬ ਨੂੰ ਰਾਮ ਰਾਜ ਲੱਭਿਐ। ਅਮਿਤਾਭ ਬਚਨ ਪੁੱਛਦਾ ਪਿਐ, ਕੌਣ ਬਣੇਗਾ ਕਰੋੜਪਤੀ। ਮਾਹਤੜਾਂ ਨਾਲ ਤਾਂ ਲੱਛਮੀ ਦੀ ਅਣਬਣ ਐ, ਇਕੱਲੀ ਸਾਹਾਂ ਦੀ ਪੂੰਜੀ ਬਚੀ ਹੈ। ਸ਼ੁੱਧ ਸੋਨੇ ਦੀ ਮਾਲਕੀ ਕ੍ਰਿਸ਼ਨੂੰ ਦੇ ਬੌਸਾਂ ਕੋਲ ਐ। ਕਾਮਰੇਡੀ ਪ੍ਰਵਚਨ ਐ, ਇੱਕ ਬੰਦੇ ਦੀ ਅਮੀਰੀ ਪਿੱਛੇ ਲੱਖਾਂ ਲੋਕਾਂ ਦੀ ਗ਼ਰੀਬੀ ਹੁੰਦੀ ਹੈ।

ਬਾਬਾ ਆਲਮ ਵੀ ਸੱਚ ਆਖਦੈ, 'ਸਾਨੂੰ ਆਟੇ ਦਾ ਵੀ ਘਾਟਾ, ਤੇਰੇ ਕੁੱਤਿਆਂ ਨੂੰ ਖੀਰ, ਤੇਰੇ ਰੇਸ਼ਮੀ ਦੁਸ਼ਾਲੇ, ਸਾਡੇ ਤਨ 'ਤੇ ਨਾ ਲੀਰ।' ਬਾਬਿਓ! ਚਿੰਤਾ ਛੱਡੋ, ਬੱਸ ਸਮਾਜਵਾਦ ਸ਼ੰਭੂ ਬਾਰਡਰ ਟੱਪ ਆਇਐ। ਤੁਸੀਂ ਸ਼ੁਕਰਾਨੇ ਕਰੋ ਕ੍ਰਾਂਤੀਵੀਰਾਂ ਦੇ। ਏਨੀ ਤਾਂ ਪੰਜਾਬੀ ਔਰਤ ਬਜਾਜੀ ਦੀ ਦੁਕਾਨ ਤੇ ਨਹੀਂ ਖਿੜਦੀ ਜਿਨ੍ਹਾਂ ਅੱਜ ਕੱਲ੍ਹ ਪੰਜਾਬ 'ਚ ਇਨਕਲਾਬੀ ਫੁੱਲ ਖਿੜਿਐ। ਥਾਮਸ ਐਡੀਸਨ ਨੇ ਬੱਲਬ ਦੀ ਖੋਜ ਕੀਤੀ, ਹਨੇਰਾ ਦੂਰ ਕੀਤਾ। ਇਵੇਂ ਕੇਜਰੀਵਾਲ ਬਦਲਾਅ ਆਲੀ ਕਰੇਨ ਨਾਲ ਕੁਰੱਪਸ਼ਨ ਨੂੰ ਜੜ੍ਹੋਂ ਪੁੱਟ ਰਿਹੈ। ਮਨੀਸ਼ ਸਿਸੋਦੀਆ ਪੰਜਾਬ ਖ਼ਾਤਰ ਘਰ ਬਾਰ ਛੱਡ ਆਇਆ। ਕਿੰਨੇ ਪਿਆਰ ਨਾਲ 'ਸਾਮ, ਦਾਮ ਤੇ ਦੰਡ' ਦੀ ਪਰਿਭਾਸ਼ਾ ਸਮਝਾ ਰਿਹੈ।

ਪੇਂਡੂ ਬਾਬਾ ਆਖਦੈ, ਭਾਈ! ਅਸੀਂ ਚਾਰ ਸਾਲ ਪਹਿਲਾਂ ਛੱਲੀਆਂ ਆਲੇ ਖੇਤ 'ਚ ਡਰਨਾ ਗੱਡਿਆ ਸੀ, ਡਰਨਾ ਹੀ ਛੱਲੀਆਂ ਲੈ ਕੇ ਭੱਜ ਗਿਆ, ਹੁਣ ਕੀ ਕਰੀਏ। ਕਰਨਾ ਕੀ ਐ, ਸ਼ਾਹਰੁਖ਼ ਖ਼ਾਨ ਨੂੰ ਸੁਣੋ, 'ਬੜੇ ਬੜੇ ਦੇਸ਼ੋਂ ਮੇ ਛੋਟੀ ਛੋਟੀ ਬਾਤੇਂ ਹੋਤੀ ਰਹਿਤੀ ਹੈਂ।' ਜੇ ਫਿਰ ਵੀ ਦਿਲ ਨਾ ਟਿਕੇ, ਸਤਿੰਦਰ ਸਰਤਾਜ ਨੂੰ ਧਿਆ ਲੈਣਾ, 'ਛੱਡ ਮਾਲਕ 'ਤੇ ਡੋਰਾਂ, ਬਹੁਤਾ ਸੋਚੀਂ ਨਾ'। ਸੰਧਵਾਂ ਆਲਾ ਕੁਲਤਾਰ ਸੋਚੀ ਜਾਂਦੈ, ਨਾਲੇ 'ਕਾਲੀਆਂ ਭੇਡਾਂ' ਆਲੀ ਸੂਚੀ ਉਡੀਕੀ ਜਾਂਦੈ।

ਵੱਡੇ ਬਾਦਲ ਨੇ ਫ਼ਰਮਾਨ ਕੀਤਾ, ਕਾਲੀਆਂ ਭੇਡਾਂ ਦੀ ਲਿਸਟ ਬਣਾਓ। ਸਿਆਣੇ ਅਫ਼ਸਰਾਂ ਨੇ ਜੁਆਬੀ ਮਸ਼ਵਰਾ ਦਿੱਤਾ, 'ਚਿੱਟੀਆਂ ਦੀ ਬਣਾ ਲੈਂਦੇ ਹਾਂ, ਨਾਲੇ ਜਲਦੀ ਬਣਜੂ।' ਕੱਟੜ ਇਮਾਨੀ ਅਫ਼ਸਰਾਂ ਦਾ ਕੀ ਕਸੂਰ, ਰੱਬ ਦਾ ਦਿੱਤਾ ਛਕ ਰਹੇ ਨੇ, ਇਕੱਲੇ ਨਹੀਂ, ਵੰਡ ਕੇ। ਸੱਤਿਆ ਫ਼ਿਲਮ ਦਾ ਡਾਇਲਾਗ ਢੁਕਵੇਂ, 'ਇਸ ਸ਼ਹਿਰ ਮੇ ਪੁਲੀਸ ਕੇ ਬਿਨਾਂ ਪੱਤਾ ਨਹੀਂ ਹਿਲਤਾ, ਸਭ ਕੀ ਹਿੱਸੇਦਾਰੀ ਤੈਅ ਹੈ।' ਜਿਨ੍ਹਾਂ ਦਾ ਕਿਤੇ ਹੱਥ ਨੀ ਪੈਂਦਾ, ਉਹ 'ਅੱਜ ਦੇ ਰਾਂਝੇ' ਫਿਲਮ ਦੇ ਸਿਪਾਹੀ ਵਾਂਗੂ ਬੀਵੀ ਨੂੰ ਪੈ ਨਿਕਲਦੇ ਨੇ 'ਕਿਥੋਂ ਲਿਆ ਦਿਆਂ ਰਾਣੀ ਹਾਰ, ਮੈਂ ਸਿਪਾਹੀ ਹਾਂ, ਕੋਈ ਡੀਆਈਜੀ ਨਹੀਂ।'

ਡੀਆਈਜੀ ਹਰਚਰਨ ਸਿਓਂ ਦੇ ਘਰ ਰੱਬ ਦਾ ਦਿੱਤਾ ਸਭ ਕੁੱਝ ਸੀ। ਸੰਘੀ ਏਜੰਸੀ ਨੇ ਸਿੱਧਾ ਰੱਬ ਦੇ ਕੰਮ 'ਚ ਦਖ਼ਲ ਦੇਤਾ। 'ਚੱਲ ਉੱਡ ਜਾ ਰੇ ਪੰਛੀ, ਅਬ ਯੇ ਦੇਸ਼ ਹੂਆ ਬਿਗਾਨਾ'। ਜਿੰਨੇ ਵੀ ਸੋਨਾਮੁਖੀ ਨੇ, ਜਦੋਂ ਭੀੜ ਪਈ, ਫਿਰ ਦੇਸ਼ ਚੇਤੇ ਕਰੇਗਾ। ਖ਼ੁਦਾ ਨਖ਼ਾਸਤਾ, ਕਦੇ ਜੰਗ ਲੱਗ ਜਾਏ। ਚੀਨ ਦੀ ਜੰਗ ਤਾਂ ਯਾਦ ਹੋਊ, ਜਦੋਂ ਲੋਕਾਂ ਨੇ ਦੇਸ਼ ਖ਼ਾਤਰ ਸੋਨਾ ਦਾਨ ਕੀਤਾ ਸੀ। ਮੂਰਖ ਦਾਸੋ! ਅੱਜ ਦੇ ਦੇਸ਼ ਭਗਤਾਂ ਨੇ ਕੌਮੀ ਸੁਰੱਖਿਆ ਵਾਸਤੇ ਹੀ ਤਾਂ ਘਰਾਂ 'ਚ ਸੋਨਾ ਰੱਖਿਐ। ਭਾਰਤ ਮਾਂ ਦੇ ਇਹ ਸਪੂਤ ਜੇਲ੍ਹਾਂ ਤੋਂ ਕਿੱਥੇ ਡਰਨ ਵਾਲੇ ਨੇ। ਸੰਘੀ ਏਜੰਸੀ ਨੇ ਐਵੇਂ ਬਾਤ ਦਾ ਬਤੰਗੜ ਬਣਾ'ਤਾ। ਰਾਂਝਾ ਜੀ ਠੀਕ ਆਖਦੇ ਸਨ, 'ਜੋ ਰੰਨਾਂ ਤੋਂ ਵਰਜਦੇ ਚੇਲਿਆਂ ਨੂੰ, ਉਹ ਗੁਰੂ ਕੀ ਬੰਨ੍ਹ ਕੇ ਚੋਵਣੇਂ ਨੇ।'

ਪੰਜਾਬ ਪੁਲੀਸ ਕੋਲ ਪੰਜ ਸੱਤ ਅਨਮੋਲ ਰਤਨ ਨੇ ਜਿਨ੍ਹਾਂ ਦੀ ਤੂਤੀ ਹਮੇਸ਼ਾ ਬੋਲਦੀ ਐ। ਬੱਸ ਇੱਕੋ ਅਸੂਲ 'ਹਾਂਜੀ ਹਾਂਜੀ ਕਹਿਣਾ, ਸਦਾ ਸੁਖੀ ਰਹਿਣਾ।' ਜਿਉਂ ਹੀ ਨਵੀਂ ਸਰਕਾਰ ਸਹੁੰ ਚੁੱਕਦੀ ਹੈ, ਇਹ ਐਨੂਅਲ ਪੈਕ ਲੈਂਦੇ ਨੇ, ਫਿਰ ਹਰ ਵਰ੍ਹੇ ਰਿਨਿਊ ਕਰਾਉਂਦੇ ਰਹਿੰਦੇ ਨੇ। ਅੱਜ ਕੱਲ੍ਹ ਤਾਂ ਬਿਜਲੀ ਮਹਿਕਮੇ ਦੇ ਵਿਹੜੇ ਵੀ ਬਸੰਤ-ਬਹਾਰ ਹੈ। ਪਹਿਲਾਂ ਆਨੰਦ ਫਿਲਮ ਦਾ ਡਾਇਲਾਗ ਸੁਣੋ, 'ਲੋਗ ਕਹਿਤੇ ਹੈਂ ਇਮਾਨਦਾਰੀ ਮੇ ਕਿਆ ਮਿਲਤਾ ਹੈ,ਮੈਂਨੇ ਕਹਾ ਸਕੂਨ। 'ਪਾਵਰਕੌਮ ਦੇ ਡਾਇਰੈਕਟਰ ਹਰਜੀਤ ਸਿਓਂ ਵੀ ਇਸੇ ਸਕੂਨ ਦੇ ਆਸ਼ਕ ਨੇ। ਨਵੇਂ ਬਿਜਲੀ ਮੰਤਰੀ ਸੰਜੀਵ ਅਰੋੜਾ ਨੇ ਪਹਿਲੇ ਝਟਕੇ ਹਰਜੀਤ ਨੂੰ ਘਰੇ ਤੋਰ'ਤਾ। ਅਖੇ ਆਸ਼ਕਾਂ ਦਾ ਏਥੇ ਕੀ ਕੰਮ।

ਪੰਜਾਬ ਜਣੋ! ਰਾਹਾਂ ਚੋਂ ਰੋੜੇ ਹਟਾਉਣੇ, ਕੋਈ ਅਰੋੜਾ ਸਾਹਿਬ ਤੋਂ ਸਿੱਖੇ। ਬਦਲਾਅ ਨੂੰ ਹੁਣ ਅੰਮ੍ਰਿਤਸਰ (ਦਿਹਾਤੀ) ਆਲੇ ਐੱਸਐੱਸਪੀ ਮਨਿੰਦਰ ਤੋਂ ਐਲਰਜੀ ਹੋ ਗਈ। ਮਨਿੰਦਰ ਅਖੀਰ ਤੱਕ ਗੈਂਗਸਟਰਾਂ ਨਾਲ ਭਿੜਿਆ। ਉਪ ਚੋਣ ਵੇਲੇ ਸਿਆਸਤ ਨਾਲ ਭਿੜ ਬੈਠਾ। ਮਨਿੰਦਰ ਹੁਣ ਉਸ ਬੈਂਚ ਤੇ ਬੈਠੇਗਾ ਜਿੱਥੇ ਪਹਿਲਾਂ ਗੁਰਕੀਰਤ ਕਿਰਪਾਲ ਹੋਰੀਂ ਬੈਠੇ ਨੇ। ਇਹ ਸਾਰੇ ਇਮਾਨਦਾਰੀ ਦਾ ਟੈਂਡਰ ਚੁੱਕਣਾ ਚਾਹੁੰਦੇ ਸੀ। ਗੋਨਿਆਣੇ ਆਲਾ ਹੇਮ ਰਾਜ ਮਿੱਤਲ, ਗਿਆਨੀ ਜ਼ੈਲ ਸਿੰਘ ਨੇ ਐੱਸਐੱਸਐੱਸ ਬੋਰਡ ਦਾ ਚੇਅਰਮੈਨ ਲਾ'ਤਾ। ਸਾਈਕਲ 'ਤੇ ਦਫ਼ਤਰ ਜਾਂਦਾ।

ਆਖ਼ਰੀ ਸਾਹ ਤੱਕ ਗੋਨਿਆਣੇ ਆਪਣੀ ਆਟਾ ਚੱਕੀ 'ਤੇ ਬੈਠਿਆ। ਕਿਸੇ ਨੇ ਪੁੱਛਿਆ, 'ਚਾਰ ਛਿੱਲੜ ਕਮਾ ਲੈਂਦਾ, ਅੱਜ ਇੱਥੇ ਨਾ ਬੈਠਣਾ ਪੈਂਦਾ।' ਅੱਗਿਓ ਜੁਆਬ ਮਿਲਿਆ, 'ਜੇਬਾਂ ਭਰਦਾ ਤਾਂ ਅੱਜ ਜੇਲ੍ਹ ਦੀ ਚੱਕੀ 'ਤੇ ਬੈਠਾ ਹੋਣਾ ਸੀ।' ਪੈਪਸੂ ਸਰਕਾਰ 'ਚ ਜੈਤੋ ਦਾ ਸੇਠ ਰਾਮ ਨਾਥ ਮੰਤਰੀ ਬਣਿਆ। ਬੱਸ ਤੇ ਬੈਠ ਸਹੁੰ ਚੁੱਕਣ ਪਹੁੰਚ ਗਿਆ ਪਟਿਆਲੇ। ਪਟਿਆਲੇ ਆਲਾ ਰਾਜਾ ਕਹਿੰਦਾ, ਸਹੁੰ ਚੁੱਕਣੀ ਹੈ ਤਾਂ ਅਚਕਨ ਪਹਿਨ ਕੇ ਆਵੇ, ਧੋਤੀ ਨਹੀਂ ਚੱਲੇਗੀ। 'ਮੈਨੂੰ ਨੀ ਚਾਹੀਦੀ ਇਹੋ ਜੇਹੀ ਵਜ਼ੀਰੀ', ਆਖ ਸੇਠ ਜੀ ਤੁਰ ਪਏ। ਮਗਰੋਂ ਮਸਾਂ ਮੋੜ ਕੇ ਲਿਆਏ।

ਸਾਦਗੀ ਤੇ ਇਮਾਨਦਾਰੀ ਦੇ ਵੇਲੇ ਹੁਣ ਕਿਥੇ ਰਹੇ ਨੇ। ਪੰਜਾਬ ਦਾ ਸਿਰ ਉੱਚਾ ਹੁਣ ਇਨਕਲਾਬੀ ਵੀਰਾਂ ਨੇ ਕੀਤੈ। ਤਰੱਕੀ ਦੇ ਰਾਹ 'ਚ ਜਿੰਨੇ ਵੀ ਅੜਿੱਕਾ ਸਿੰਘ ਰੋੜਾ ਬਣੇ, ਉਨ੍ਹਾਂ ਨੂੰ 'ਪਰਚਾ ਸਿੰਘ' ਨਾਲ ਸਾਈਕਲ 'ਤੇ ਬਿਠਾ ਜੇਲ੍ਹ ਨਾਥ ਦੇ ਡੇਰੇ ਛੱਡ ਆਏ। ਸਦੀਆਂ ਬਾਅਦ ਜਦ ਕੋਈ ਬ੍ਰਹਿਮੰਡ ਦਾ ਖ਼ੋਜੀ ਪੰਜਾਬ ਆਏਗਾ, ਬੌਂਦਲ ਜਾਏਗਾ ਜਦ ਜਾਣ ਜਾਏਗਾ ਕਿ 'ਕੱਟੜ ਘਾਟੀ ਦੀ ਸਭਿਅਤਾ' ਦੇ ਬਾਸ਼ਿੰਦੇ ਪੰਜਾਬੀ ਸਨ। ਜਦ ਘੱਗਰ ਤੋਂ ਰਾਵੀ ਤੱਕ ਥੇਹਾਂ ਦੀ ਖ਼ੁਦਾਈ ਹੋਵੇਗੀ ਤਾਂ 'ਕ੍ਰਾਂਤੀ ਯੋਜਨਾ' ਦੇ ਨਮੂਨੇ ਖੰਡਰਾਤਾਂ ਚੋਂ ਮਿਲਣਗੇ। ਇਮਾਨ ਦੀ ਤੜਾਗੀ ਦੇ ਚਿੰਨ੍ਹ ਲੱਭਣਗੇ।

ਅਖੀਰ 'ਚ ਚਾਨਣ ਸਿੰਘ ਹਨੇਰਾ ਲਤੀਫ਼ਾ ਲੈ ਕੇ ਹਾਜ਼ਰ ਹੈ। ਪ੍ਰਤਾਪ ਸਿੰਘ ਕੈਰੋਂ ਦੀ ਜਾਂਚ ਲਈ ਕੇਂਦਰ ਨੇ 'ਦਾਸ ਕਮਿਸ਼ਨ' ਬਿਠਾ'ਤਾ। ਕੈਰੋਂ ਨੂੰ ਅਸਤੀਫ਼ਾ ਦੇਣਾ ਪਿਆ। ਜਦੋਂ ਹਲਕੇ 'ਚ ਗਏ ਤਾਂ ਕੋਈ ਪੁਰਾਣਾ ਚੇਲਾ ਗੋਡੀਂ ਹੱਥ ਲਾ ਆਖਣ ਲੱਗਿਆ, 'ਜੀ! ਮੈਂ ਥੋਡਾ ਦਾਸ ਹਾਂ'। ਕੈਰੋਂ ਸਾਹਿਬ ਭੜਕ ਉੱਠੇ, 'ਪਹਿਲੇ ਦਾਸ ਦਾ ਪੱਟਿਆ ਤਾਬ ਨੀ ਆਇਆ, ਹੁਣ ਤੂੰ ਕਿਹੜਾ ਦਾਸ ਆ ਗਿਆ।'

# ਕੀ ਅਸੀਂ ਪੰਜਾਬ ਯੂਨੀਵਰਸਿਟੀ ਵਿੱਚ ਕੋਈ ਦੁਖਦ ਹਾਦਸਾ ਵਾਪਰ ਜਾਣ ਦੀ ਉਡੀਕ ਕਰ ਰਹੇ ਹਾਂ?



ਪਤਾ ਨਹੀਂ ਕਿਉਂ ਪੰਜਾਬ ਸਿਆਸਤ ਇਸ ਬਾਰੇ ਗੱਲ ਨਹੀਂ ਕਰ ਰਹੀ ਪਰ ਯੂਨੀਵਰਸਿਟੀ ਵਿੱਚ ਪੂਰੀ ਤਰ੍ਹਾਂ ਟਕਰਾਅ ਵਾਲਾ ਮਹੌਲ ਬਣਿਆ ਹੋਇਆ ਹੈ। ਪੀਯੂ ਬਚਾਓ ਮੋਰਚਾ ਕੱਲ੍ਹ ਯੂਨੀਵਰਸਿਟੀ ਪੂਰੀ ਤਰ੍ਹਾਂ ਬੰਦ ਰੱਖਣ ਲਈ ਬਜ਼ਿੱਦ ਹੈ ਤੇ ਯੂਨੀਵਰਸਿਟੀ ਪ੍ਰਸ਼ਾਸਨ ਕੱਲ੍ਹ ਹਰ ਹਾਲਤ ਵਿੱਚ ਤੈਅਸ਼ੁਦਾ ਪੇਪਰ ਕਰਵਾਉਣ ਦੀ ਜਿੱਦ ਵਿੱਚ ਹੈ। ਇਸ ਲਈ ਬਾਕਾਇਦਾ ਯੂਨੀਵਰਸਿਟੀ ਦੇ ਅਧਿਆਪਕਾਂ ਕੋਲੋਂ ਸਹਿਮਤੀਆਂ 'ਤੇ ਸਾਈਨ ਕਰਵਾਏ ਜਾ ਰਹੇ ਹਨ ਤੇ ਉਨ੍ਹਾਂ ਨੂੰ 9 ਤੋਂ ਪੰਜ ਯੂਨੀਵਰਸਿਟੀ ਵਿੱਚ ਰਹਿਣ ਲਈ ਕਿਹਾ ਗਿਆ ਹੈ। ਐਡਮ ਬਲੌਕ ਦੇ ਕਰਮਚਾਰੀਆਂ ਨੂੰ ਤਿਆਰ ਕੀਤਾ ਗਿਆ ਹੈ ਕਿ ਜੇ ਵਿਦਿਆਰਥੀ ਬੰਦ ਕਰਨ ਦੀ ਕੋਸ਼ਿਸ਼ ਕਰਨ, ਨਾਰੀ-ਕਰਮਚਾਰੀਆਂ ਨੂੰ ਅੱਗੇ ਕੀਤਾ ਜਾਵੇ। ਜ਼ਾਹਰ ਹੈ, ਇੱਕ 'ਟਰੈਪ' ਤਿਆਰ ਕੀਤਾ ਜਾ ਰਿਹਾ ਹੈ ਕਿ ਚੰਦ ਕੁ ਵਿਦਿਆਰਥੀ ਭੜਕ ਕੇ ਉਸ ਵਿੱਚ ਫੱਸ ਜਾਣ ਤੇ ਅਗਲੀ ਵਾਰ ਸੈਨੇਟ ਚੋਣਾਂ ਦੀ ਬਜਾਏ ਲੋਕ ਵਿਦਿਆਰਥੀਆਂ 'ਤੇ ਪਏ ਪਰਚੇ ਰੱਦ ਕਰਵਾਉਣ ਲਈ ਲੜਦੇ ਨਜ਼ਰ ਆਉਣ।

ਮੇਰੀ ਬੇਨਤੀ ਹੈ ਸ਼ੁਨਿਲ ਝਓਕਹਓਰ, ਉਵਨਏਟ ਸ਼ਿਨਗਹ ਭਿਟਟੁ ਤੇ ਸਮੂਹ ਭਝਫ ਫੁਨਜਓਬ ਨੂੰ। ਉਹ ਬਜਾਏ ਵਿਦਿਆਰਥੀ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਸਵਾਲ ਕਰਨ ਦੇ, ਯੂਨੀਵਰਸਿਟੀ ਪ੍ਰਸ਼ਾਸਨ ਨੂੰ ਸਵਾਲ ਕਰਨ। ਉਹ ਕਿਉਂ ਦੋ ਸਾਲ ਤੋਂ ਸੈਨੇਟ ਦੀਆਂ ਚੋਣਾਂ ਨਹੀਂ ਕਰਵਾ ਰਹੇ? ਉਨ੍ਹਾਂ ਨੂੰ ਪੁੱਛੋ, ਦਸੰਬਰ 23 ਵਿੱਚ ਮਾਣਯੋਗ ਚਾਂਸਲਰ ਸਾਹਬ ਨੇ ਚੋਣਾਂ ਦੀ ਇਜਾਜ਼ਤ ਦੇ ਦਿੱਤੀ ਸੀ ਤਾਂ ਚੋਣਾਂ ਕਿਉਂ ਨਹੀਂ ਕਰਵਾਈਆਂ ਗਈਆਂ? ਕਿਹੜਾ ਅਧਿਕਾਰ ਜਾਂ ਕਨੂੰਨ ਹੈ ਜਿਸ ਦੇ ਤਹਿਤ ਚੋਣਾਂ ਰੋਕੀਆਂ ਜਾ ਸਕਣ ਤੇ ਵੀਸੀ ਨੂੰ ਸੈਨੇਟ ਵਾਲੇ ਸਾਰੇ ਅਧਿਕਾਰ ਦਿੱਤੇ ਜਾ ਸਕਣ। ਇੱਥੇ ਮੋਰਚੇ ਦੇ ਇਸ ਮੰਗ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਕਿ ਸੈਨੇਟ ਨੂੰ ਪਾਸੇ ਸੁੱਟ ਕੇ ਪਿਛਲੇ ਦੋ ਸਾਲਾਂ ਵਿੱਚ ਜਿੰਨੇ ਵੀ ਫੈਸਲੇ, ਖਰਚੇ ਤੇ ਵੱਡੇ ਪੱਧਰ 'ਤੇ ਅਧਿਆਪਕਾਂ ਦੀਆਂ ਨਿਯੁਕਤੀਆਂ ਹੋਈਆਂ ਹਨ, ਉਨ੍ਹਾਂ ਦਾ ਰੀਵਿਊ ਕੀਤਾ ਜਾਵੇ। ਮੇਰੀ ਬੇਨਤੀ ਹੈ, ਇਹ ਵਿਦਿਆਰਥੀ ਉਸ ਪੰਜਾਬ ਦੀ ਲੜਾਈ ਲੜ ਰਹੇ ਹਨ, ਜਿਸ ਉੱਤੇ ਤੁਸੀਂ ਆਪਣੀ ਸਰਕਾਰ ਬਣਾਉਣਾ ਚਾਹੁੰਦੇ ਹੋ। ਤੁਸੀਂ ਇਨ੍ਹਾਂ ਦਾ ਸਾਥ ਦਿਓ ਤੇ ਮਾਣਯੋਗ ਚਾਂਸਲਰ ਸਾਹਬ ਨੂੰ ਸਾਰੀ ਸਥਿਤੀ ਸਮਝਾਓ। ਜਿੱਥੋਂ ਤੱਕ ਮੇਰੀ ਜਾਣਕਾਰੀ ਹੈ, ਚੰਡੀਗੜ੍ਹ ਪ੍ਰਸ਼ਾਸਨ ਵੀ ਇਸ ਟਕਰਾਅ ਦੇ ਹੱਕ ਵਿੱਚ ਨਹੀਂ ਤੇ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਵਾਰ-ਵਾਰ ਕਹਿ ਰਿਹਾ ਹੈ ਕਿ ਉਹ ਵਿਦਿਆਰਥੀਆਂ ਨਾਲ ਗੱਲ ਕਰੇ। ਪਰ ਸਿਰਫ਼ 10-12 ਪੰਜਾਬ ਵਿਰੋਧੀ ਅਧਿਆਪਕ ਹਨ, ਜਿਹੜੇ ਆਪਣੀਆਂ ਮੈਂਬਰੀਆਂ ਅਤੇ ਰਿਟਾਇਰਮੈਂਟ ਉਮਰ ਦੇ ਲਾਲਚ ਵਿੱਚ ਯੂਨੀਵਰਸਿਟੀ ਅੰਦਰ ਭੜਕਾਹਟ ਪੈਦਾ ਕਰ ਰਹੇ ਹਨ ਤੇ ਚਾਂਸਲਰ ਦਫ਼ਤਰ ਨੂੰ ਵੀ ਗੁਮਰਾਹ ਕਰ ਰਹੇ ਹਨ। ਕਿਉਂ ਪੰਜਾਬ ਭਾਜਪਾ, ਸਗੋਂ ਦੇਸ਼ ਭਾਜਪਾ ਉਨ੍ਹਾਂ ਦੇ ਢਹੇ ਚੜ੍ਹ ਕੇ ਖਲਨਾਇਕ ਬਣ ਰਹੀ ਹੈ? ਜੇ ਕੱਲ੍ਹ ਨੂੰ ਕੁਝ ਗਲਤ ਹੋਇਆ, ਉਸਦੀ ਸਾਰੀ ਜ਼ਿੰਮੇਵਾਰੀ ਯੂਨੀਵਰਸਿਟੀ ਪ੍ਰਸ਼ਾਸਨ ਦੀ ਤਾਂ ਹੋਵੇਗੀ ਪਰ ਉਹ ਵੀ ਇਸ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਣਗੇ।

ਮੋਰਚੇ ਵਾਲੇ ਸਥਿਓ ਸਾਵਧਾਨ! ਤੁਸੀਂ ਪੇਪਰਾਂ ਦੇ ਬਾਈਕਾਟ ਦਾ ਸੱਦਾ ਜਰੂਰ ਦਿਓ ਪਰ ਜੇ ਕੋਈ ਵਿਦਿਆਰਥੀ ਪੇਪਰ ਦੇਣ ਜਾਣਾ ਚਾਹੁੰਦਾ ਹੈ, ਉਸਨੂੰ ਰੋਕੋ ਨਾ। ਕਿਸੇ ਕਰਮਚਾਰੀ ਜਾਂ ਅਧਿਕਾਰੀ ਨਾਲ ਫਾਲਤੂ ਬਹਿਸਣ ਦੀ ਲੋੜ ਨਹੀਂ। ਤੋੜ-ਭੰਨ ਜਾਂ ਜਰਾ ਜਿੰਨੀ ਹੱਥਾਪਾਈ ਨੂੰ ਮੋਰਚੇ ਦੇ ਖਿਲਾਫ ਵਰਤਿਆ ਜਾਵੇਗਾ। ਤੁਸੀਂ ਇੱਕ ਇਤਿਹਾਸ ਸਿਰਜ ਰਹੇ ਹੋ। ਇਹ ਹਰ ਹਾਲ ਵਿੱਚ ਮਾਣ-ਮੱਤਾ ਹੋਣਾ ਚਾਹੀਦਾ ਹੈ। ਸੋ ਸ਼ਾਂਤ ਰਹੋ। ਵੱਧ ਤੋਂ ਵੱਧ ਵੀਡੀਓਗ੍ਰਾਫੀ ਕਰੋ ਤਾਂ ਕਿ ਤੁਹਾਡੇ ਖਿਲਾਫ ਵੀ ਕੋਈ ਸਾਜਿਸ਼ ਨਾ ਹੋ ਸਕੇ।

ਮੇਰੀ ਬੇਨਤੀ ਹੈ, ਪੀਯੂ ਤੋਂ ਪੜ੍ਹੇ ਵਕੀਲ ਸਾਥੀਆਂ ਨੂੰ। ਕਿੰਨਾ ਚੰਗਾ ਹੋਵੇ ਜੇ ਤੁਸੀਂ ਕੱਲ੍ਹ ਬਤੌਰ ਸਿਵਿਲ ਸੋਸਾਇਟੀ ਯੂਨੀਵਰਸਿਟੀ ਦੇ ਸੰਘਰਸ਼ ਦੇ ਗਵਾਹ ਬਣ ਸਕੋ! ਮੇਰੀ ਆਪ ਸਰਕਾਰ ਦੇ ਪੰਜਾਬ ਹਿਤੈਸ਼ੀ ਆਗੂਆਂ, ਅਕਾਲੀਆਂ ਅਤੇ ਕਾਂਗਰਸੀਆਂ ਨੂੰ ਵੀ ਬੇਨਤੀ ਹੈ। ਇਹ ਤੁਹਾਡੀ ਯੂਨੀਵਰਸਿਟੀ ਹੈ। ਤੁਹਾਨੂੰ ਵੀ ਕੱਲ੍ਹ ਦੇ ਪ੍ਰਦਰਸ਼ਨ ਦਾ ਸਮਰਥਨ ਕਰਨਾ ਚਾਹੀਦਾ ਹੈ।

ਅੰਤ ਵਿੱਚ ਇੱਕ ਸਿਧਾਂਤਕ ਜਿਹਾ ਸਵਾਲ ਮੋਰਚੇ ਦੇ ਖਿਲਾਫ ਪ੍ਰਚਾਰ ਕਰ ਰਹੇ ਅਧਿਆਪਕ ਸਾਥੀਆਂ ਨੂੰ। ਛੱਡ ਦਿਓ ਪੰਜਾਬ ਦੀ ਗੱਲ। ਤੁਸੀਂ ਇਹ ਤਾਂ ਮੰਨਦੇ ਹੋ ਨਾ ਕਿ ਸੈਨੇਟ ਚੋਣਾਂ ਨਾ ਕਰਵਾਉਣਾ ਇੱਕ ਗੈਰ-ਸੰਵਿਧਾਨਕ ਫੈਸਲਾ ਹੈ। ਜੇ ਤੁਸੀਂ ਅਧਿਆਪਕ ਹੋ, ਕਿਵੇਂ ਕਿਸੇ ਗੈਰ-ਸੰਵਿਧਾਨਕ ਕੰਮ ਦੇ ਹੱਕ ਵਿੱਚ ਭੁਗਤ ਸਕਦੇ ਹੋ? ਸਗੋਂ ਤੁਸੀਂ ਹੋ ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਠੀਕ-ਗਲਤ ਦੇ ਮਾਅਨੇ ਸਮਝਾਉਣੇ ਹੁੰਦੇ ਨੇ। ਪਰ ਤੁਸੀਂ ਕੀ ਕਰ ਰਹੇ ਹੋ?

ਪਾਲੀ ਭੁਪਿੰਦਰ ਸਿੰਘ

## ਮਿੱਟੀ

ਮੈਂ ਮਿੱਟੀ ਦਾ ਮੇਰੀ ਤਰੀਮਤ ਮਿੱਟੀ ਦੀ,
ਮਿੱਟੀ ਦਾ ਮੇਰਾ ਪਰਿਵਾਰ,
ਮਿੱਟੀ ਨਾਲ ਮੇਰਾ ਅਜ਼ਲਾਂ ਤੋਂ ਰਿਸ਼ਤਾ,
ਜਦ ਤੋਂ ਸਿਰਜਿਆ ਇਹ ਸੰਸਾਰ,
ਮਿੱਟੀ ਦੇ ਚੰਨ ਸੂਰਜ ਤਾਰੇ,
ਮਿੱਟੀ ਦਾ ਸਗਲ ਅਕਾਰ,
ਮਿੱਟੀ ਦੇ ਸਭ ਪੇੜ ਪੌਧੇ,
ਮਿੱਟੀ ਦਾ ਸੰਸਾਰ,
ਮਿੱਟੀ ਦੀਆਂ ਸਭ ਧਰਤੀਆਂ,
ਟੁਟਣ ਭਜਣ ਬਾਰੰਬਾਰ,
ਤਾਰੇ ਟੁਟਦੇ ਅੰਬਰੋਂ,
ਬਣਦੇ ਅੰਧ ਗੁਬਾਰ,
ਜਦ ਮਿੱਟੀ ਮਿੱਟੀ ਨੂੰ ਛੂਹੇ,
ਉਪਜੇ ਮਿੱਟੀ ਧਰਕੇ ਰੂਪ ਹਜਾਰ,
ਸਭ ਸ੍ਰਿਸ਼ਟੀ ਮਿੱਟੀ ਦੀ,
ਕੋਈ ਅੰਤ ਨਾ ਪਾਰਾਵਾਰ,
ਮਿੱਟੀ ਤੋਂ ਬਾਹਿਰਾ ਕੇਵਲ।

-ਗੁਰਮੀਤ ਸਿੰਘ







## ਬੁੱਧ ਚਿੰਤਨ

# ਸ਼ਬਦ ਗੁਰੂ ਜਦੋਂ ਸੀਸ ਤਲੀ ਤੇ ਧਰ ਕੇ ਤੁਰਨ ਦਾ ਬਲ ਬਖ਼ਸ਼ਦਾ ਹੈ !

ਅਸੀਂ ਬਹੁਗਿਣਤੀ ਲੋਕ ਬਗ਼ੈਰ ਸਿਰਾਂ ਦੇ ਦੌੜ ਰਹੇ। ਸਾਨੂੰ ਸਿਰ ਨੂੰ ਸੀਸ ਬਣਾਉਣ ਦਾ ਬਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਖਸ਼ਿਸ਼ ਕਰਦੇ ਹਨ। ਇਸੇ ਕਰਕੇ ਆਖਿਆ ਜਾਂਦਾ ਹੈ ਸਿਰ ਧਰ ਕੇ ਤਲੀ ਤੇ ਆਜਾ ਲੰਘਣਾ ਦੇ ਪ੍ਰੇਮ ਦੀ ਗਲੀ। ਪ੍ਰੇਮ ਕਰਨ ਲਈ ਸੀਸ ਤਲੀ ਤੇ ਧਰਨਾ ਪੈਂਦਾ ਹੈ। ਉਂਝ ਤਾਂ ਕਿਹਾ ਗਿਆ ਹੈ, ਢਾਈ ਅੱਖਰ ਪ੍ਰੇਮ ਕੇ, ਪੜ੍ਹੇ ਹੋ ਪੰਡਿਤ ਹੋਏ। ਇੱਥੇ ਪੰਡਿਤ ਉਸਨੂੰ ਆਖਿਆ ਹੈ ਜਿਹੜਾ ਸਿਰ ਨੂੰ ਸੀਸ ਬਣਾ ਲੈਂਦਾ ਹੈ। ਗੁਰੂ ਸਾਹਿਬ ਜੀ ਨੇ ਜਿੰਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ। ਪ੍ਰਭੂ ( ਹੱਕ) ਨੂੰ ਪਾਉਣ ਲਈ ਆਖਿਆ ਹੈ। ਇਸੇ ਕਰਕੇ ਅਸੀਂ ਅਜਾਈਂ ਜਾਨ ਗਵਾਉਂਦੇ ਹਾਂ ਕਿਉਂਕਿ ਸਾਡੇ ਕੋਲ ਸਿਰ ਤਾਂ ਹੈ ਪਰ ਸੀਸ ਨਹੀਂ।

ਜਦੋਂ ਬਗ਼ੈਰ ਸਿਰ ਦੇ ਕੋਈ ਦੌੜਦਾ ਹੈ ਤਾਂ ਉਹ ਆਪਣੀ ਮੌਤ ਖੁਦ ਮਰਦਾ ਹੈ। ਤਲਵਾਰ ਦੇ ਅੱਗੇ ਜਦੋਂ ਉਠ ਕੇ ਕੋਈ ਆਪਣਾ ਸਿਰ ਭੇਂਟ ਕਰਦਾ ਹੈ ਤੇ ਉਹ ਸਿਰ ਸੀਸ ਬਣ ਜਾਂਦਾ ਹੈ। ਬੇਗਾਨਾ ਵੀ ਆਪਣਾ ਹੋ ਜਾਂਦਾ ਹੈ। ਇਹ ਬੇਗਾਨਗੀ ਉਦੋਂ ਤੱਕ ਹੀ ਰਹਿੰਦੀ ਹੈ, ਜਦੋਂ ਤੱਕ ਕੋਈ ਇੱਕ ਦੂਜੇ ਨਾਲ ਜੁੜਦਾ ਨਹੀਂ। ਤਾੜੀ ਇੱਕ ਹੱਥ ਨਾਲ ਨਹੀਂ ਦੋਹਾਂ ਨਾਲ ਵੱਜਦੀ ਹੈ। ਦੋਹਾਂ ਨੂੰ ਜੋੜ ਕੇ ਹੀ ਨਵਾਂ ਕੁੱਝ ਸਿਰਜਿਆ ਜਾਂਦਾ ਹੈ। ਪਰ ਅਸੀਂ ਕੁਦਰਤ ਦੀ ਇਸ ਸਿਰਜਣਾ ਦੇ ਖਿਲਾਫ਼ ਬਹੁਗਿਣਤੀ ਸਮਲਿੰਗੀ ਹੋ ਗਏ। ਹੁਣ ਤੇ ਬੇਬੀ ਟਿਊਬ ਤੱਕ ਪੁਜਗੇ ਹਾਂ।

ਇਹ ਵਿਗਿਆਨ ਦੀ ਦੇਣ ਹੈ ਕਿ ਅਸੀਂ ਨਿਪੁੰਸਕ ਹੋ ਗਏ। ਕਿਉਂਕਿ ਸਮੇਂ ਸਾਨੂੰ ਆਪਣੇ ਚੱਕਰਵਿਊ ਵਿੱਚ ਫਸਾ ਲਿਆ ਹੈ। ਸਾਡੇ ਕੋਲੋਂ ਪੌਣ, ਪਾਣੀ, ਧਰਤੀ, ਸੁਪਨੇ, ਰਿਸ਼ਤੇ, ਖਾਣ ਪੀਣ ਤੇ ਸੱਭਿਆਚਾਰ ਖੋਹ ਕੇ, ਉਹਨਾਂ ਆਪਣਾ ਸੱਭਿਆਚਾਰ ਪਰੋਸ ਦਿੱਤਾ ਹੈ। ਜਿਹੜਾ ਸਾਡਾ ਹੈ ਨਹੀਂ, ਉਹ ਸਾਡਾ ਆਪਣਾ ਕਿਵੇਂ ਬਣ ਸਕਦਾ ਹੈ। ਇਹ ਵਿਚਾਰਨ ਵਾਲਾ ਮੁੱਦਾ ਹੈ, ਪਰ ਅਸੀਂ ਥੋਪੇ ਗਏ ਸੱਭਿਆਚਾਰ ਤੇ ਬਹਿਸਾਂ ਤੇ ਸੈਮੀਨਾਰ ਕਰੀ ਜਾ ਰਹੇ ਹਾਂ। ਆਪਣੇ ਸੱਭਿਆਚਾਰ ਨੂੰ ਬਚਾਉਣ ਦੀ ਵਜਾਏ ਦੁਸ਼ਮਣ ਦੇ ਸੱਭਿਆਚਾਰ ਨੂੰ ਬਚਾਉਣ ਲੱਗੇ ਹੋਏ ਹਾਂ।

ਸਾਡੇ ਪੁਰਖਿਆਂ ਨੇ ਸਾਨੂੰ ਆਪਣੇ ਹੱਕਾਂ ਲਈ ਲੜਨਾ ਸਿਖਾਇਆ ਹੈ। ਲੜਨ ਦੀਆਂ ਜੁਗਤਾਂ ਦੱਸੀਆਂ ਹਨ। ਜਬ ਆਨ ਕੀ ਅਉਧ ਨਿਧਾਨ ਬਨੈ ਅਤ ਰਣ ਮੈਂ ਜੂਝ ਮਰੋ। ਮਰਨ ਤੋਂ ਪਹਿਲਾਂ ਲੜਨ ਦੀ ਲੋੜ ਹੁੰਦੀ ਹੈ। ਲੜਨ ਲਈ ਤਾਕਤ, ਪ੍ਰਤੀਬੱਧਤਾ, ਏਕਤਾ ਤੇ ਨਿਸ਼ਾਨਾ ਮਿੱਥਣਾ ਪੈਂਦਾ ਹੈ। ਬਗ਼ੈਰ ਨਿਸ਼ਾਨੇ ਤੋਂ ਜਿੱਤ ਹਾਸਲ ਕਰਨ ਲਈ ਅਸੀਂ ਹੁਣ ਤੱਕ ਸਦੀਆਂ ਗੁਆ ਲਈਆਂ ਹਨ। ਸਕੂਲਿੰਗ, ਸੋਚ ਤੇ ਚਿੰਤਨ ਜ਼ਰੂਰੀ ਹੁੰਦਾ ਹੈ। ਜੁੜ ਕੇ ਤੁਰਨਾ ਪੈਂਦਾ ਹੈ। ਜੁੜਦਿਆਂ ਅਤੇ ਤੁਰਦਿਆਂ ਦਾ ਹੀ ਕਾਫਲਾ ਬਣਦਾ ਹੈ। ਭੀੜ ਦੀ ਕੋਈ ਸੋਚ ਨਹੀਂ ਹੁੰਦੀ। ਕਾਫਲੇ ਤੇ ਦਰਿਆਵਾਂ ਦਾ ਕੋਈ ਵਹਿਣ ਨਹੀਂ ਹੁੰਦਾ। ਉਹ ਤਾਂ ਆਪਣੇ ਰਸਤੇ ਖੁਦ ਸਿਰਜਦਾ ਹੈ, ਰਸਤੇ ਬਣਾਉਂਦਾ ਹੋਇਆ ਮੰਜਿਲ ਤੱਕ ਪੁੱਜਦਾ ਹੈ।

ਮੰਜਿਲ ਤੱਕ ਪੁੱਜਣ ਲਈ ਸਫਰ ਦੀ ਨਹੀਂ, ਸਬਰ ਦੀ ਲੋੜ ਪੈਂਦੀ ਹੈ, ਸਿਰ ਕਟਾਉਣਾ ਪੈਂਦਾ ਹੈ, ਚਰਖੜਿਆਂ ਤੇ ਚੜ੍ਹਨਾ, ਰੂੰ ਵਿੱਚ ਸੜਨਾ ਤੇ ਦੇਗ ਵਿੱਚ ਉਬਾਲੇ ਖਾ ਕੇ ਸ਼ਹੀਦ ਹੋਣਾ ਪੈਂਦਾ ਹੈ। ਸਿਰ ਦਾ ਖੋਪਰ ਤੇ ਬੰਦ ਬੰਦ ਉਹੀ ਕਟਵਾ ਸਕਦਾ, ਜਿਹੜਾ ਸ਼ਬਦ ਗੁਰੂ ਦਾ ਮੁਰੀਦ ਹੋਵੇ, ਆਸ਼ਕ ਹੋਵੇ। ਜਿਸ ਦੇ ਕੋਲ ਸਿਰ ਨਹੀਂ ਸੀਸ ਹੋਵੇ।

ਝਨਾ ਕੱਚੇ ਘੜੇ ਨਹੀਂ ਤਰ ਸਕਦੇ। ਇਸੇ ਕਰਕੇ ਕੱਚੇ ਘੜੇ ਬੇਦਾਵਾ ਦੇ ਕੇ ਗੁਰੂ ਸ਼ਬਦ ਤੋਂ ਮੁੱਖ ਮੋੜਕੇ ਭੱਜਦੇ ਹਨ। ਜਦੋਂ ਉਹਨਾਂ ਨੂੰ ਸ਼ਬਦ ਗੁਰੂ ਦੇ ਅਰਥ ਕੋਈ ਸਮਝਾਉਂਦਾ ਹੈ ਤਾਂ ਉਹ ਟੁੱਟੀ ਗੰਢੀ ਤੱਕ ਪੁਜਦੇ ਹਨ। ਗੁਰੂ ਹਮੇਸ਼ਾ ਜੋੜਦਾ ਹੈ, ਤੋੜਦਾ ਨਹੀਂ। ਤੋੜਦੀ ਤਾਂ ਰਾਜਨੀਤੀ ਹੈ। ਜਿਹੜੀ ਸਾਨੂੰ ਜਾਤਾਂ ਗੋਤਾਂ ਇਲਾਕਿਆਂ ਤੇ ਖੇਤਰਾਂ ਵਿੱਚ ਵੰਡ ਕੇ ਆਪਸ ਵਿੱਚ ਲੜਾ ਕੇ ਮਾਰਦੀ ਹੈ। ਹੁਣ ਬਸਤਰ ਦੇ ਜਲ, ਜੰਗਲ ਤੇ ਜ਼ਮੀਨ ਬਚਾਉਣ ਦੇ ਅੰਦੋਲਨ ਵਿੱਚ ਮਰਨ ਤੇ ਮਾਰਨ ਵਾਲੇ ਉਸ ਧਰਤੀ ਦੇ ਪੁੱਤਰ ਹਨ। ਇੱਕ ਤਨਖ਼ਾਹ ਲੈਣ ਲਈ, ਦੂਜਾ ਜਦ, ਜੰਗਲ ਤੇ ਜ਼ਮੀਨ ਬਚਾਉਣ ਲਈ ਲੜ ਰਿਹਾ ਹੈ। ਰਾਜਨੀਤੀ ਲਾਸ਼ਾਂ ਤੇ ਰੋਟੀਆਂ ਸੇਕਣ ਲੱਗੀ ਹੋਈ ਹੈ। ਇਕ ਨੂੰ ਆਪਣੇ ਪੁਰਖਿਆਂ ਦੀ ਵਿਰਾਸਤ ਤੇ ਸੱਭਿਆਚਾਰ ਦਾ ਗਿਆਨ ਹੈ, ਦੂਜੇ ਪਾਸੇ ਉਹਨਾਂ ਨੂੰ ਮਾਇਆ ਦੀ ਭੁੱਖ ਹੈ।




ਸ਼ਬਦ ਗੁਰੂ ਤੋਂ ਸੀਸ ਤਲੀ ਤੇ ਧਰ ਕੇ ਤੁਰਨ ਦਾ ਬਲ ਬਖਸ਼ਣ ਤੱਕ ਦਾ ਸਫ਼ਰ ਏਡਾ ਸੌਖਾ ਨਹੀਂ। ਜਿੰਨਾ ਸੌਖਾ ਅਸੀਂ ਬਣਾ ਦਿੱਤਾ ਹੈ। ਇਸੇ ਕਰਕੇ ਹੀ ਅਸੀਂ ਹਜ਼ਾਰਾਂ ਦੀ ਗਿਣਤੀ ਵਿੱਚ ਗੁਰੂ ਘਰ ਨਾਲ ਤਾਂ ਜੁੜਦੇ ਹਾਂ ਪਰ ਸ਼ਬਦ ਗੁਰੂ ਤੋਂ ਦੂਰ ਹੁੰਦੇ ਜਾ ਰਹੇ ਹਾਂ। ਬਗੈਰ ਸਿਰਾਂ ਦੇ ਗਲਾਂ ਵਿੱਚ ਸਵਾ ਮੀਟਰ ਕੱਪੜਾ ਪਾ ਕੇ ਅਸੀਂ ਆਪਣੇ ਇਤਿਹਾਸ ਤੇ ਸਿਰਪਾਓ ਦੀ ਤੌਹੀਨ ਕਰਦੇ ਹੋਏ ਆਖਦੇ ਹਾਂ, ਹਜ਼ਾਰਾਂ ਗੁਰੂ ਵਾਲੇ ਬਣੇ। ਪਰ ਅਸੀਂ ਭੁੱਲ ਜਾਂਦੇ ਹਾਂ, ਗੁਰੂ ਵਾਲੇ ਬਣਨ ਤੋਂ ਪਹਿਲਾਂ ਸੀਸ ਤਲੀ ਤੇ ਧਰਨਾ ਪੈਂਦਾ ਹੈ। ਜਦੋਂ ਸ਼ਬਦ ਗੁਰੂ ਦੇ ਵਰਕੇ ਗਲੀਆਂ ਮੁਹੱਲਿਆਂ ਤੇ ਰੂੜੀਆਂ ਉੱਪਰ ਰੁਲਦੇ ਸਨ, ਉਦੋਂ ਗੁਰੂ ਬਣਨ ਵਾਲੇ ਕਿਥੇ ਗੁਆਚ ਗਏ ਸਨ?

ਸੀਸ ਤਲੀ ਤੇ ਧਰ ਕੇ ਤੁਰਨ ਵਾਲੇ ਆਪੇ ਗੁਰੂ ਤੇ ਚੇਲਾ ਉਹ ਬਣ ਸਕਦਾ ਹੈ, ਜਿਸ ਦੇ ਅੰਦਰੋਂ 'ਮੈਂ' ਮੁਕ ਜਾਵੇ-ਤੂੰ ਹੀ ਤੂੰ ਤੱਕ ਉਹੀ ਪੁੱਜ ਸਕਦਾ ਹੈ, ਜਿਹੜਾ ਇਸ ਖੰਡ ਵਿਚੋਂ ਨਿਕਲ ਕੇ ਬ੍ਰਹਿਮੰਡ ਤੱਕ ਪੁੱਜ ਜਾਵੇ ਪਰ ਅਸੀਂ ਤਾਂ ਗੁਰੂ ਵਾਲੇ ਹੋ ਕੇ ਅਜੇ ਉਨ੍ਹਾਂ ਦਲਦਲਾਂ ਵਿੱਚ ਫਸੇ ਹੋਏ ਹਾਂ। ਜਿੰਨ੍ਹਾਂ ਵਿੱਚੋਂ ਕੱਢਣ ਲਈ ਸ਼ਬਦ ਗੁਰੂ ਜੀ ਨੇ ਇੱਕ ਲੰਮਾ ਸਫ਼ਰ ਕੀਤਾ।

ਅਸੀਂ ਤਾਂ ਅਜੇ ਵੀ ਜਾਤਾਂ-ਕੁਜਾਤਾਂ, ਊਚ-ਨੀਚ, ਚਿੱਕੜ 'ਚ ਆਪ ਲਿਬੜ ਰਹੇ ਹਾਂ ਤੇ ਹੋਰਨਾਂ ਨੂੰ ਲਬੇੜ ਰਹੇ ਹਾਂ। ਹੁਣ ਸ਼ਬਦ ਗੁਰੂ ਇੱਕ ਝੰਡੇ ਥੱਲੇ ਨਹੀਂ ਸਗੋਂ, ਵੱਖ ਵੱਖ ਜਾਤਾਂ ਦੇ ਝੰਡਿਆਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਅਸੀਂ ਸ਼ਬਦ ਗੁਰੂ ਦਾ ਸਿਧਾਂਤ ਅੰਮ੍ਰਿਤ ਦੀ ਦਾਤ ਦੇ ਅਰਥ ਹੀ ਭੁੱਲ ਗਏ ਹਾਂ।

ਇਸੇ ਕਰਕੇ ਅਸੀਂ ਇਸ ਹੱਸਦੀ ਵਸਦੀ ਦੁਨੀਆਂ ਵਿੱਚ ਰੁਲ ਗਏ। ਰੁਲੀ ਹੋਈ ਚੀਜ਼ ਲੱਭਦੀ ਨਹੀਂ। ਅਸੀਂ ਬਾਹਰੋਂ ਲੱਭਣ ਤੁਰੇ ਧਰਤੀ, ਅੰਬਰ ਤੱਕ ਖਾਕ ਮਾਰਿਆ ਹੈ। ਪਰ ਅਸੀਂ ਕਦੇ ਆਪਣੇ ਅੰਦਰ ਦੀ ਯਾਤਰਾ ਨਹੀਂ ਕੀਤੀ। ਅੰਦਰ ਦੀ ਯਾਤਰਾ ਉਹੀ ਕਰਦੇ ਹਨ, ਜਿੰਨਾਂ ਨੂੰ ਆਪਣੇ ਅੰਦਰ ਉਤਰਨਾ ਆਉਂਦਾ ਹੈ।

ਅਸੀਂ ਆਪਣੇ ਅੰਦਰ ਉਤਰਨ ਦੀ ਬਜਾਏ ਬਾਹਰ ਵੱਲ ਉਤਰਦੇ ਹਾਂ। ਇਸੇ ਕਰਕੇ ਅਸੀਂ ਭਟਕਦੇ ਫਿਰਦੇ ਹਾਂ, ਅਸੀਂ ਕਦੇ ਉੱਤਰ, ਕਦੇ ਦੱਖਣ ਵੱਲ ਤੁਰਦੇ ਹਾਂ ਤੇ ਫਿਰ ਕਦੇ ਪੂਰਬ ਤੇ ਪੱਛਮ ਵੱਲ। ਇਸੇ ਕਰਕੇ ਸਾਡੇ ਅੰਦਰ ਸ਼ੋਰ ਵੱਧ ਗਿਆ ਹੈ। ਅਸੀਂ ਅਸ਼ਾਂਤ ਹੋ ਗਏ ਹਾਂ। ਅਸ਼ਾਂਤੀ ਸਾਨੂੰ ਇੱਕ ਥਾਂ ਟਿਕਣ ਨਹੀਂ ਦਿੰਦੀ।

ਸ਼ਬਦ ਗੁਰੂ ਜਦੋਂ ਅੰਮ੍ਰਿਤ ਬਣਦਾ ਹੈ ਤਾਂ ਉਹ ਕੁਰਬਾਨੀ ਮੰਗਦਾ ਹੈ। ਅਸੀਂ ਸ਼ਬਦਾਂ ਦੇ ਰਾਂਹੀ ਕੁਰਬਾਨ ਹੋਣ ਦੀਆਂ ਗੱਲਾਂ ਤਾਂ ਕਰਦੇ ਹਾਂ। ਪਰ ਜਦੋਂ ਕੁਰਬਾਨੀ ਦੇਣ ਦਾ ਸਮਾਂ ਆਉਂਦਾ ਹੈ ਤਾਂ ਅਸੀਂ ਪਿੱਠ ਮੋੜ ਕੇ ਭੱਜਦੇ ਹਾਂ।

ਅਸੀਂ 'ਅੰਮ੍ਰਿਤ' ਦੀ ਸ਼ਕਤੀ ਤੇ ਭਗਤੀ ਨੂੰ ਭੁੱਲ ਗਏ ਹਾਂ, ਇਸੇ ਕਰਕੇ ਅਸੀਂ ਰੋਹ ਤੇ ਵਿਦਰੋਹ ਨਹੀਂ ਕਰਦੇ। ਅਸੀਂ ਆਪਣੀ ਸ਼ਕਤੀ ਖਤਮ ਕਰਨ ਲਈ ਭਗਤੀ ਕਰਨ ਲੱਗ ਪਏ ਹਾਂ। ਸਾਡੇ ਅੰਦਰੋਂ ਆਤਮਿਕ ਸ਼ਕਤੀ ਮਰ ਗਈ ਹੈ ਜਾਂ ਫਿਰ ਇਸ ਨੂੰ ਮਾਰਨ ਲਈ ਸਾਨੂੰ ਭਗਤੀ ਦੇ ਲੜ ਲਾ ਕੇ ਮੌਤ ਤੋਂ ਬਚਣ ਦੇ ਮਾਰਗ ਤੋਰਿਆ ਹੈ। ਸਾਧਾਂ, ਸੰਤਾਂ ਤੇ ਬਾਬਿਆਂ ਨੇ ਸਾਡੇ ਹੱਥੋਂ ਹਥਿਆਰ ਖੋਹ ਕੇ ਮਾਲਾ ਫੜਾ ਦਿੱਤੀ ਹੈ। ਫੇਰੀ ਚੱਲੋ ਮਨਕੇ ਤੇ ਮਨਕਾ। ਸਾਨੂੰ ਇਹ ਕਦੋਂ ਸਮਝ ਆਵੇਗੀ? ਜਦੋਂ ਵਾੜ ਹੀ ਖੇਤ ਨੂੰ ਖਾ ਜਾਵੇਗੀ-ਬਾਗਾਂ ਤੇ ਖੇਤਾਂ ਦੇ ਰਾਖਿਆਂ ਨੂੰ ਉਨ੍ਹਾਂ ਦੇ ਅੰਦਰਲੀ ਸ਼ਕਤੀ ਦੇ ਅਰਥ ਕੌਣ ਦੱਸੇਗਾ?

ਹੁਣ ਤਾਂ ਆਪਣਾ ਆਪ ਜਗਾਉਣ ਦੀ ਲੋੜ ਹੈ. ਤਾਂ ਹੀ ਤਲਵਾਰ ਨੂੰ ਕਿਰਪਾਨ ਬਣਾ ਸਕਦੇ ਹਾਂ . ਪਰ ਅਸੀਂ ਤੇ ਤਲਵਾਰਾਂ ਇਉਂ ਚੁਕੀ ਫਿਰਦੇ ਹਾਂ ਜਿਵੇ ਮੈਦਾਨ ਹੋਵੇ. ਪਰ ਕਿਰਪਾਨ ਕਿਸੇ ਕੋਲ ਨਹੀਂ ਜੋ ਗੁਰੂ ਜੀ ਸ਼ਬਦ ਗੁਰੂ ਦੇ ਰਾਹੀਂ ਦਿਤੀ ਸੀ। ਅਸੀਂ ਕਦੋਂ ਸਮਝਾਗੇ ਇਹ ਫਰਕ.?.

ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ।



ਬੁੱਧ ਸਿੰਘ ਨੀਲੋਂ
94643 70823

# 'ਆਦਤਾਂ ਛੋਟੀਆਂ, ਤਬਦੀਲੀਆਂ ਵੱਡੀਆਂ' ਵਿਸ਼ੇ 'ਤੇ ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਵੱਲੋਂ ਕਰਵਾਇਆ ਗਿਆ ਸੈਮੀਨਾਰ





ਬਰੈਂਪਟਨ, (ਡਾ. ਝੰਡ) – ਆਪਣੇ ਮੈਂਬਰਾਂ ਸਿਹਤ ਸਬੰਧੀ ਜਾਗਰੂਕਤਾ ਪ੍ਰਦਾਨ ਕਰਨ ਲਈ ਬਰੈਂਪਟਨ ਦੀ 'ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ' ਸਮੇਂ-ਸਮੇਂ ਸੈਮੀਨਾਰ ਕਰਵਾਉਂਦੀ ਰਹਿੰਦੀ ਹੈ। ਏਸੇ ਕੜੀ ਵਿੱਚ ਲੰਘੇ ਮੰਗਲਵਾਰ 18 ਨਵੰਬਰ ਨੂੰ ਇਸ ਕਲੱਬ ਵੱਲੋਂ ਹੈੱਲਥ ਐਂਡ ਵੈੱਲਥ ਸੈਮੀਨਾਰ 'ਆਦਤਾਂ-ਛੋਟੀਆਂ-ਛੋਟੀਆਂ ਪਰ ਤਬਦੀਆਂ ਵੱਡੀਆਂ' ਵਿਸ਼ੇ ਉੱਪਰ ਸੈਮੀਨਾਰ ਸਥਾਨਕ ਪਾਲ ਪਲੈਸ਼ੀ ਰੀਕਰੀਏਸ਼ਨ ਸੈਂਟਰ ਵਿੱਚ ਆਯੋਜਿਤ ਕੀਤਾ ਗਿਆ। ਕਲੱਬ ਦੇ 100 ਤੋਂ ਵਧੀਕ ਮੈਂਬਰਾਂ ਵੱਲੋਂ ਇਸ ਸੈਮੀਨਾਰ ਵਿੱਚ ਸ਼ਮੂਲੀਅਤ ਕੀਤੀ ਗਈ। ਇੱਥੋਂ ਕਲੱਬ ਦੀ ਆਪਣੇ ਮੈਂਬਰਾਂ ਦੀ ਸਰੀਰਕ, ਮਾਨਸਿਕ ਅਤੇ ਭਾਵਨਾਤਮਿਕ ਸਿਹਤ ਪ੍ਰਤੀ ਜਾਗਰੂਕਤਾ ਲਈ ਵਚਨਬੱਧਤਾ ਦਿਖਾਈ ਦਿੰਦੀ ਹੈ।

ਸੈਮੀਨਾਰ ਦੇ ਆਰੰਭ ਵਿੱਚ ਕਲੱਬ ਦੇ ਚੇਅਰਪਰਸਨ ਗਿਆਨ ਪਾਲ ਵੱਲੋਂ ਸੈਮੀਨਾਰ ਦੇ ਮੁੱਖ-ਬੁਲਾਰੇ ਡਾ. ਹਰਿੰਦਰਾ ਜੋਸ਼ੀ ਅਤੇ ਕਲੱਬ ਦੇ ਮੈਂਬਰਾਂ 'ਜੀ ਆਇਆਂ' ਕਹਿੰਦਿਆਂ ਹੋਇਆਂ ਸੀਨੀਅਰਾਂ ਦੀ ਸਿਹਤ ਸੰਭਾਲ ਬਾਰੇ ਮੁੱਢਲੇ ਸ਼ਬਦ ਕਹੇ। ਉਨ੍ਹਾਂ ਕਿਹਾ, "ਸਾਡੇ ਸੀਨੀਅਰ ਸਾਡੀ ਮਦਦ, ਅਗਵਾਈ ਅਤੇ ਪ੍ਰਵਾਹ ਦੇ ਪੂਰੇ ਹੱਕਦਾਰ ਹਨ। ਅੱਜ ਦਾ ਇਹ ਸੈਮੀਨਾਰ ਸਿਹਤ ਨੂੰ ਤੰਦਰੁਸਤ ਰੱਖਣ, ਜੀਵਨ ਵਿੱਚ ਖ਼ੁਸ਼ ਰਹਿਣ ਅਤੇ ਵਧੀਆ ਜ਼ਿੰਦਗੀ ਗੁਜ਼ਾਰਨ ਵੱਲ ਇੱਕ ਕਦਮ ਹੈ।" ਸੈਮੀਨਾਰ ਦੇ ਮੁੱਖ-ਬੁਲਾਰੇ ਸਿਹਤ ਸੰਭਾਲ ਸਬੰਧੀ ਮੰਨੇ-ਪ੍ਰਮੰਨੇ ਡਾ. ਹਰਿੰਦਰ ਜੋਸ਼ੀ ਸਨ ਜਿਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਕਈ ਛੋਟੀਆਂ-ਛੋਟੀਆਂ ਮਨੁੱਖੀ ਆਦਤਾਂ ਬਾਰੇ ਜ਼ਿਕਰ ਕੀਤਾ ਜੋ ਸਾਡੇ ਜੀਵਨ ਵਿੱਚ ਭਾਰੀ ਅਹਿਮੀਅਤ ਰੱਖਦੀਆਂ ਹਨ ਅਤੇ ਸਾਡੇ ਸਰੀਰਕ ਅਤੇ ਮਾਨਸਿਕ ਸੰਤੁਲਨ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਸੈਸ਼ਨ ਵਿੱਚ ਉਨ੍ਹਾਂ ਆਪਣੇ ਸੰਬੋਧਨ ਨੂੰ ਚਾਰ ਅਹਿਮ ਮੁੱਦਿਆਂ -- ਤੰਦਰੁਸਤ ਜੀਵਨ-ਜਾਚ ਨੂੰ ਜਾਰੀ ਰੱਖਣ, ਚਿੰਤਾ ਤੇ ਭਾਵਨਾਵਾਂ ਨੂੰ ਕਾਬੂ 'ਚ ਰੱਖਣ, ਰੋਜ਼ਾਨਾ ਕੰਮ-ਕਾਜ ਦਾ ਲੇਖਾ-ਜੋਖਾ ਕਰਨ ਅਤੇ ਨਿੱਜੀ- ਖ਼ੁਰਾਕ ਤੇ ਤੰਦਰੁਸਤੀ ਦੀ ਯੋਜਨਾਬੰਦੀ -- 'ਤੇ ਕੇਂਦ੍ਰਿਤ ਕੀਤਾ।

ਅਗਲੇ ਸਵਾਲ-ਜੁਆਬ ਸੈਸ਼ਨ ਵਿੱਚ ਡਾ. ਜੋਸ਼ੀ ਨੇ ਸਰੋਤਿਆਂ ਵੱਲੋਂ ਆਏ ਕਈ ਸੁਆਲਾਂ ਦਾ ਜੁਆਬ ਦਿੰਦਿਆਂ ਆਪਣਾ ਸਾਰਥਿਕ ਸੁਨੇਹਾ ਦਿੱਤਾ, "ਚੰਗੀ ਸਿਹਤ ਦਵਾਈਆਂ ਦੀ ਮੁਹਤਾਜ ਨਹੀਂ ਹੈ, ਸਗੋਂ ਇਹ ਤਾਂ ਜਾਗਰੂਕਤਾ, ਜੀਵਨ 'ਚ 'ਹਾਂ-ਪੱਖੀ ਪਹੁੰਚ' ਅਤੇ ਰੋਜ਼ਾਨਾ ਛੋਟੀਆਂ-ਛੋਟੀਆਂ ਆਦਤਾਂ ਜੋ ਜੀਵਨ ਵਿੱਚ ਵੱਡੇ ਸੁਧਾਰਾਂ ਦੀ ਸ਼ੁਰੂਆਤ ਕਰਦੀਆਂ ਹਨ, ਵਿੱਚ ਸਮਾਈ ਹੋਈ ਹੈ।" ਇਸ ਦੌਰਾਨ ਕਮਿਊਨਿਟੀ ਦੀ ਜਾਣੀ-ਪਛਾਣੀ ਸ਼ਖ਼ਸੀਅਤ ਸੁਖਦੇਵ ਸਿੰਘ ਬੇਦੀ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਹੋਇਆਂ ਕਿਹਾ, "ਸਾਡੇ ਸੀਨੀਅਰਾਂ ਨੂੰ ਬੋਲਣ, ਸਿੱਖਣ ਅਤੇ ਸੁਣੇ ਜਾਣ ਦੇ ਮੌਕੇ ਲਗਾਤਾਰ ਮਿਲਣੇ ਚਾਹੀਦੇ ਹਨ। ਮਜ਼ਬੂਤ ਕਮਿਊਨਿਟੀ ਵਿੱਚ ਵਿਚਰਨ ਵਾਲੇ ਹੀ ਸੀਨੀਅਰ ਮਜ਼ਬੂਤ ਹੁੰਦੇ ਹਨ ਅਤੇ ਐੱਫ.ਸੀ.ਐੱਫ.ਸੀ. ਕਲੱਬ ਇਸ ਦਿਸ਼ਾ ਵਿੱਚ ਆਪਣਾ ਕੰਮ ਬਾਖ਼ੂਬੀ ਕਰ ਰਹੀ ਹੈ।" ਕਲੱਬ ਦੀ ਪ੍ਰਧਾਨ ਜਸਵਿੰਦਰ ਦੈਂਦ ਨੇ ਇਸ ਮੌਕੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਡਾ. ਜੋਸ਼ੀ ਵੱਲੋਂ ਦਿੱਤੀਆਂ ਗਈਆਂ ਬਹੁ-ਮੁੱਲੀਆਂ ਸਲਾਹਾਂ ਨੇ ਸਾਡੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ ਕਿ ਕਿਵੇਂ ਆਪਣੀਆਂ ਛੋਟੀਆਂ-ਛੋਟੀਆਂ ਆਦਤਾਂ ਵੱਲ ਧਿਆਨ ਦੇ ਕੇ ਅਸੀਂ ਲੰਮੇਂ ਸਮੇਂ ਲਈ ਆਪਣੀ ਸਿਹਤ ਨੂੰ ਤੰਦਰੁਸਤ ਰੱਖ ਸਕਦੇ ਹਾਂ। ਇਹ ਯੋਗ-ਅਗਵਾਈ ਦੇਣ ਲਈ ਅਸੀਂ ਡਾ. ਜੋਸ਼ੀ ਦੇ ਅਤੀ ਧੰਨਵਾਦੀ ਹਾਂ।"

ਸੈਮੀਨਾਰ ਤੋਂ ਬਾਅਦ ਮਨੋਰੰਜਨ ਦਾ ਦੌਰ ਆਰੰਭ ਹੋ ਗਿਆ ਜਿਸ ਵਿੱਚ ਹਮੇਸ਼ਾ ਵਾਂਗ ਜਿਓਤੀ ਵੱਲੋਂ ਗੀਤਾਂ ਅਤੇ ਮੈਂਬਰਾਂ ਨੂੰ ਆਪਣੀਆਂ ਨਿੱਜੀ ਯਾਦਾਂ ਸਾਂਝੀਆਂ ਕਰਨ ਲਈ ਉਨ੍ਹਾਂ ਦੀ ਅਗਵਾਈ ਕੀਤੀ ਗਈ। ਰਘਬੀਰ ਚੌਹਾਨ ਨੇ ਬਹੁਤ ਵਧੀਆ ਪੇਸ਼ਕਾਰੀ ਕਰਦਿਆਂ ਹੋਇਆਂ ਇਹ ਕਹਿੰਦੇ ਹੋਏ ਕਲੱਬ ਦੀਆਂ ਸਰਗਰਮੀਆਂ ਦੀ ਸਰਾਹਨਾ ਕੀਤੀ, "ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਸੀਨੀਅਰਾਂ ਦੀ ਸਿਹਤ ਦਾ ਖ਼ਿਆਰ ਲੱਖਣ ਅਤੇ ਉਨ੍ਹਾਂ ਦੇ ਮਨੋਰੰਜਨ ਲਈ ਬੜੇ ਵਧੀਆ ਮੌਕੇ ਪੈਦਾ ਕਰਦੀ ਰਹਿੰਦੀ ਹੈ। ਅੱਜ ਦੇ ਸੈਮੀਨਾਰ ਨੇ ਇਹ ਦੱਸ ਦਿੱਤਾ ਹੈ ਕਿ ਸਾਡੇ ਜੀਵਨ ਵਿੱਚ ਤੰਦਰੁਸਤ ਸਿਹਤ, ਖ਼ੁਸ਼ੀਆਂ ਅਤੇ ਕਮਿਊਨਿਟੀਆਂ ਕਿਵੇਂ ਨਾਲੋ-ਨਾਲ ਚੱਲਦੀਆਂ ਹਨ।" ਸਮਾਗਮ ਦੇ ਅਖ਼ੀਰ 'ਚ ਕਲੱਬ ਦੇ ਚੇਅਰਪਰਸਨ ਗਿਆਨ ਪਾਲ ਵੱਲੋਂ ਡਾ. ਹਰਿੰਦਰਾ ਜੋਸ਼ੀ, ਪ੍ਰਬੰਧਕੀ-ਟੀਮ ਦੇ ਮੈਂਬਰਾਂ ਤੇ ਕਲੱਬ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਮਿਲ ਕੇ ਇੱਕ-ਦੂਸਰੇ ਦਾ ਖ਼ਿਆਲ ਰੱਖਣ ਵਾਲੀ, ਜਾਗਰੂਕਤਾ ਅਤੇ ਖ਼ੁਸ਼ੀਆਂ ਨਾਲ ਭਰਪੂਰ ਸੀਨੀਅਰ ਕਮਿਊਨਿਟੀ ਦਾ ਨਿਰਮਾਣ ਕਰ ਰਹੇ ਹਾਂ ਅਤੇ ਇਸ ਦੇ ਲਈ ਕਲੱਬ ਦੇ ਸਮੂਹ ਮੈਂਬਰ ਧੰਨਵਾਦ ਦੇ ਪਾਤਰ ਹਨ।

# ਟਰੱਕ ਡਰਾਈਵਰਾਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ 'ਜਸਟਿਸ ਫ਼ਾਰ ਟਰੱਕ ਡਰਾਈਵਰਜ਼ ਕੈਂਪੇਨ' ਨੇ ਆਯੋਜਿਤ ਕੀਤੀ ਮਹੱਤਵਪੂਰਨ ਟਾਊਨ ਹਾਲ ਮੀਟਿੰਗ

## ਮੀਟਿੰਗ 'ਚ ਲੱਗਭਗ 150 ਓਨਰ-ਓਪਰੇਟਰਾਂ ਤੇ ਟਰੱਕ ਡਰਾਈਵਰਾਂ ਨੇ ਲਿਆ ਹਿੱਸਾ



ਬਰੈਂਪਟਨ, (ਡਾ.ਝੰਡ): ਟਰੱਕ ਡਰਾਈਵਰਾਂ ਨੂੰ ਨਿੱਤ ਨਵੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਨੂੰ ਸਰਕਾਰ ਵੱਲੋਂ ਪ੍ਰਵਾਨ ਕੀਤੀਆਂ ਗਈਆਂ ਘੱਟੋ-ਘੱਟ ਉਜਰਤਾਂ ਨਹੀਂ ਦਿੱਤੀਆਂ ਜਾ ਰਹੀਆਂ। ਕਦੇ ਟਰੱਕ ਕੰਪਨੀਆਂ ਵੱਲੋਂ ਉਨ੍ਹਾਂ ਦੀਆਂ ਤਨਖ਼ਾਹਾਂ ਦੇ ਪੈਸੇ ਮਾਰ ਲਏ ਜਾਂਦੇ ਹਨ ਅਤੇ ਕਦੇ ਬਿਨਾਂ ਕੋਈ ਅਗਾਊਂ ਨੋਟਿਸ ਦਿੱਤਿਆਂ ਜਦੋਂ ਮਰਜ਼ੀ ਉਨ੍ਹਾਂ ਨੂੰ ਨੌਕਰੀ ਤੋਂ 'ਫ਼ਾਰਗ' (ਫ਼ਾਇਰ) ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਦੀ ਸਿਹਤ, ਸੁਰੱਖਿਆ ਅਤੇ ਸਰਵਿਸ ਸਬੰਧੀ ਬਣੇ ਹੋਏ ਕਾਨੂੰਨਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ। ਨਤੀਜੇ ਵਜੋਂ, ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਸਰੀਰਕ ਤੇ ਮਾਨਸਿਕ ਦਿੱਕਤਾਂ ਝੱਲਣੀਆਂ ਪੈਂਦੀਆਂ ਹਨ। ਸ਼ਾਇਦ, ਤਾਂ ਹੀ ਪੰਜਾਬੀ ਗੀਤਾਂ ਵਿੱਚ ਟਰੱਕ ਡਰਾਈਵਰਾਂ ਬਾਰੇ ਕਿਹਾ ਜਾਂਦਾ ਹੈ, "ਬੜੀ ਔਖੀ ਏ ਡਰਾਈਵਰੀ ਯਾਰਾ, ਪੈਂਦੇ ਸੱਪਾਂ ਦੀਆਂ ਸਿਰੀਆਂ ਤੋਂ ਨੋਟ ਚੱਕਣੇ।"

ਇਨ੍ਹਾਂ ਦਰਪੇਸ਼ ਮੁਸ਼ਕਲਾਂ ਦੇ ਹੱਲ ਲਈ ਸੰਘਰਸ਼ ਕਰਨ ਲਈ ਲੰਘੇ ਸ਼ਨੀਵਾਰ 22 ਨਵੰਬਰ ਦਿਨ ਸ਼ਨਿਚਰਵਾਰ ਨੂੰ 'ਜਸਟਿਸ ਫ਼ਾਰ ਟਰੱਕ ਡਰਾਈਵਰਜ਼ ਕੈਂਪੇਨ' ਵੱਲੋਂ 500 ਰੇਅਲਾਅਸਨ ਬੁਲੇਵਾਰਡ, ਬਰੈਂਪਟਨ ਸਥਿਤ 'ਸੂਸਨ ਫ਼ੈਨਲ ਸਪੋਰਟਸਪਲੈੱਕਸ' ਵਿਖੇ ਇਕ ਟਾਊਨ ਹਾਲ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੀਟਿੰਗ ਵਿੱਚ ਕੋਈ 150 ਦੇ ਕਰੀਬ ਓਨਰ-ਓਪਰੇਟਰਾਂ ਤੇ ਡਰਾਈਵਰਾਂ ਨੇ ਨਿੱਜੀ ਰੂਪ ਵਿੱਚ ਭਾਗ ਲਿਆ। ਇਨ੍ਹਾਂ ਤੋਂ ਇਲਾਵਾ 450 ਸੌ ਤੋਂ ਵਧੇਰੇ ਡਰਾਈਵਰਾਂ ਨੇ ਆਪਣੇ ਆਪ ਨੂੰ 'ਔਨ-ਲਾਈਨ' ਰਜਿਸਟਰ ਕੀਤਾ। ਕਿਊਬਿਕ, ਓਨਟਾਰੀਓ ਤੇ ਬੀ. ਸੀ. ਦੇ ਕਈ ਪਾਰਲੀਮੈਂਟ ਮੈਂਬਰਾਂ ਨੇ 'ਔਨ-ਲਾਈਨ' ਤੇ 'ਇਨ-ਪਰਸਨ' ਹਿੱਸਾ ਲਿਆ। ਇਸ ਦੇ ਨਾਲ ਹੀ 'ਥੰਡਰਬੇਅ' ਦੀ ਇੱਕ ਐੱਮ.ਪੀ.ਪੀ. ਨੇ ਵੀ 'ਇਨ-ਪਰਸਨ' ਆਪਣੀ ਹਾਜ਼ਰੀ ਲਵਾਈ। 'ਯੂਨੀਫੋਰ', 'ਟੋਰੰਟੋ ਐਕਸ਼ਨ ਸੈਂਟਰ' ਤੋਂ ਇਲਾਵਾ ਹੋਰ ਕਈ ਯੂਨੀਅਨਾਂ ਦੇ ਮੈਂਬਰਾਂ ਨੇ ਵੀ ਮੀਟਿੰਗ ਵਿੱਚ ਆਪਣੀ ਸ਼ਮੂਲੀਅਤ ਕੀਤੀ। ਡਰਾਈਵਰਾਂ ਤੇ ਓਨਰ-ਓਪਰੇਟਰਾਂ ਦੀਆਂ ਇਨ੍ਹਾਂ ਮੰਗਾਂ ਨੂੰ ਉਭਾਰਨ ਲਈ ਨੈਸ਼ਨਲ ਪੱਧਰ 'ਤੇ ਪੰਜਾਬੀ ਮੀਡੀਏ ਵੱਲੋਂ ਪੂਰਾ ਸਮਰਥਨ ਦਿੱਤਾ ਗਿਆ। ਮੇਨ-ਸਟਰੀਮ ਮੀਡੀਏ ਦੇ ਕੁਝ ਮੈਂਬਰ ਵੀ ਇਸ ਟਾਊਨ ਹਾਲ ਮੀਟਿੰਗ 'ਚ ਪਹੁੰਚੇ ਹੋਏ ਸਨ। ਇਸ ਦੌਰਾਨ ਵੱਖ-ਵੱਖ ਬੁਲਾਰਿਆਂ ਵੱਲੋਂ ਆਪਣੇ ਸੰਬੋਧਨਾਂ ਵਿੱਚ 'ਵੇਜ-ਥੈੱਫ਼ਟ ਰੋਕਣਾ', ਡਰਾਈਵਰਾਂ ਦੀ 'ਮਿਨੀਮਮ-ਵੇਜ ਸੈੱਟ ਕਰਨਾ', ਬਣੇ ਹੋਏ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ ਵਰਗੇ ਕਈ ਹੋਰ ਮੁੱਦਿਆਂ ਨੂੰ ਰਾਜ ਕਰ ਰਹੀਆਂ ਤੇ ਹੋਰ ਦੂਜੀਆਂ ਰਾਜਨੀਤਕ ਪਾਰਟੀਆਂ ਦੇ ਧਿਆਨ 'ਚ ਲਿਆਂਦਾਂ ਗਿਆ।

ਇੱਥੇ ਇਹ ਵਰਨਣਯੋਗ ਹੈ ਕਿ ਓਨਟਾਰੀਓ ਖਿੱਤੇ ਦੇ ਟਰੱਕ ਡਰਾਈਵਰਾਂ ਦੀ ਇਹ 'ਮੂਵਮੈਂਟ' ਹੁਣ ਕੈਨੇਡਾ-ਭਰ ਦੇ ਡਰਾਈਵਰਾਂ ਦੀ ਮੂਵਮੈਂਟ ਬਣਦੀ ਜਾ ਰਹੀ ਹੈ। ਮੀਟਿੰਗ ਵਿੱਚ 'ਵੈਸਟ ਕੋਸਟ ਟਰੱਕਰਜ਼ ਐਸੋਸੀਏਸ਼ਨ' ਦੇ ਵਾਈਸ-ਪ੍ਰੈਜ਼ੀਡੈਂਟ ਵਿਜੈਦੀਪ ਵੱਲੋਂ ਵੀ ਜ਼ੂਮ-ਮਾਧਿਅਮ ਰਾਂਹੀ ਆਪਣੇ ਵਿਚਾਰ ਸਾਂਝੇ ਕੀਤੇ ਗਏ। 'ਕੈਨੇਡੀਅਨ ਟਰੱਕਰਜ਼ ਐਸੋਸੀਏਸ਼ਨ' ਦੇ ਆਗੂ ਸੁਖਰਾਜ ਸੰਧੂ ਅਤੇ ਰਾਜ ਨੇ ਵੀ ਟਰੱਕਰਜ਼ ਨੂੰ ਆ ਰਹੀਆਂ ਦਿੱਕਤਾ ਬਾਰੇ ਵਿਚਾਰ ਸਾਂਝੇ ਕੀਤੇ। ਟਰੱਕ ਡਰਾਈਵਰ ਕਰਨਵੀਰ ਨੇ ਡਰਾਈਵਰਾਂ ਦੀ ਤਨਖਾਹ ਦੀ ਹੋ ਰਹੀ 'ਚੋਰੀ' ਬਾਰੇ ਵਿਸਥਾਰ 'ਚ ਚਾਨਣਾ ਪਾਇਆ। ਇਸ ਟਾਊਨ ਹਾਲ ਮੀਟਿੰਗ ਦੀ ਭਰਪੂਰ ਸਫ਼ਲਤਾ ਤੋਂ ਮਾਲੂਮ ਹੋ ਰਿਹਾ ਸੀ ਕਿ ਜੇਕਰ ਟਰੱਕ ਡਰਾਈਵਰ ਇੰਜ ਹੀ ਲਗਾਤਾਰਤਾ ਨਾਲ ਇਕ-ਜੁੱਟ ਹੋ ਕੇ ਅਪਣੀ ਆਵਾਜ਼ ਉਠਾਉਂਦੇ ਰਹੇ ਤਾਂ ਸਰਕਾਰ ਨੂੰ ਇ੍ਨਾਂ ਦੀਆਂ ਮੰਗਾਂ ਵੱਲ ਧਿਆਨ ਦੇਣ ਲਈ ਮਜਬੂਰ ਹੋਣਾ ਪਵੇਗਾ। ਇਸ ਦੌਰਾਨ ਨਵੀ ਔਜਲਾ ਵੱਲੋਂ ਸਟੇਜ-ਸਕੱਤਰ ਦੀ ਜ਼ੁੰਮੇਵਾਰੀ ਬਾਖ਼ੂਬੀ ਨਿਭਾਈ ਗਈ। ਵੱਖ-ਵੱਖ ਬੁਲਾਰਿਆਂ ਵੱਲੋਂ ਮੀਟਿੰਗ ਵਿੱਚ ਰੱਖੀਆਂ ਗਈਆਂ ਮੰਗਾਂ ਬਾਰੇ ਮੀਟਿੰਗ ਵਿੱਚ ਸ਼ਾਮਲ ਡਰਾਈਵਰਾਂ ਅਤੇ ਓਨਰ-ਓਪਰੇਟਰਾਂ ਵੱਲੋਂ ਹੱਥ ਖੜੇ ਕਰਕੇ ਪ੍ਰਵਾਨਗੀ ਦਿੱਤੀ ਗਈ।

# ਲਾਊਡਸਪੀਕਰ ਅਤੇ DJ 'ਤੇ ਲੱਗੀ ਪਾਬੰਦੀ !

## ਅੰਮ੍ਰਿਤਸਰ ਪੁਲਿਸ ਨੇ ਜਾਰੀ ਕੀਤੇ ਸਖ਼ਤ ਹੁਕਮ



ਅੰਮ੍ਰਿਤਸਰ ਵਿਚ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਕਿਸੇ ਵੀ ਧਾਰਮਿਕ ਸਥਾਨ, ਧਾਰਮਿਕ ਪ੍ਰੋਗਰਾਮ ਜਾਂ ਕਿਸੇ ਵੀ ਤਰ੍ਹਾਂ ਦੇ ਜਨਤਕ ਸਮਾਗਮ ਵਿੱਚ ਲਾਊਡਸਪੀਕਰ, ਸਾਊਂਡ ਸਿਸਟਮ ਜਾਂ ਡੀਜੇ ਦੀ ਵਰਤੋਂ 'ਤੇ ਸਖ਼ਤ ਪਾਬੰਦੀ ਹੋਵੇਗੀ। ਅੰਮ੍ਰਿਤਸਰ ਪੁਲਿਸ ਕਮਿਸ਼ਨਰੇਟ ਨੇ ਇਸ ਸਬੰਧੀ ਇੱਕ ਜਨਤਕ ਨੋਟਿਸ ਜਾਰੀ ਕੀਤਾ ਹੈ। ਇਹ ਹੁਕਮ ਮਾਣਯੋਗ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਮੁਤਾਬਕ ਦਿੱਤੇ ਗਏ ਗਨ।

ਇਹ ਫੈਸਲਾ ਇਸ ਲਈ ਲਿਆ ਗਿਆ ਹੈ ਕਿ ਲੋਕਾਂ, ਬਜ਼ੁਰਗਾਂ, ਬੀਮਾਰਾਂ ਅਤੇ ਬੱਚਿਆਂ ਦੇ ਆਰਾਮ ਵਿਚ ਕਿਸੇ ਤਰ੍ਹਾਂ ਦੀ ਰੁਕਾਵਟ ਨਾ ਪਹੁੰਚੇ ਅਤੇ ਆਰਾਮ ਨਾਲ ਸੌਂ ਸਕਣ। ਪੁਲਿਸ ਨੇ ਕਿਹਾ ਕਿ ਇਸ ਦੀ ਉਲੰਘਣਾ ਕਰਨ ਵਾਲਿਆਂ 'ਤੇ ਸਖਤ ਕਾਰਵਾਈ ਕੀਤੀ ਜਾਵੇਗੀ।

ਪੁਲਿਸ ਪ੍ਰਸ਼ਾਸਨ ਨੇ ਕਿਹਾ ਕਿ ਧਾਰਮਿਕ ਸਮਾਗਮਾਂ, ਤਿਉਹਾਰਾਂ ਜਾਂ ਨਿੱਜੀ ਇਕੱਠਾਂ ਦੌਰਾਨ ਅਕਸਰ ਦੇਰ ਰਾਤ ਤੱਕ ਉੱਚੀ ਆਵਾਜ਼ ਵਾਲੇ ਸਾਊਂਡ ਸਿਸਟਮ ਵਜਾਏ ਜਾਂਦੇ ਹਨ, ਜਿਸ ਨਾਲ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਰਹਿਣ ਵਾਲੀ ਆਬਾਦੀ ਨੂੰ ਕਾਫੀ ਅਸੁਵਿਧਾ ਹੁੰਦੀ ਹੈ। ਇਸ ਲਈ ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਦੇ ਮੁਤਾਬਕ, ਅੰਮ੍ਰਿਤਸਰ ਪੁਲਿਸ ਨੇ ਇਸ ਨੂੰ ਸਖ਼ਤੀ ਨਾਲ ਲਾਗੂ ਕਰਨ ਦਾ ਫੈਸਲਾ ਕੀਤਾ ਹੈ।

ਅੰਮ੍ਰਿਤਸਰ ਕਮਿਸ਼ਨਰੇਟ ਨੇ ਧਾਰਾ 163 ਬੀਐਨਐਸ ਦੇ ਤਹਿਤ ਸਪੱਸ਼ਟ ਨਿਰਦੇਸ਼ ਜਾਰੀ ਕੀਤੇ ਹਨ ਕਿ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਬਿਨਾਂ ਇਜਾਜ਼ਤ ਦੇ ਲਾਊਡਸਪੀਕਰ ਜਾਂ ਸਾਊਂਡ ਸਿਸਟਮ ਦੀ ਵਰਤੋਂ ਕਰਨਾ ਸਜ਼ਾਯੋਗ ਅਪਰਾਧ ਹੈ। ਪੁਲਿਸ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਇਸ ਪਾਬੰਦੀ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ, ਜਿਸ ਵਿੱਚ ਸਾਊਂਡ ਸਿਸਟਮ ਨੂੰ ਜ਼ਬਤ ਕਰਨਾ ਅਤੇ ਕਾਨੂੰਨੀ ਕਾਰਵਾਈ ਸ਼ਾਮਲ ਹੈ।

ਇਹ ਹੁਕਮ 16 ਫਰਵਰੀ, 2026 ਤੱਕ ਲਾਗੂ ਰਹੇਗਾ ਅਤੇ ਪੂਰੇ ਅੰਮ੍ਰਿਤਸਰ ਸ਼ਹਿਰ ਅਤੇ ਪੇਂਡੂ ਕਮਿਸ਼ਨਰੇਟ ਖੇਤਰ ਵਿੱਚ ਲਾਗੂ ਹੋਵੇਗਾ। ਅੰਮ੍ਰਿਤਸਰ ਪੁਲਿਸ ਨੇ ਨਾਗਰਿਕਾਂ ਨੂੰ ਇਸ ਨਿਯਮ ਦੀ ਪਾਲਣਾ ਕਰਨ ਅਤੇ ਸ਼ਾਂਤੀਪੂਰਨ ਅਤੇ ਵਿਵਸਥਾਪੂਰਨ ਵਾਤਾਵਰਣ ਬਣਾਈ ਰੱਖਣ ਵਿੱਚ ਪ੍ਰਸ਼ਾਸਨ ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ। ਪੁਲਿਸ ਵਿਭਾਗ ਨੇ ਇਹ ਵੀ ਕਿਹਾ ਹੈ ਕਿ ਇਹ ਕਦਮ ਲੋਕਾਂ ਦੀ ਭਲਾਈ, ਸੁਰੱਖਿਆ ਅਤੇ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ ਚੁੱਕਿਆ ਗਿਆ ਹੈ। ਸਾਰੀਆਂ ਧਾਰਮਿਕ ਸੰਸਥਾਵਾਂ, ਪ੍ਰਬੰਧਕ ਕਮੇਟੀਆਂ ਅਤੇ ਆਮ ਜਨਤਾ ਨੂੰ ਇਸ ਹੁਕਮ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਅਤੇ ਤੈਅ ਸਮੇਂ ਤੋਂ ਬਾਅਦ ਕੋਈ ਵੀ ਸ਼ੋਰ ਮਚਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

GTA Plumbing & Electrical Supplies
GTA Plumbling & Electrical Supplies



ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.
Business Loan
Credit Line
Truck/Taxi Loan
New Immigrant Package
416-366-1234



Jaswinder Khosa
416-894-9400
1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ
ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ






ਨਸ਼ਾ ਛੁਡਾਊ
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ
ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ



ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ਪਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

ਪੰਜਾਬ ਸਟਾਰ
www.punjabstar.com

# ਅਦਰਕ ਦੀ ਵਿਗਿਆਨਕ ਮਹੱਤਤਾ

ਅਦਰਕ (Zingiber officinale) ਨੂੰ ਸਦੀਆਂ ਤੋਂ ਮਨੁੱਖੀ ਦਵਾਈਆਂ ਅਤੇ ਖਾਣ-ਪੀਣ ਵਿੱਚ ਵਰਤਿਆ ਜਾ ਰਿਹਾ ਹੈ। ਅੱਜ ਵੀ ਆਧੁਨਿਕ ਵਿਗਿਆਨ ਅਦਰਕ ਦੇ ਜੀਵ ਵਿਗਿਆਨਕ ਮੁੱਲਾਂ ਦੇ ਨਵੇਂ ਪਹਿਲੂਆਂ ਨੂੰ ਖੋਜਣ ਲਈ ਅਧਿਐਨ ਕਰ ਰਿਹਾ ਹੈ। ਇਹ ਸੁਗੰਧਿਤ ਵਨਸਪਤੀ ਜੋ ਦੱਖਣੀ ਏਸ਼ੀਆ ਦਾ ਮੂਲ ਹੈ, ਬਾਇਓਐਕਟਿਵ ਯੋਗਿਕਾਂ ਦਾ ਸੁਮੇਲ ਹੈ ਅਤੇ ਇਸ ਵਿੱਚ ਸ਼ਾਮਲ ਹਨ ਜਿੰਜਰੋਲ, ਸ਼ੋਗੋਲ, ਪੈਰਾਡੋਲ ਅਤੇ ਜ਼ਿੰਗਰੋਨ ਅਤੇ ਹਰ ਇੱਕ ਯੋਗਿਕ ਇਸਦੀ ਰੋਗ ਪ੍ਰਤੀਰੋਧਕ ਸਮਰੱਥਾ ਵਿੱਚ ਯੋਗਦਾਨ ਪਾਉਂਦਾ ਹੈ। ਇਸ ਯੁੱਗ ਵਿੱਚ ਜਿੱਥੇ ਕੁਦਰਤੀ ਸਿਹਤ ਨੂੰ ਵੱਧ ਤੋਂ ਵੱਧ ਵਿਗਿਆਨਕ ਧਿਆਨ ਮਿਲ ਰਿਹਾ ਹੈ, ਅਦਰਕ ਸਭ ਤੋਂ ਗਹਿਰਾਈ ਨਾਲ ਅਧਿਐਨ ਕੀਤੇ ਜਾਣ ਵਾਲੇ ਪਦਾਰਥਾਂ ਵਿੱਚੋਂ ਇੱਕ ਹੈ। ਇਸਦੇ ਫਾਇਦੇ ਮੈਟਾਬੋਲਿਕ ਸਿਹਤ, ਅੰਤੜੀਆਂ ਦੀ ਕਾਰਜਸ਼ੀਲਤਾ, ਪ੍ਰਤੀਸ਼ੇਧਕ ਪੱਧਤੀਆਂ ਅਤੇ ਇੱਥੋਂ ਤੱਕ ਕਿ ਕੈਂਸਰ ਬਾਇਓਲੋਜੀ ਤੱਕ ਫੈਲਦੇ ਹਨ।



### ਅਦਰਕ ਦਾ ਪੋਸ਼ਣ ਵਿੱਚ ਯੋਗਦਾਨ

ਅਦਰਕ ਦੀ ਦਵਾਈ ਸਮਰੱਥਾ ਇਸਦੀ ਜਟਿਲਤਾ ਵਿੱਚ ਮ_ ੱ ਖ ਤੌਰ 'ਤੇ ਹੈ। ਸਭ ਤੋਂ ਅਧਿਐਨ ਕੀਤੇ ਗਏ ਯੋਗਿਕਾਂ ਵਿੱਚ ਸ਼ਾਮਿਲ ਹਨ:

- ਜਿੰਜਰੋਲ – ਤਾਜ਼ਾ ਅਦਰਕ ਵਿੱਚ ਪਾਏ ਜਾਣ ਵਾਲੇ ਸ਼ਕਤੀਸ਼ਾਲੀ ਪ੍ਰਤੀਸ਼ੇਧਕ ਅਤੇ ਐਂਟੀਓਕਸੀਡੈਂਟ ਮੋਲਿਕਿਊਲ; 6-ਜਿੰਜਰੋਲ ਸਭ ਤੋਂ ਪ੍ਰਮੁੱਖ ਹੈ।
- ਸ਼ੋਗੋਲ – ਜਦੋਂ ਅਦਰਕ ਨੂੰ ਸੁੱਕਾਇਆ ਜਾਂ ਗਰਮ ਕੀਤਾ ਜਾਂਦਾ ਹੈ ਤਾਂ ਇਹ ਜਿੰਜਰੋਲ ਤੋਂ ਬਣਦੇ ਹਨ; ਅਕਸਰ ਇਹ ਜ਼ਿਆਦਾ ਕੇਂਦ੍ਰਿਤ ਅਤੇ ਜ਼ਿਆਦਾ ਬਾਇਓਐਕਟਿਵ ਹੁੰਦੇ ਹਨ।
- ਜ਼ਿੰਗਰੋਨ – ਐਂਟੀਓਕਸੀਡੈਂਟ ਅਤੇ ਪਚਾਉਣ ਵਾਲੇ ਫਾਇਦੇ ਨਾਲ ਸੰਬੰਧਿਤ।
- ਅਹਿਮ ਤੇਲ–ਜਿਸ ਵਿੱਚ ਜ਼ਿੰਗੀਬਰੇਨ ਅਤੇ β-ਬਿਸਾਬੋਲੀਨ ਸ਼ਾਮਿਲ ਹਨ, ਜੋ ਐਂਟੀਮਾਈਕ੍ਰੋਬਾਇਲ ਅਤੇ ਇਮਿਊਨੋਮੋਡੂਲੇਟਰੀ ਗੁਣਾਂ ਵਿੱਚ ਯੋਗਦਾਨ ਪਾਉਂਦੇ ਹਨ।

### ਅਦਰਕ ਦੇ ਸਾਬਤ ਸਿਹਤ ਫਾਇਦੇ

#### ਪ੍ਰਤੀਸ਼ੇਧਕ ਅਤੇ ਐਂਟੀਓਕਸੀਡੈਂਟ ਪ੍ਰਭਾਵ

ਅਦਰਕ ਦੀ ਰੋਗ ਪ੍ਰਤੀਰੋਧਕ ਸਮਰੱਥਾ ਬਹੁਤ ਸਾਰੀਆਂ ਬਿਮਾਰੀਆਂ ਨਾਲ ਲੜਨ ਲਈ ਯੋਗਦਾਨ ਪਾਉਂਦੀ ਹੈ, ਜਿਸ ਵਿੱਚ ਸ਼ਾਮਲ ਹਨ ਦਿਲ ਦੀਆਂ ਬਿਮਾਰੀਆਂ, ਮੈਟਾਬੋਲਿਕ ਸੰਕੇਤ ਅਤੇ ਕੈਂਸਰ ਸ਼ਾਮਿਲ ਹਨ। ਅਦਰਕ ਦੇ ਜਿੰਜਰੋਲ ਅਤੇ ਸ਼ੋਗੋਲ ਪ੍ਰੋ-ਇੰਫਲਾਮੇਟਰੀ ਸਾਈਟੋਕਾਈਨ ਅਤੇ ਔਕਸੀਡੇਟਿਵ ਦਬਾਅ ਦੇ ਨਿਸ਼ਾਨਿਆਂ ਨੂੰ ਰੋਕਣ ਵਿੱਚ ਸਹਾਇਤਾ ਕਰਦੇ ਹਨ।

#### ਅੰਤੜੀਆਂ ਦੀ ਸਮਰੱਥਾ

ਅਦਰਕ ਨੂੰ ਜੀਅ ਕੱਚਾ ਹੋਣ, ਉਲਟੀ, ਪਚਾਉਣ ਵਿੱਚ ਗੜਬੜ ਅਤੇ ਅਫਾਰੇ ਨੂੰ ਠੀਕ ਕਰਨ ਲਈ ਪਰੰਪਰਾਗਤ ਤੌਰ 'ਤੇ ਵਰਤਿਆ ਜਾਂਦਾ ਹੈ। ਸਬੂਤ ਦਿਖਾਉਂਦੇ ਹਨ ਕਿ ਅਦਰਕ:

- ਪੇਟ ਦੀ ਗੈਸ ਨੂੰ ਖਾਲੀ ਕਰਨ ਦੀ ਪ੍ਰਕਿਰਿਆ ਨੂੰ ਤੇਜ਼ ਕਰਦਾ ਹੈ
- ਅੰਤੜੀਆਂ ਦੀ ਸੋਜ਼ੀ ਨੂੰ ਘਟਾਉਂਦਾ ਹੈ
- ਉਲਟੀਆਂ ਦੌਰਾਨ ਸੇਰੋਟੋਨੀਨ ਰਿਸੈਪਟਰਾਂ ਨੂੰ ਮੋਡੂਲੇਟ ਕਰਦਾ ਹੈ

ਇਹ ਖਾਸ ਤੌਰ 'ਤੇ ਗਰਭਵਤੀ ਮਹਿਲਾਵਾਂ, ਓਪਰੇਸ਼ਨ ਤੋਂ ਬਾਅਦ ਅਤੇ ਕੀਮੋਥੈਰੇਪੀ ਨਾਲ ਹੋਈ ਉਲਟੀਆਂ ਦੇ ਦੌਰਾਨ ਪ੍ਰਭਾਵਸ਼ਾਲੀ ਹੈ।

#### ਮੈਟਾਬੋਲਿਕ ਅਤੇ ਦਿਲ ਦੀ ਸਿਹਤ

ਅਧਿਐਨਾਂ ਨੇ ਅਦਰਕ ਦੀ ਭੂਮਿਕਾ ਦੀ ਪਛਾਣ ਕੀਤੀ ਹੈ:

- ਮਧੂਮੇਹ ਦੇ ਰੋਗੀਆਂ ਵਿੱਚ ਉੱਚ ਰਕਤ ਗਲੂਕੋਜ਼ ਨੂੰ ਘਟਾਉਣਾ ਅਤੇ ਬਅ1ਚ ਨੂੰ ਸੁਧਾਰਨਾ
- ਲ਼ਧਲ਼ ਕੋਲੇਸਟਰੋਲ ਅਤੇ ਟ੍ਰਾਈਗਲੀਸਾਈਡ ਨੂੰ ਘਟਾਉਣਾ
- ਮਾਈਕ੍ਰੋਕਿਰਕੂਲੇਸ਼ਨ ਦਾ ਸਮਰਥਨ

ਇਹ ਫਾਇਦੇ ਸੁਧਰੇ ਹੋਏ ਗਲੂਕੋਜ਼ ਮੈਟਾਬੋਲਿਜ਼ਮ ਅਤੇ ਘੱਟ ਔਕਸੀਡੇਟਿਵ ਦਬਾਅ ਤੋਂ ਉੱਪਜਦੇ ਹਨ।

#### ਐਂਟੀਮਾਈਕ੍ਰੋਬਾਇਲ ਅਤੇ ਇਮੀਯੂਨ ਸਮਰਥਾ

ਅਦਰਕ ਦੇ ਨਿਕਾਸਾਂ ਵਿੱਚ E. coil, Salmonella, ਅਤੇ ਸ਼ਟਓਪਹੇਲੋਚੋਚਚੁਸ ਉਰੲੁਸ ਵਰਗੀਆਂ ਬੈਕਟੀਰੀਆਂ ਖਿਲਾਫ ਐਂਟੀਮਾਈਕ੍ਰੋਬਾਇਲ ਗੁਣ ਹਨ। ਇਹ ਇਨਫੈਕਸ਼ਨ ਦੌਰਾਨ ਮੈਕ੍ਰੋਫੇਜ ਦੀ ਸਰਗਰਮੀ ਨੂੰ ਵੱਧਾਉਣ ਅਤੇ ਪ੍ਰਤੀਸ਼ੇਧਕ ਦਬਾਅ ਨੂੰ ਘਟਾਉਣ ਦੁਆਰਾ ਇਮੀਯੂਨ ਪ੍ਰਤੀਕਾਰਾਂ ਨੂੰ ਮੋਡੂਲੇਟ ਵੀ ਕਰਦਾ ਹੈ।

#### ਕੀ ਅਦਰਕ ਕੈਂਸਰ ਤੋਂ ਰੋਕ ਸਕਦੀ ਹੈ?

ਅਦਰਕ (Zingiber officinale) ਨੇ ਕੈਂਸਰ ਰੋਕਣ ਦੇ ਵਿਚਾਰਾਂ ਵਿੱਚ ਧਿਆਨ ਖਿੱਚਿਆ ਹੈ ਪਰ ਇਸ ਵਿਸ਼ੇ ਨੂੰ ਵਿਗਿਆਨਕ ਕਸਵੱਟੀ ਤੇ ਪਰਖਣਾ ਮਹੱਤਵਪੂਰਨ ਹੈ। ਮੌਜੂਦਾ ਖੋਜ ਇਹ ਨਹੀਂ ਦੱਸਦੀ ਕਿ ਅਦਰਕ ਕੈਂਸਰ ਦਾ ਇਲਾਜ ਕਰ ਸਕਦੀ ਹੈ; ਬਲਕਿ ਅਧਿਐਨ ਦਰਸਾਉਂਦੇ ਹਨ ਕਿ ਇਸ ਦੇ ਜੀਵਾਣੂ ਸੰਯੋਜਕ ਕੈਂਸਰ ਦੇ ਖਤਰੇ ਨੂੰ ਘਟਾਉਣ ਜਾਂ ਇਸ ਦੀ ਪ੍ਰਗਤੀ ਨੂੰ ਹੌਲੀ ਕਰਨ ਵਿੱਚ ਸਹਾਇਤਾ ਕਰ ਸਕਦੇ ਹਨ।

#### ਮਨੁੱਖੀ ਅਧਿਐਨ: ਕੀ ਜਾਣਿਆ ਗਿਆ ਹੈ

ਅਦਰਕ ਦੇ ਐਂਟੀਕੈਂਸਰ ਪ੍ਰਭਾਵਾਂ ਬਾਰੇ ਮਨੁੱਖੀ ਕਲੀਨੀਕੀ ਸਬੂਤ ਅਜੇ ਵੀ ਵਿਕਾਸਸ਼ੀਲ ਹਨ। ਪਹਿਲੇ ਪੜਾਅ ਦੇ ਟ੍ਰਾਇਲ ਦਰਸਾਉਂਦੇ ਹਨ ਕਿ ਅਦਰਕ:

- ਕੋਲੋਰੈਕਟਲ ਸੂਜ਼ਨ ਨਾਲ ਸੰਬੰਧਿਤ ਬਾਇਓਮਾਰਕਰਾਂ ਨੂੰ ਘਟਾ ਸਕਦੀ ਹੈ।
- ਕਾਰਸੀਨੋਜੈਨਿਸਿਸ ਨਾਲ ਸੰਬੰਧਿਤ ਆਕਸੀਡੇਟਿਵ ਤਣਾਅ ਦੇ ਮਾਰਕਰਾਂ ਨੂੰ ਘਟਾ ਸਕਦੀ ਹੈ।

ਇਹਨਾਂ ਖੋਜਾਂ ਦੇ ਬਾਵਜੂਦ, ਅਦਰਕ ਨੂੰ ਇੱਕ ਰੋਕਥਾਮ ਵਾਲੇ ਅਹਿਮ ਭਾਗ ਵਜੋਂ ਦੇਖਿਆ ਜਾਣਾ ਚਾਹੀਦਾ ਹੈ, ਨਾ ਕਿ ਕੈਂਸਰ ਲਈ ਰਵਾਇਤੀ ਮੈਡੀਕਲ ਇਲਾਜਾਂ ਦਾ ਵਿਕਲਪ।

### ਅਦਰਕ ਅਤੇ ਐਲਕਲਾਈਨ ਪਾਣੀ: ਵਿਗਿਆਨਕ ਵਿਆਖਿਆ

ਐਲਕਲਾਈਨ ਪਾਣੀ ਉਸ ਪੀਐਚ ਪੱਧਤੀ ਦੁਆਰਾ ਵਿਸ਼ੇਸ਼ਿਤ ਕੀਤਾ ਜਾਂਦਾ ਹੈ ਜੋ 7.0 ਤੋਂ ਵੱਧ ਹੁੰਦੀ ਹੈ, ਜੋ ਆਮ ਤੌਰ 'ਤੇ ਖਣਿਜਾਂ ਜਾਂ ਪੌਦਿਆਂ ਦੇ ਨਿਭਾਰਨ ਦੁਆਰਾ ਪ੍ਰਾਪਤ ਕੀਤੀ ਜਾਂਦੀ ਹੈ। ਹਾਲਾਂਕਿ ਕੱਚੀ ਅਦਰਕ ਐਸਿਡਿਕ ਹੁੰਦੀ ਹੈ, ਇਸ ਨੂੰ ਪਾਣੀ ਵਿੱਚ ਨਿਭਾਰਿਤ ਕਰਨ ਨਾਲ ਐਲਕਲਾਈਨ ਬਣਾਉਣ ਵਾਲੇ ਖਣਿਜਾਂ ਜਿਵੇਂ ਕਿ ਪੋਟਾਸ਼ੀਅਮ, ਮੈਗਨੀਸ਼ੀਅਮ ਅਤੇ ਕੈਲਸ਼ੀਅਮ ਛੱਡਦੇ ਹਨ। ਮੈਟਾਬੋਲਿਜ਼ਮ ਦੌਰਾਨ, ਅਦਰਕ ਵੀ ਐਸੇ ਸੰਯੋਜਨਾਂ ਵਿੱਚ ਤਬਦੀਲ ਹੋ ਜਾਂਦੀ ਹੈ ਜੋ ਸਰੀਰ 'ਤੇ ਐਲਕਲਾਈਨ ਪ੍ਰਭਾਵ ਪਾ ਸਕਦੇ ਹਨ।

#### ਅਦਰਕ ਕਿਸ ਤਰ੍ਹਾਂ ਐਲਕਲਾਈਨ ਪਾਣੀ ਬਣਾਉਂਦੀ ਹੈ

ਜਦੋਂ ਅਦਰਕ ਨੂੰ ਉਬਾਲਿਆ ਜਾਂਦਾ ਹੈ ਜਾਂ ਨਿਭਾਰਿਆ ਜਾਂਦਾ ਹੈ:

- ਖਣਿਜ ਆਇਓਨਾਂ ਦੀ ਰਿਹਾਈ: ਉਬਾਲਣ ਦੀ ਪ੍ਰਕਿਰਿਆ ਨਾਲ ਅਦਰਕ ਤੋਂ ਜ਼ਰੂਰੀ ਖਣਿਜ ਪਾਣੀ ਵਿੱਚ ਘੁਲ ਜਾਂਦੇ ਹਨ।
- ਐਲਕਲਾਈਨ ਪ੍ਰਭਾਵ: ਅਦਰਕ ਵਿੱਚ ਮੌਜੂਦ ਮੁੱਖ ਤੇਲ ਅਤੇ ਜਿੰਜੇਰੋਲ ਪਾਣੀ ਦੀ ਐਲਕਲਾਈਨਿਟੀ ਵਿੱਚ ਯੋਗਦਾਨ ਪਾਉਂਦੇ ਹਨ।

ਉਨ੍ਹਾਂ ਦਾ ਨਤੀਜਾ ਇਹ ਪੀਣ ਵਾਲਾ ਪਾਣੀ ਮੁਤਾਬਿਕ ਯੂਰਿਨ ਦੀ ਪੀਐਚ ਵਧਾ ਸਕਦਾ ਹੈ ਅਤੇ ਗੈਸਟ੍ਰੋਇੰਟਸਟਾਈਨਲ ਐਸਿਡਿਟੀ ਨੂੰ ਘਟਾ ਸਕਦਾ ਹੈ। ਹਾਲਾਂਕਿ, ਇਹ ਪ੍ਰਕਿਰਿਆ ਖੂਨ ਦੇ ਪੀਐਚ ਨੂੰ ਮਹੱਤਵਪੂਰਣ ਤੌਰ 'ਤੇ ਬਦਲ ਨਹੀਂ ਕਰਦੀ, ਜੋ ਬਹੁਤ ਹੀ ਨਿਯੰਤਰਿਤ ਰਹਿੰਦਾ ਹੈ; ਇਸ ਬਦਲੇ, ਇਹ ਪਚਾਉਣ ਵਿੱਚ ਸੁਖਾਲਾ ਅਤੇ ਐਸਿਡ ਰਿਫਲੈਕਸ ਦੇ ਲੱਛਣਾਂ ਨੂੰ ਘਟਾ ਸਕਦੀ ਹੈ।

### ਅਦਰਕ ਦੀ ਵਰਤੋਂ ਕਰਨ ਦੇ ਵਿਵਹਾਰਿਕ ਤਰੀਕੇ

#### ਤਾਜ਼ਾ ਅਦਰਕ ਦੀ ਵਰਤੋਂ

- ਭੋਜਨ ਵਿੱਚ: ਤਾਜ਼ਾ ਅਦਰਕ ਨੂੰ ਸੂਪ ਅਤੇ ਸਟਿਰ-ਫ੍ਰਾਈਆਂ ਜਿਹੀਆਂ ਵੱਖ-ਵੱਖ ਭੋਜਨਾਂ ਵਿੱਚ ਕੱਟ ਕੇ ਜਾਂ ਕੁੱਟ ਕੇ ਸ਼ਾਮਿਲ ਕਰੋ।
- ਜੂਸ: ਤਾਜ਼ਾ ਅਦਰਕ ਨੂੰ ਜੂਸ ਜਾਂ ਹਰਬਲ ਮਿਸ਼ਰਨਾਂ ਵਿੱਚ ਸ਼ਾਮਿਲ ਕਰੋ ਜਿਸ ਨਾਲ ਸੁਆਦ ਅਤੇ ਸਿਹਤ ਦੇ ਫਾਇਦੇ ਮਿਲ ਸਕਦੇ ਹਨ।

#### ਅਦਰਕ ਦੀ ਚਾਹ

ਤਾਜ਼ਾ ਜਾਂ ਸੁੱਕੀ ਅਦਰਕ ਨੂੰ ਉਬਾਲਣ ਨਾਲ ਫਾਇਦੇਮੰਦ ਸੰਯੋਜਨਾਂ ਜਿਵੇਂ ਕਿ ਜਿੰਜੇਰੋਲ ਅਤੇ ਸ਼ੋਗੋਲ ਵਧਦੀ ਹੈ। ਨਿੰਬੂ ਜਾਂ ਸ਼ਹਿਦ ਸ਼ਾਮਿਲ ਕਰਨ ਨਾਲ ਇਸ ਦੀਆਂ ਐਂਟੀਓਕਸਿਡੈਂਟ ਵਿਸ਼ੇਸ਼ਤਾਵਾਂ ਨੂੰ ਹੋਰ ਵਧਾਇਆ ਜਾ ਸਕਦਾ ਹੈ।

#### ਅਦਰਕ ਐਲਕਲਾਈਨ ਪਾਣੀ: ਸਧਾਰਣ ਤਿਆਰੀ

**ਉਬਾਲਣ ਦਾ ਤਰੀਕਾ**

1. 1-2 ਲੀਟਰ ਪਾਣੀ ਉਬਾਲੋ।
2. 8-10 ਪਤਲੇ ਟੁੱਕੜੇ ਤਾਜ਼ਾ ਅਦਰਕ ਦੇ ਸ਼ਾਮਿਲ ਕਰੋ।
3. 10-15 ਮਿੰਟ ਲਈ ਉਬਾਲੋ।
4. ਥੰਡਾ ਕਰੋ ਅਤੇ ਦਿਨ ਭਰ ਪੀਂਦੇ ਰਹੋ।

**ਠੰਡੇ ਨਿਭਾਰਣ ਦਾ ਤਰੀਕਾ**

1. ਇੱਕ ਗਿਲਾਸ ਦੀ ਬੋਤਲ ਵਿੱਚ 4-5 ਟੁੱਕੜੇ ਅਦਰਕ ਦੇ ਸ਼ਾਮਿਲ ਕਰੋ।
2. 6-8 ਘੰਟਿਆਂ ਲਈ ਫ੍ਰਿਜ਼ ਵਿੱਚ ਰੱਖੋ।
3. ਇੱਕ ਹੌਲੀ, ਤਾਜ਼ਗੀ ਭਰੀ ਐਲਕਲਾਈਨ ਇੰਫਿਊਜ਼ਨ ਵਜੋਂ ਆਨੰਦ ਲਓ।

#### ਸੁੱਕੀ ਜਾਂ ਪਾਊਡਰ ਅਦਰਕ

ਸੁੱਕੀ ਅਦਰਕ ਵਿੱਚ ਸ਼ੋਗੋਲ ਦੀਆਂ ਉੱਚ ਸੰਕੇਤਾਂ ਹੁੰਦੀਆਂ ਹਨ ਅਤੇ ਇਸ ਨੂੰ ਵਰਤੋਂ ਵਿੱਚ ਲਿਆਉਂਦੇ ਹੋਏ:

- ਚਾਹ: ਪਚਾਉਣ ਵਾਲੀਆਂ ਸਮੱਸਿਆਵਾਂ ਲਈ ਪ੍ਰਭਾਵਸ਼ਾਲੀ।
- ਬੇਕੀਂਗ: ਖਾਣਾ ਬਣਾਉਣ ਵਿੱਚ ਸੁਆਦ ਅਤੇ ਸਿਹਤ ਦੇ ਫਾਇਦੇ ਸ਼ਾਮਿਲ ਕਰਦਾ ਹੈ।
- ਮੈਡੀਸੀਨਲ ਟੋਨਿਕ: ਆਯੁਰਵੇਦ ਵਿੱਚ ਸਾਹ ਅਤੇ ਪਚਾਉਣ ਵਾਲੀਆਂ ਸਮੱਸਿਆਵਾਂ ਲਈ ਆਮਤੌਰ 'ਤੇ ਵਰਤਿਆ ਜਾਂਦਾ ਹੈ।

ਅਦਰਕ ਇਕ ਕੁਦਰਤੀ ਵਿਗਿਆਨੀ ਤੌਰ 'ਤੇ ਪ੍ਰਮਾਣਿਤ ਬੋਟਾਨਿਕ ਹੈ, ਜੋ ਪਰੰਪਰਾਗਤ ਗਿਆਨ ਨੂੰ ਆਧੁਨਿਕ ਮੈਡੀਕੀਅਲ ਜਾਣਕਾਰੀਆਂ ਨਾਲ ਜੋੜਦਾ ਹੈ। ਇਸ ਦੀਆਂ ਵੱਖ-ਵੱਖ ਜੀਵਾਣੂ ਸੰਯੋਜਨਾਂ ਐਂਟੀ-ਇੰਫਲੇਮੇਟਰੀ,ਐਂਟੀਓਕਸਿਡੈਂਟ, ਮੈਟਾਬੋਲਿਕ, ਐਂਟੀਮਾਇਕਰੋਬਾਇਓਲੋਜੀਕਲ ਅਤੇ ਸੰਭਾਵਿਤ ਐਂਟੀ-ਕੈਂਸਰ ਫ਼ਾਇਦੇ ਪ੍ਰਦਾਨ ਕਰਦੀ ਹਨ। ਭਾਵੇਂ ਅਦਰਕ ਕਿਸੇ ਵੀ ਬਿਮਾਰੀ ਦਾ ਇਲਾਜ ਨਹੀਂ ਕਰਦੀ, ਪਰ ਇਸ ਦੀਆਂ ਰੋਕਥਾਮ ਅਤੇ ਸਮਰਥਕੀ ਭੂਮਿਕਾਵਾਂ ਮਨੁੱਖੀ ਸਿਹਤ ਵਿੱਚ ਮਹੱਤਵਪੂਰਣ ਅਤੇ ਚੰਗੇ ਰੂਪ ਵਿੱਚ ਦਰਜ ਕੀਤੀਆਂ ਗਈਆਂ ਹਨ। ਚਾਹੇ ਇਹ ਤਾਜ਼ਾ ਖਾਧਾ ਜਾਵੇ, ਐਲਕਲਾਈਨ ਪਾਣੀ ਵਿੱਚ ਨਿਭਾਰਿਆ ਜਾਵੇ, ਚਾਹ ਵਜੋਂ ਉਬਾਲਿਆ ਜਾਵੇ ਜਾਂ ਸਪਲੀਮੈਂਟ ਵਜੋਂ ਲਿਆ ਜਾਵੇ, ਅਦਰਕ ਇੱਕ ਕੁਦਰਤੀ ਸਿਹਤ ਸਰੋਤ ਰਹਿੰਦੀ ਹੈ।



ਸੁਰਿੰਦਰਪਾਲ ਸਿੰਘ, ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।

# ਡਾਇਬੀਟੀਜ਼ ਹੈ ਤਾਂ ਹਾਰਟ ਅਟੈਕ ਦਾ ਖ਼ਤਰਾ ਹੋਵੇਗਾ ਦੁੱਗਣਾ! ਡਾਕਟਰ ਨੇ ਦੱਸਿਆ ਦੋਵਾਂ 'ਚ ਕੀ ਹੈ ਖ਼ਤਰਨਾਕ ਸਬੰਧ




ਡਾਇਬੀਟੀਜ਼ ਤੇ ਦਿਲ ਦੀਆਂ ਬਿਮਾਰੀਆਂ (Heart Disease) ਦੇ ਮਾਮਲੇ ਅੱਜਕੱਲ੍ਹ ਕਾਫ਼ੀ ਵਧਣ ਲੱਗੇ ਹਨ। ਲੋਕਾਂ ਦੀ ਬਦਲਦੀ ਜੀਵਨ ਸ਼ੈਲੀ (ਲਾਈਫਸਟਾਈਲ) ਅਤੇ ਖਾਣ-ਪੀਣ ਦੀਆਂ ਆਦਤਾਂ ਅਕਸਰ ਇਨ੍ਹਾਂ ਬਿਮਾਰੀਆਂ ਦਾ ਕਾਰਨ ਬਣਦੀਆਂ ਹਨ। ਇਸ ਤੋਂ ਇਲਾਵਾ ਹੋਰ ਵੀ ਕਈ ਕਾਰਨ ਹਨ, ਜੋ ਇਨ੍ਹਾਂ ਦੀ ਵਜ੍ਹਾ ਬਣਦੇ ਹਨ। ਹਾਲਾਂਕਿ ਬਹੁਤ ਘੱਟ ਲੋਕ ਹੀ ਇਹ ਜਾਣਦੇ ਹੋਣਗੇ ਕਿ ਡਾਇਬੀਟੀਜ਼ ਅਤੇ ਦਿਲ ਦੀ ਬਿਮਾਰੀ ਵੀ ਇੱਕ-ਦੂਜੇ ਨਾਲ ਕਾਫ਼ੀ ਹੱਦ ਤੱਕ ਜੁੜੀਆਂ ਹੋਈਆਂ ਹਨ।

ਇਸ ਬਾਰੇ ਕਾਰਡੀਓਲੋਜੀ, ਮੈਕਸ ਸਮਾਰਟ ਸੁਪਰ ਸਪੈਸ਼ਲਿਟੀ ਹਸਪਤਾਲ, ਸਾਕਤ ਵਿੱਚ ਕਾਰਡੀਓਲੋਜੀ ਦੇ ਪ੍ਰਿੰਸੀਪਲ ਡਾਇਰੈਕਟਰ ਅਤੇ ਯੂਨਿਟ ਹੈੱਡ, ਡਾ. ਰਿਪੇਨ ਗੁਪਤਾ ਨੇ ਦੱਸਿਆ ਕਿ ਡਾਇਬੀਟੀਜ਼ ਨਾਲ ਜੁੜੇ ਜ਼ਿਆਦਾਤਰ ਲੋਕਾਂ ਨੂੰ ਦਿਲ ਨਾਲ ਸਬੰਧਤ ਪੇਚੀਦਗੀਆਂ (complicaitons) ਹੋਣ ਦੀ ਸੰਭਾਵਨਾ ਉਨ੍ਹਾਂ ਲੋਕਾਂ ਦੀ ਤੁਲਨਾ ਵਿੱਚ ਜ਼ਿਆਦਾ ਹੁੰਦੀ ਹੈ, ਜਿਨ੍ਹਾਂ ਨੂੰ ਡਾਇਬੀਟੀਜ਼ ਨਹੀਂ ਹੈ। ਇਹੀ ਮੈਟਾਬੋਲਿਜ਼ਮ ਅਸੰਤੁਲਨ, ਜੋ ਬਲੱਡ ਸ਼ੂਗਰ ਨੂੰ ਵਧਾਉਂਦਾ ਹੈ, ਸਮੇਂ ਦੇ ਨਾਲ ਖੂਨ ਦੀਆਂ ਨਾੜੀਆਂ (Blood Vessels) ਅਤੇ ਦਿਲ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ।

### ਦਿਲ ਲਈ ਕਿਵੇਂ ਹਾਨੀਕਾਰਕ ਹੈ ਡਾਇਬੀਟੀਜ਼

ਜਦੋਂ ਬਲੱਡ ਸ਼ੂਗਰ ਦਾ ਪੱਧਰ ਉੱਚਾ ਰਹਿੰਦਾ ਹੈ, ਤਾਂ ਇਸ ਨਾਲ ਧਮਨੀਆਂ (Arteries) ਵਿੱਚ ਸੋਜ ਤੇ ਕਠੋਰਤਾ ਆ ਜਾਂਦੀ ਹੈ, ਇਸ ਪ੍ਰਕਿਰਿਆ ਨੂੰ ਐਥੀਰੋਸਕਲੇਰੋਸਿਸ (Atherosclerosis) ਕਹਿੰਦੇ ਹਨ। ਇਸ ਨਾਲ ਖੂਨ ਦੀਆਂ ਨਾੜੀਆਂ ਤੰਗ ਹੋ ਜਾਂਦੀਆਂ ਹਨ, ਜਿਸ ਨਾਲ ਦਿਲ ਤੇ ਦਿਮਾਗ ਵਿੱਚ ਆਕਸੀਜਨ ਦੀ ਸਪਲਾਈ ਘੱਟ ਜਾਂਦੀ ਹੈ। ਇਸ ਤੋਂ ਇਲਾਵਾ, ਡਾਇਬੀਟੀਜ਼ ਵਿੱਚ ਅਕਸਰ ਹਾਈ ਬਲੱਡ ਪ੍ਰੈਸ਼ਰ, ਅਸਧਾਰਨ ਕੋਲੈਸਟ੍ਰੋਲ ਪੱਧਰ ਅਤੇ ਮੋਟਾਪੇ ਵਰਗੀ ਸਮੱਸਿਆ ਆਮ ਹੁੰਦੀ ਹੈ।

ਅਜਿਹੇ ਵਿੱਚ ਇਹ ਸਭ ਮਿਲ ਕੇ ਇੱਕ ਖ਼ਤਰਨਾਕ ਸਮੂਹ ਬਣਾਉਂਦੇ ਹਨ, ਜਿਸਨੂੰ ਮੈਟਾਬੋਲਿਕ ਸਿੰਡਰੋਮ ਕਿਹਾ ਜਾਂਦਾ ਹੈ। ਇਹ ਦੋਵੇਂ ਇੱਕ-ਦੂਜੇ ਦੇ ਖ਼ਤਰੇ ਨੂੰ ਵਧਾਉਂਦੇ ਹਨ, ਜਿਸ ਨਾਲ ਇੱਕ ਅਜਿਹਾ ਦੁਸ਼ਚੱਕਰ ਬਣਦਾ ਹੈ ਜੋ ਚੁੱਪ-ਚਾਪ ਦਿਲ ਦੀ ਸਿਹਤ ਨੂੰ ਨੁਕਸਾਨ ਪਹੁੰਚਾਉਂਦਾ ਹੈ।

### ਕੀ ਹੁੰਦਾ ਹੈ ਸਿਹਤ 'ਤੇ ਅਸਰ

ਡਾਇਬੀਟੀਜ਼ ਤੋਂ ਪੀੜਤ ਲੋਕਾਂ ਵਿੱਚ ਦਿਲ ਦਾ ਦੌਰਾ (Heart Attack), ਸਟ੍ਰੋਕ ਅਤੇ ਹਾਰਟ ਫੇਲ੍ਹ ਹੋਣਾ ਮੌਤ ਦੇ ਪ੍ਰਮੁੱਖ ਕਾਰਨਾਂ ਵਿੱਚੋਂ ਇੱਕ ਹਨ। ਅਸਲ ਵਿੱਚ, ਡਾਇਬੀਟੀਜ਼ ਤੋਂ ਪੀੜਤ ਲਗਪਗ 70% ਮੌਤਾਂ ਦਿਲ ਦੀ ਬਿਮਾਰੀ ਕਾਰਨ ਹੁੰਦੀਆਂ ਹਨ। ਹਾਲਾਂਕਿ, ਇਹ ਸਬੰਧ ਜ਼ਰੂਰੀ ਨਹੀਂ ਹੈ। ਖੋਜ ਤੋਂ ਪਤਾ ਚੱਲਦਾ ਹੈ ਕਿ ਸਹੀ ਤਰੀਕੇ ਨਾਲ ਗਲੂਕੋਜ਼ ਕੰਟਰੋਲ ਕਰਨਾ, ਬਲੱਡ ਪ੍ਰੈਸ਼ਰ ਅਤੇ ਕੋਲੈਸਟ੍ਰੋਲ ਨੂੰ ਸਖ਼ਤੀ ਨਾਲ ਮੈਨੇਜ ਕਰਨਾ ਦਿਲ ਦੀ ਬਿਮਾਰੀ ਦੇ ਖ਼ਤਰੇ ਨੂੰ ਘੱਟ ਕਰ ਸਕਦਾ ਹੈ। ਡਾਕਟਰ ਦੁਆਰਾ ਦਿੱਤੀਆਂ ਗਈਆਂ ਕੁਝ ਦਵਾਈਆਂ, ਜਿਵੇਂ ਕਿ ਸ਼ਘਲ਼ਠ2 ਇਨਿਹਿਬੀਟਰਜ਼ ਅਤੇ GLP-1 ਰਿਸੈਪਟਰ ਐਗੋਨਿਸਟ, ਨਾ ਸਿਰਫ਼ ਬਲੱਡ ਸ਼ੂਗਰ ਨੂੰ ਘੱਟ ਕਰਦੀਆਂ ਹਨ, ਸਗੋਂ ਦਿਲ ਅਤੇ ਕਿਡਨੀ ਦੀ ਵੀ ਰੱਖਿਆ ਕਰਦੀਆਂ ਹਨ।

### ਕਿਵੇਂ ਕਰੀਏ ਆਪਣਾ ਬਚਾਅ

ਅਜਿਹੇ ਵਿੱਚ ਸਵਾਲ ਇਹ ਉੱਠਦਾ ਹੈ ਕਿ ਇਸ ਤੋਂ ਖੁਦ ਨੂੰ ਕਿਵੇਂ ਬਚਾਇਆ ਜਾਵੇ। ਡਾਕਟਰਾਂ ਦੀ ਮੰਨੀਏ, ਤਾਂ ਇਸਦੀ ਕੁੰਜੀ ਮੁਢਲੀ ਜਾਂਚ ਅਤੇ ਸਹੀ ਮੈਨੇਜਮੈਂਟ ਵਿੱਚ ਹੈ। ਇਸ ਲਈ ਡਾਇਬੀਟੀਜ਼ ਤੋਂ ਪੀੜਤ ਵਿਅਕਤੀ ਨੂੰ ਨਿਯਮਿਤ ਰੂਪ ਨਾਲ ਦਿਲ ਦੀ ਸਿਹਤ ਦੀ ਜਾਂਚ ਕਰਵਾਉਣੀ ਚਾਹੀਦੀ ਹੈ, ਭਾਰ ਕੰਟਰੋਲ 'ਤੇ ਧਿਆਨ ਦੇਣਾ ਚਾਹੀਦਾ ਹੈ, ਸੰਤੁਲਿਤ, ਫਾਈਬਰ ਨਾਲ ਭਰਪੂਰ ਖੁਰਾਕ ਲੈਣੀ ਚਾਹੀਦੀ ਹੈ, ਸਿਗਰਟਨੋਸ਼ੀ ਤੋਂ ਬਚਣਾ ਚਾਹੀਦਾ ਹੈ ਅਤੇ ਨਿਯਮਤ ਕਸਰਤ (ਰੈਗੂਲਰ ਐਕਸਰਸਾਈਜ਼) ਕਰਨੀ ਚਾਹੀਦੀ ਹੈ।

# ਪ੍ਰੋਸੈਸਡ ਫੂਡ ਹੈ ਹਲਕਾ ਜ਼ਹਿਰ !

ਆਧੁਨਿਕ ਜੀਵਨ ਸ਼ੈਲੀ ਨੇ ਮੋਟਾਪੇ ਦੀ ਅਜਿਹੀ ਚੁਣੌਤੀ ਖੜ੍ਹੀ ਕਰ ਦਿੱਤੀ ਹੈ, ਜਿਸ ਤੋਂ ਪਾਰ ਪਾਉਣਾ ਆਸਾਨ ਨਹੀਂ ਹੈ। ਇਸ ਨਾਲ ਡਾਇਬੀਟੀਜ਼, ਦਿਲ (Heart), ਜਿਗਰ (Liver) ਅਤੇ ਗੁਰਦੇ (Kidney) ਵਰਗੀਆਂ ਬਿਮਾਰੀਆਂ ਦਾ ਖ਼ਤਰਾ ਵਧ ਰਿਹਾ ਹੈ। 'ਦਿ ਲਾਂਸੇਟ' (The Lancet) ਨੇ ਇਸ ਸਬੰਧੀ ਅਧਿਐਨਾਂ ਦੀ ਇੱਕ ਲੜੀ ਪ੍ਰਕਾਸ਼ਿਤ ਕੀਤੀ ਹੈ, ਜਿਸ ਵਿੱਚ ਦੋ ਗੱਲਾਂ ਸਪੱਸ਼ਟ ਹਨ: ਪਹਿਲੀ, ਪ੍ਰੋਸੈਸਡ ਭੋਜਨ (ਅਲਟਰਾ ਪ੍ਰੋਸੈਸਡ ਫੂਡ) ਦੀ ਭਰਮਾਰ ਨੇ ਸਾਡੇ ਲਈ ਸਿਹਤਮੰਦ ਭੋਜਨ ਦੇ ਵਿਕਲਪਾਂ ਨੂੰ ਸੀਮਤ ਕਰ ਦਿੱਤਾ ਹੈ, ਅਤੇ ਦੂਜੀ, ਸਿਹਤਮੰਦ ਖੁਰਾਕ ਲਈ ਹੁਣ ਵਿਅਕਤੀਗਤ ਤੋਂ ਲੈ ਕੇ ਨੀਤੀਗਤ ਪੱਧਰ ਤੱਕ ਜਾਗਰੂਕ ਹੋਣ ਦੀ ਲੋੜ ਬਹੁਤ ਜ਼ਿਆਦਾ ਵਧ ਗਈ ਹੈ।

ਇਹ ਜਾਣਦੇ ਹੋਏ ਵੀ ਕਿ ਇਸ ਤਰ੍ਹਾਂ ਦੇ ਭੋਜਨ ਸਿਹਤ ਲਈ ਨੁਕਸਾਨਦੇਹ ਹਨ, ਫਿਰ ਵੀ ਚਿਪਸ, ਬਿਸਕੁਟ, ਪੈਕੇਜਡ ਪੀਣ ਵਾਲੇ ਪਦਾਰਥ (beverages), ਇੰਸਟੈਂਟ ਨੂਡਲਜ਼ ਵਰਗੇ ਅਨੇਕ ਅਲਟਰਾ ਪ੍ਰੋਸੈਸਡ ਖਾਧ ਪਦਾਰਥ ਸਾਡੀ ਰਸੋਈ ਵਿੱਚ ਜਗ੍ਹਾ ਬਣਾਉਂਦੇ ਜਾ ਰਹੇ ਹਨ। ਭਾਰਤ ਵਿੱਚ ਮੋਟਾਪਾ ਅਤੇ ਡਾਇਬੀਟੀਜ਼ ਵਧਾਉਣ ਵਿੱਚ ਅਲਟਰਾ ਪ੍ਰੋਸੈਸਡ ਭੋਜਨ ਸਿਰਫ਼ ਇੱਕ ਵਜ੍ਹਾ ਹੀ ਨਹੀਂ, ਸਗੋਂ ਪ੍ਰਮੁੱਖ ਕਾਰਨ ਹਨ। ਲਾਂਸੇਟ ਅਨੁਸਾਰ, ਜੇਕਰ ਗੈਰ-ਸੰਚਾਰੀ ਰੋਗਾਂ (Non-communicable diseases) ਦੀ ਲਪੇਟ ਵਿੱਚ ਆਉਣ ਤੋਂ ਬਚਣਾ ਹੈ, ਤਾਂ ਅਲਟਰਾ ਪ੍ਰੋਸੈਸਡ ਭੋਜਨ ਨੂੰ ਲੈ ਕੇ ਤੁਰੰਤ ਸੁਚੇਤ ਹੋਣ ਦੀ ਜ਼ਰੂਰਤ ਹੈ।

### ਅਲਟਰਾ ਪ੍ਰੋਸੈਸਡ ਫੂਡ ਬਾਰੇ ਜਾਣੋ

ਇਸ ਤਰ੍ਹਾਂ ਦੇ ਖਾਧ ਪਦਾਰਥਾਂ ਵਿੱਚ ਪੰਜ ਤੋਂ ਜ਼ਿਆਦਾ ਅਜਿਹੇ ਤੱਤ ਹੁੰਦੇ ਹਨ, ਜੋ ਰਸੋਈ ਵਿੱਚ ਨਹੀਂ ਪਾਏ ਜਾਂਦੇ, ਜਿਵੇਂ ਕਿ ਪ੍ਰੀਜ਼ਰਵੇਟਿਵ, ਐਡੀਟਿਵ, ਡਾਈ, ਸਵੀਟਨਰ ਅਤੇ ਇਮਲਸੀਫਾਇਰ। ਬਿਸਕੁਟ, ਪੇਸਟ੍ਰੀ, ਸਾਸ, ਇੰਸਟੈਂਟ ਸੂਪ, ਨੂਡਲਜ਼, ਆਈਸਕ੍ਰੀਮ, ਬਰੈੱਡ, ਫਿਜ਼ੀ ਡ੍ਰਿੰਕਸ (ਸੋਡਾ) ਵਰਗੇ ਅਲਟਰਾ ਪ੍ਰੋਸੈਸਡ ਖਾਧ ਪਦਾਰਥ ਬਹੁਤ ਸਾਰੇ ਘਰਾਂ ਵਿੱਚ ਲੋਕ ਰੋਜ਼ਾਨਾ ਵਰਤਦੇ ਹਨ। ਅਨੇਕਾਂ ਸਰਵੇ ਦੱਸਦੇ ਹਨ ਕਿ ਵੱਡੀ ਗਿਣਤੀ ਵਿੱਚ ਲੋਕ ਹੁਣ ਫਾਈਬਰ ਅਤੇ ਪ੍ਰੋਟੀਨ ਦੀ ਬਜਾਏ ਬਹੁਤ ਜ਼ਿਆਦਾ ਸ਼ੂਗਰ, ਨੁਕਸਾਨਦੇਹ ਚਰਬੀ ਅਤੇ ਨਮਕ ਦਾ ਸੇਵਨ ਕਰਨ ਲੱਗੇ ਹਨ। ਖਾਸ ਗੱਲ ਇਹ ਹੈ ਕਿ ਪੈਕੇਟਬੰਦ ਅਤੇ ਬਹੁਤ ਜ਼ਿਆਦਾ ਕੈਲੋਰੀ ਵਾਲੇ ਇਸ ਤਰ੍ਹਾਂ ਦੇ ਭੋਜਨ ਛੋਟੇ ਸ਼ਹਿਰਾਂ ਅਤੇ ਪਿੰਡਾਂ ਤੱਕ ਪਹੁੰਚ ਚੁੱਕੇ ਹਨ।

### 12 ਤਰ੍ਹਾਂ ਦੀਆਂ ਬਿਮਾਰੀਆਂ ਦਾ ਕਾਰਨ ਹੈ ਅਲਟਰਾ ਪ੍ਰੋਸੈਸਡ ਫੂਡ

ਲਾਂਸੇਟ ਵਿੱਚ ਪ੍ਰਕਾਸ਼ਿਤ ਇਸ ਸਮੀਖਿਆਤਮਕ ਅਧਿਐਨ ਵਿੱਚ 43 ਗਲੋਬਲ ਮਾਹਿਰਾਂ ਨੇ 104 ਅਧਿਐਨਾਂ ਦੇ ਆਧਾਰ 'ਤੇ ਪ੍ਰੋਸੈਸਡ ਭੋਜਨ ਦੇ ਮਾੜੇ ਪ੍ਰਭਾਵਾਂ ਬਾਰੇ ਵਿਸਥਾਰ ਨਾਲ ਦੱਸਿਆ ਹੈ। ਇਸ ਨਾਲ 12 ਤਰ੍ਹਾਂ ਦੀਆਂ ਸੰਭਾਵਿਤ ਸਮੱਸਿਆਵਾਂ ਨੂੰ ਚਿੰਨ੍ਹਿਤ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਟਾਈਪ-2 ਡਾਇਬੀਟੀਜ਼, ਕਾਰਡੀਓਵੈਸਕੁਲਰ (ਦਿਲ) ਦੀਆਂ ਬਿਮਾਰੀਆਂ, ਗੁਰਦੇ (ਕਿਡਨੀ) ਦੀ ਬਿਮਾਰੀ, ਡਿਪਰੈਸ਼ਨ ਅਤੇ ਸਮੇਂ ਤੋਂ ਪਹਿਲਾਂ ਮੌਤ ਵਰਗੀਆਂ ਸਥਿਤੀਆਂ ਪੈਦਾ ਹੋ ਸਕਦੀਆਂ ਹਨ। ਕੁਝ ਵਿਗਿਆਨੀਆਂ ਦਾ ਮੰਨਣਾ ਹੈ ਕਿ ਅੱਜ ਦੀ ਜੀਵਨ ਸ਼ੈਲੀ ਦੇ ਚਲਦਿਆਂ ਅਲਟਰਾ ਪ੍ਰੋਸੈਸਡ ਭੋਜਨ ਤੋਂ ਮੁਕਤ ਹੋ ਪਾਉਣਾ ਲਗਭਗ ਅਸੰਭਵ ਹੈ। ਉੱਥੇ ਹੀ, ਅਧਿਐਨ ਦੇ ਆਲੋਚਕਾਂ ਦੀ ਮੰਨੀਏ ਤਾਂ ਇਸ ਨਾਲ ਪੁਰਾਣੀਆਂ ਬਿਮਾਰੀਆਂ ਦਾ ਖ਼ਤਰਾ ਤਾਂ ਵਧਦਾ ਹੈ, ਪਰ ਸਾਰੇ ਤਰ੍ਹਾਂ ਦੇ ਯੂ.ਪੀ.ਐੱਫ (UPF) ਤੋਂ ਖ਼ਤਰਾ ਵਧਦਾ ਹੈ, ਇਹ ਪੱਕੇ ਤੌਰ 'ਤੇ ਨਹੀਂ ਕਿਹਾ ਜਾ ਸਕਦਾ।

28.6 ਪ੍ਰਤੀਸ਼ਤ ਭਾਰਤੀ ਮੋਟਾਪੇ ਦੀ ਸਮੱਸਿਆ ਨਾਲ ਜੂਝ ਰਹੇ ਹਨ, ਆਈ.ਸੀ.ਐੱਮ.ਆਰ. ਇੰਡੀਆ ਡਾਇਬੀਟੀਜ਼ (2023) ਦੇ ਅਧਿਐਨ ਮੁਤਾਬਕ। ਵਰਤਮਾਨ ਵਿੱਚ 11.4 ਪ੍ਰਤੀਸ਼ਤ ਭਾਰਤੀਆਂ ਵਿੱਚ ਡਾਇਬੀਟੀਜ਼ ਅਤੇ 15.3 ਪ੍ਰਤੀਸ਼ਤ ਵਿੱਚ ਪ੍ਰੀ-ਡਾਇਬੀਟੀਜ਼ ਦੀ ਸਥਿਤੀ ਬਣ ਚੁੱਕੀ ਹੈ। 40 ਪ੍ਰਤੀਸ਼ਤ ਭਾਰਤੀਆਂ ਵਿੱਚ ਢਿੱਡ ਦੇ ਆਸ-ਪਾਸ ਚਰਬੀ ਦਾ ਜਮਾਵ (ਪੇਟ ਦਾ ਮੋਟਾਪਾ) ਹੋ ਚੁੱਕਾ ਹੈ। ਐੱਨ.ਐੱਚ.ਐੱਫ.ਐੱਸ.-5 ਵਿੱਚ 3.4 ਪ੍ਰਤੀਸ਼ਤ ਬੱਚਿਆਂ ਵਿੱਚ ਮੋਟਾਪੇ ਦੀ ਸਮੱਸਿਆ ਚਿੰਨ੍ਹਿਤ ਕੀਤੀ ਗਈ, ਜਦੋਂ ਕਿ ਐੱਨ.ਐੱਚ.ਐੱਫ.ਐੱਸ.-4 ਵਿੱਚ ਇਹ ਅੰਕੜਾ 2.1 ਪ੍ਰਤੀਸ਼ਤ ਸੀ।












# ਰਾਸ਼ੀਫਲ

**ਮੇਖ :** ਅੱਜ ਅਤੀਤ ਦੇ ਗਲਤ ਫੈਸਲੇ ਮਾਨਸਿਕ ਅਸ਼ਾਤੀ ਅਤੇ ਕਲੇਸ਼ ਦੀ ਵਜਾਹ ਬਣਨਗੇ ਤੁਸੀ ਖੁਦ ਨੂੰ ਇਕੱਲਾ ਰੱਖੋਂਗੇ ਅਤੇ ਸਹੀ ਗਲਤ ਦਾ ਫੈਂਸਲਾ ਕਰਨ ਵਿਚ ਅਸਮਰਥ ਮਹਿਸੂਸ ਕਰਨਗੇ। ਦੂਜਿਆਂ ਦੀ ਸਲਾਹ ਲਵੋ। ਅੱਜ ਬਿਨਾਂ ਕਿਸੇ ਦੀ ਸਲਾਹ ਲਏ ਕਿਸੇ ਵੀ ਤਰਾਂ ਦਾ ਪੈਸਾ ਨਿਵੇਸ਼ ਨਾ ਕਰੋ। ਜਿਨਾਂ ਲੋਕਾਂ ਨਾਲ ਤੁਹਾਡੀ ਮੁਲਾਕਾਤ ਕਦੀ ਕਦੀ ਹੁੰਦੀ ਹੈ ਉਨਾਂ ਨਾਲ ਗੱਲਬਾਤ ਅਤੇ ਸੰਪਰਕ ਕਰਨ ਲਈ ਚੰਗਾ ਦਿਨ ਹੈ ਤੁਸੀ ਪੋਪੂਲਰ ਹੋਵੋਂਗੇ ਅਤੇ ਅਸਾਨੀ ਨਾਲ ਵਿਰੋਧੀ ਲਿੰਗ ਦੇ ਮੈਂਬਰਾਂ ਨੂੰ ਆਕਰਸ਼ਿਤ ਕਰੋਂਗੇ। ਆਪਣੇ ਆਪ ਨੂੰ ਧੋਖਾ ਦੇਣ ਤੋਂ ਬਚਾਉਣ ਲਈ ਕਾਰੋਬਾਰ ਵਿਚ ਚੌਕਸੀ ਰੱਖੋ। ਰਸਮਾਂ, ਹਵਨ, ਪੂਜਾ ਪਾਠ ਆਦਿ ਦਾ ਆਯੋਜਨ ਘਰ ਵਿਚ ਹੋਵੇਗਾ। ਆਪਣੇ ਜੀਵਨਸਾਥੀ ਨੂੰ ਕਿਸੇ ਚੀਜ ਵੱਲ ਜ਼ੋਰ ਨਾ ਪਾਉ ਇਹ ਤੁਹਾਨੂੰ ਦੋਨਾਂ ਨੂੰ ਦਿਲ ਤੋਂ ਦੂਰ ਕਰ ਦੇਵੇਗਾ।

**ਬ੍ਰਿਸ਼ਭ:** ਆਪਣੀ ਸਰੀਰਕ ਸਿਹਤ ਸੁਧਾਰਨ ਦੇ ਲਈ ਸੰਤੁਲਿਤ ਆਹਾਰ ਹੈ। ਲਾਭ ਦੇ ਨਜ਼ਰੀਏ ਤੋਂ ਸਟਾਕ ਅਤੇ ਮਯੁਚਲ ਫੰਡ ਵਿਚ ਨਿਵੇਸ਼ ਕਰਨਾ ਲਾਭਦਾਇਕ ਰਹੇਗਾ। ਇਕ ਬੇਹਤਰੀਨ ਸ਼ਾਮ ਦੇ ਲਈ ਰਿਸ਼ਤੇਦਾਰ ਦੋਸਤ ਘਰ ਆ ਸਕਦੇ ਹਨ। ਤੁਹਾਡਾ ਸਾਥੀ ਤੁਹਾਡੇ ਬਾਰੇ ਚੰਗਾ ਸੋਚਦਾ ਹੈ ਇਸੇ ਕਰਕੇ ਤੁਹਾਨੂੰ ਉਸ ਤੇ ਕਈਂ ਵਾਰ ਗੁੱਸਾ ਆਉਂਦਾ ਹੈ ਵਾਪਸ ਜਵਾਬ ਦੇਣ ਦੀ ਬਜਾਏ ਉਨਾਂ ਦੇ ਸ਼ਬਦਾਂ ਨੂੰ ਅਤੇ ਇਹ ਕਿੱਥੋਂ ਆ ਰਹੇ ਹਨ ਨੂੰ ਸਮਝਣਾ ਬਿਹਤਰ ਹੋਵੇਗਾ। ਕੰਮਕਾਰ ਵਿਚ ਤੁਸੀ ਤਾਰੀਫ ਪਾਉਂਗੇ। ਅੱਜ ਖਾਲੀ ਸਮੇਂ ਦਾ ਉਪਯੋਗ ਕਰਨ ਦੇ ਲਈ ਤੁਹਾਡੇ ਹੱਥ ਹੈ ਕਿ ਤੁਸੀ ਦੋਸਤਾਂ ਨਾਲ ਮਿਲਣ ਦੀ ਯੋਜਨਾ ਵੀ ਬਣਾ ਸਕਦੇ ਹੋ। ਤੁਹਾਡੇ ਅਤੇ ਤੁਹਾਡੇ ਜੀਵਨ ਸਾਥੀ ਦੇ ਵਿਚਕਾਰ ਕੋਈ ਬਾਹਰੀ ਵਿਅਕਤੀ ਦੂਰੀ ਪੈਦਾ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ ਪਰ ਤੁਸੀ ਦੋਵੇਂ ਸੰਭਾਲ ਲਵੋਂਗੇ।

**ਮਿਥੁਨ:** ਤੁਹਾਡਾ ਮਨਮਰਜੀ ਦਾ ਸੁਭਾਅ ਸਿਹਤ ਦੇ ਲਈ ਪਰੇਸ਼ਾਨੀ ਖੜੀ ਕਰ ਸਕਦਾ ਹੈ। ਹਾਲਾਂ ਕਿ ਪੈਸਾ ਤੁਹਾਡੇ ਲਈ ਮਹੱਤਰਵੂਰਨ ਤੱਥ ਹੈ ਪਰੰਤੂ ਧੰਨ ਨੂੰ ਲੈ ਕੇ ਸੰਜੀਦਾ ਨਾ ਹੋ ਜਾਵੇ ਕਿ ਤੁਹਾਡੇ ਰਿਸ਼ਤਿਆਂ ਨੂੰ ਖਰਾਬ ਕਰ ਦੇਵੇ। ਆਪਣੇ ਬੱਚਿਆਂ ਦੇ ਨਾਲ ਇਕ ਦੋਸਤਾਨਾ ਰਿਸ਼ਤਾ ਵਿਕਸਿਤ ਕਰੋ ਪੁਰਾਣੀ ਗੱਲਾਂ ਨੂੰ ਪਿੱਛੇ ਛੱਡ ਕੇ ਅੱਗੇ ਆਉਣ ਵਾਲੇ ਚੰਗੇ ਸਮੇਂ ਵੱਲ ਦੇਖੋ। ਤੁਹਾਡੀ ਕੋਸ਼ਿਸ਼ ਫਲਦਾਇਕ ਰਹੇਗੀ। ਸੰਭਵ ਹੈ ਕਿ ਤੁਹਾਡੇ ਹਝੂੰਆਂ ਨੂੰ ਪੂੰਝਣ ਲਈ ਕੋਈ ਖਾਸ ਦੋਸਤ ਅੱਗੇ ਆਵੇਗਾ। ਅੱਜ ਤੁਹਾਡਾ ਕੋਈ ਲੁਕਿਆ ਵਿਰੋਧੀ ਤੁਹਾਡੇ ਪਿਆਰ ਨੂੰ ਗਲਤ ਸਾਬਿਤ ਕਰਨ ਦੀ ਕੋਸ਼ਿਸ਼ ਕਰੇਗਾ। ਯਾਤਰਾ ਦੇ ਮੌਕਿਆਂ ਨੂੰ ਹੱਥ ਤੋਂ ਨਹੀਂ ਦਿੱਤਾ ਜਾਣਾ ਚਾਹੀਦਾ। ਅੱਜ ਤੁਸੀ ਆਪਣੇ ਜੀਵਨਸਾਥੀ ਦੇ ਨਾਲ ਕੁਝ ਬੇਹਤਰੀਨ ਪਲ ਗੁਜ਼ਾਰ ਸਕੋਂਗੇ।

**ਕਰਕ :** ਬੱਚਿਆਂ ਦੇ ਨਾਲ ਤੁਸੀ ਸਕੂਨ ਪਾਉਂਗੇ ਬੱਚਿਆਂ ਦੀ ਇਹ ਸ਼ਮਤਾ ਕੁਦਰਤੀ ਹੈ ਅਤੇ ਨਾ ਕੇਵਲ ਤੁਹਾਡੇ ਪਰਿਵਾਰ ਦੇ ਬੱਚਿਆਂ ਵਿਚ ਬਲਕਿ ਹਰ ਬੱਚੇ ਵਿਚ ਇਹ ਗੁਣ ਹੁੰਦਾ ਹੈ ਉਹ ਤੁਹਾਨੂੰ ਸਕੂਨ ਅਤੇ ਰਾਹਤ ਦੇ ਸਕਦਾ ਹੈ। ਜਿਹੜੇ ਲੋਕ ਵਿਆਹੇ ਹੋਏ ਹਨ ਉਨਾਂ ਨੂੰ ਅੱਜ ਆਪਣੇ ਬੱਚਿਆਂ ਦੀ ਪੜ੍ਹਾਈ ਤੇ ਚੰਗਾ ਖਾਸਾ ਧੰਨ ਖਰਚ ਕਰਨਾ ਪੈ ਸਕਦਾ ਹੈ। ਬੱਚੇ ਉਮੀਦਾਂ ਤੇ ਖਰੇ ਨਾ ਉਤਰਦੇ ਹੋਏ ਤੁਹਾਨੂੰ ਨਿਰਾਸ਼ ਕਰ ਸਕਦੇ ਹਨ ਸੁਪਨਿਆਂ ਨੂੰ ਸਾਕਾਰ ਕਰਨ ਦੇ ਲਈ ਉਨਾਂ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਆਪਣੀ ਖਿੜਕੀ ਤੇ ਫੁੱਲ ਰੱਖ ਕੇ ਆਪਣੇ ਪਿਆਰ ਦਾ ਇਜ਼ਹਾਰ ਕਰੋ। ਅੱਜ ਕੀਤੇ ਨਿਵੇਸ਼ ਕਾਫੀ ਲਾਭਦਾਇਕ ਸਾਬਿਤ ਹੋਣਗੇ ਪਰੰਤੂ ਤੁਹਾਨੂੰ ਭਾਗੀਦਾਰੀ ਨਾਲ ਸੰਭਾਵਨਾ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅੱਜ ਤੁਹਾਨੂੰ ਬਹੁਤ ਦਿਲਚਸਪ ਨਿੰਮਤਰਣ ਮਿਲਣਗੇ ਅਤੇ ਨਾਲ ਹੀ ਸਰਪਰਾਈਸ ਤੋਹਫਾ ਮਿਲ ਸਕਦਾ ਹੈ। ਅੱਜ ਤੁਸੀ ਜਾਣੋਗੇ ਕਿ ਵਿਆਹ ਕਰਵਾਉਣ ਦੀ ਅਸਲ ਪਰੰਪਰਾ ਕੀ ਹੈ।

**ਸਿੰਘ:** ਡਰ ਤੁਹਾਡੀ ਖੁਸ਼ੀ ਨੂੰ ਬਰਬਾਦ ਕਰ ਸਕਦਾ ਹੈ ਤੁਹਾਨੂੰ ਸਮਝਣਾ ਚਾਹੀਦਾ ਹੈ ਕਿ ਇਹ ਤੁਹਾਡੇ ਖਿਆਲਾਂ ਅਤੇ ਕਲਪਨਾ ਤੋਂ ਪੈਦਾ ਹੋਇਆ ਹੈ ਡਰ ਸਹਿਜਤਾ ਨੂੰ ਖਤਮ ਕਰ ਦਿੰਦਾ ਹੈ ਇਸ ਲਈ ਇਸ ਨੂੰ ਪਹਿਲਾਂ ਹੀ ਕੁਚਲ ਦਿਉ ਤਾਂ ਕਿ ਇਹ ਤੁਹਾਨੂੰ ਡਰਪੋਕ ਨਾ ਸਮਝੇ। ਅੱਜ ਸਿਰਫ ਬੈਠਣ ਦੀ ਬਜਾਇ ਅਜਿਹਾ ਕਰੋ ਜੋ ਕਮਾਈ ਵਿਚ ਵਾਧਾ ਕਰ ਸਕੇ। ਅਜਿਹਾ ਕੋਈ ਜਿਸ ਨਾਲ ਤੁਸੀ ਰਹਿੰਦੇ ਹੋ ਅੱਜ ਆਪਣੇ ਕਿਸੇ ਕੰਮ ਦੀ ਵਜਾਹ ਨਾਲ ਚਿੜ ਮਹਿਸੂਸ ਕਰੇਗਾ। ਵਿਅਕਤੀਗਤ ਮਾਰਗਦਰਸ਼ਕ ਤੁਹਾਡੇ ਰਿਸ਼ਤੇ ਵਿਚ ਸੁਧਾਰ ਲਿਆਵੇਗਾ। ਨਵੀਂ ਅਸਾਈਨਮੈਂਟਸ ਉਮੀਦ ਦੇ ਮੁਤਾਬਿਕ ਪਰਿਣਾਮ ਨਹੀਂ ਦੇਵੇਗੀ। ਅੱਜ ਤੁਸੀ ਕੋਈ ਨਵੀਂ ਪੁਸਤਕ ਖਰੀਦ ਕੇ ਕਿਸੇ ਕਮਰੇ ਵਿਚ ਖੁਦ ਨੂੰ ਬੰਦ ਕਰਕੇ ਉਤਮ ਵਿਚਾਰਾਂ ਨਾਲ ਪੂਰਾ ਦਿਨ ਗੁਜ਼ਾਰ ਸਕਦੇ ਹੋ। ਅੱਜ ਤੁਸੀ ਇਕ ਵਾਰ ਫਿਰ ਸਮੇਂ ਵਿਚ ਪਿੱਛੇ ਜਾ ਕੇ ਵਿਆਹ ਦੇ ਸ਼ੁਰੂਆਤੀ ਦਿਨਾਂ ਦੇ ਪਿਆਰ ਅਤੇ ਰੋਮਾਂਸ ਨੂੰ ਮਹਿਸੂਸ ਕਰੋਂਗੇ।

**ਕੰਨਿਆ:** ਕੰਮ ਦਾ ਤਨਾਵ ਤੁਹਾਡੀ ਸਿਹਤ ਨੂੰ ਖਰਾਬ ਕਰ ਸਕਦਾ ਹੈ। ਸਿਰਫ ਅਕਲਮੰਦੀ ਨਾਲ ਕੀਤਾ ਨਿਵੇਸ਼ ਹੀ ਫਲਦਾਇਕ ਹੋਵੇਗਾ ਇਸ ਲਈ ਮਿਹਨਤ ਦੀ ਕਮਾਈ ਸੋਚ ਸਮਝ ਕੇ ਲਗਾਉ। ਕੁਝ ਲੋਕਾਂ ਲਈ ਪਰਿਵਾਰ ਵਿਚ ਕਿਸੇ ਨਵੇਂ ਦਾ ਆਉਣਾ ਜਸ਼ਨ ਅਤੇ ਪਾਰਟੀ ਦੇ ਪਲ ਲੈ ਕੇ ਆਵੇਗਾ। ਅੱਜ ਇਹ ਹੋ ਸਕਦਾ ਹੈ ਕਿ ਪਹਿਲੀ ਨਜ਼ਰ ਵਿਚ ਹੀ ਤੁਹਾਨੂੰ ਕੋਈ ਪਸੰਦ ਕਰ ਲਵੇ। ਯੋਗ ਕਰਮਚਾਰੀਆਂ ਨੂੰ ਤਰੱਕੀ ਅਤੇ ਆਰਥਿਕ ਮੁਨਾਫਾ ਹੋ ਸਕਦਾ ਹੈ। ਅੱਜ ਘਰ ਵਿਚ ਤੁਸੀ ਜ਼ਿਆਦਾਤਰ ਸਮਾਂ ਤੁਸੀ ਸੋਂ ਕੇ ਗੁਜਾਰ ਸਕਦੇ ਹੋ ਸ਼ਾਮ ਦੇ ਸਮੇਂ ਤੁਹਾਨੂੰ ਅਹਿਸਾਸ ਹੋਵੇਗਾ ਕਿ ਤੁਹਾਡਾ ਕਿੰਨਾ ਕੀਮਤੀ ਸਮਾਂ ਬਰਬਾਦ ਕਰ ਦਿੱਤਾ ਹੈ। ਅੱਜ ਤੁਹਾਡਾ ਜੀਵਨਸਾਥੀ ਤੁਹਾਡੇ ਸਾਰੇ ਚੰਗੇ ਗੁਣਾ ਦੀ ਪ੍ਰਸੰਸਾ ਕਰਨ ਅਤੇ ਤੁਹਾਡੇ ਦੁਬਾਰਾ ਡਿੱਗੇ ਦੀ ਕਦਰ ਕਰੇਗਾ।

**ਤੁਲਾ:** ਤੁਹਾਡਾ ਤਲਖ ਵਿਵਹਾਰ ਜੀਵਨਸਾਥੀ ਦੇ ਸਾਥ ਤੁਹਾਡੇ ਸਬੰਧਾਂ ਵਿਚ ਤਨਾਵ ਪੈਦਾ ਕਰ ਸਕਦਾ ਹੈ ਕੋਈ ਵੀ ਅਜਿਹਾ ਕੰਮ ਕਰਨ ਤੋਂ ਪਹਿਲਾਂ ਇਸ ਦੇ ਪਰਿਣਾਮਾਂ ਬਾਰੇ ਸੋਚ ਲੋ। ਜੇਕਰ ਸੰਭਵ ਹੋਵੇ ਤਾਂ ਆਪਣਾ ਮੂਡ ਬਦਲਣ ਲਈ ਕਿਤੇ ਹੋਰ ਜਾਵੋ। ਉਹ ਨਿਵੇਸ਼ ਯੋਜਨਾਵਾਂ ਜੋ ਤੁਹਾਨੂੰ ਆਕਰਸ਼ਿਤ ਕਰ ਰਹੀਆਂ ਹਨ ਉਨਾਂ ਦੇ ਬਾਰੇ ਵਿਚ ਗਹਿਰਾਈ ਨਾਲ ਜਾਣਨ ਦੀ ਕੋਸ਼ਿਸ਼ ਕਰੋ ਕੋਈ ਵੀ ਕਦਮ ਉਠਾਉਣ ਤੋਂ ਪਹਿਲਾਂ ਵਿਸ਼ੇਸ਼ ਦੀ ਸਲਾਹ ਲੈ ਲਵੋ। ਅਜਿਹੇ ਕੰਮਕਰੋ ਜਿਨਾਂ ਤੋਂ ਤੁਹਾਨੂੰ ਖੁਸ਼ੀ ਮਿਲੇ ਪਰੰਤੂ ਦੂਸਰਿਆਂ ਦੀ ਦਖਲ ਅੰਦਾਜ਼ੀ ਤੋਂ ਬਚੋ। ਅੱਜ ਤੁਸੀ ਅਜਿਹੇ ਇਨਸਾਨ ਨੂੰ ਮਿਲ ਸਕਦੇ ਹੋ ਜੋ ਤੁਹਾਨੂੰ ਆਪਣੀ ਜ਼ਿੰਦਗੀ ਤੋਂ ਜ਼ਿਆਦਾ ਚਾਹੁੰਦਾ ਹੈ। ਤੁਸੀ ਕਿਸੇ ਵੱਡੀ ਯੋਜਨਾ ਜਾਂ ਘਟਨਾ ਵਿਚ ਭਾਗੀਦਾਰੀ ਹੋਵੋਂਗੇ ਜਿਸ ਦੇ ਲਈ ਤੁਹਾਨੂੰ ਸ਼ੁਭਕਾਮਨਾਵਾਂ ਅਤੇ ਪੁਰਸਕਾਰ ਮਿਲਣਗੇ। ਰਸਮਾਂ, ਹਵਨ, ਪੂਜਾ ਪਾਠ ਆਦਿ ਦਾ ਆਯੋਜਨ ਘਰ ਵਿਚ ਹੋਵੇਗਾ। ਇਹ ਤੁਹਾਡੀ ਵਿਵਾਹਿਕ ਜ਼ਿੰਦਗੀ ਦਾ ਸਭ ਤੋਂ ਖਾਸ ਦਿਨ ਰਹਿਣ ਵਾਲਾ ਹੈ ਤੁਸੀ ਪਿਆਰ ਦੀ ਗਹਿਰਾਈ ਦਾ ਅਨੁਭਵ ਕਰੋਂਗੇ।

**ਬ੍ਰਿਸ਼ਚਕ:** ਕੋਫੀ ਪੀਣਾ ਛੱਡ ਦਿਉ ਖਾਸ ਤੌਰ ਤੇ ਦਿਲ ਦੇ ਮਰੀਜ਼ਾ ਲਈ । ਅੱਜ ਤੁਸੀ ਪੈਸਾ ਇਕੱਠਾ ਕਰਨ ਅਤੇ ਬਚਾਉਣ ਦਾ ਹੁੱਨਰ ਸਿੱਖ ਸਕਦੇ ਹੋ ਅਤੇ ਇਸ ਦੀ ਸਹੀ ਵਰਤੋ ਕਰ ਸਕਦੇ ਹੋ। ਕਿਸੇ ਕਿਸੇ ਵੀ ਚੀਜ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਆਪਣੇ ਪਰਿਵਾਰ ਦੀ ਸਲਾਹ ਲਵੋ। ਤੁਹਾਡਾ ਆਪਣਾ ਇਕਤਰਫਾ ਫੈਸਲਾ ਕੁਝ ਮੁਸ਼ਕਿਲ ਖੜੀ ਕਰ ਸਕਦਾ ਹੈ। ਬੇਹਿਤਰ ਪਰਿਣਾਮ ਦੇ ਲਈ ਪਰਿਵਾਰ ਵਿਚ ਤਾਲਮੇਲ ਪੈਦਾ ਕਰੋ। ਅੱਜ ਤੁਸੀ ਆਪਣੇ ਕਿਸੇ ਵਾਅਦੇ ਨੂੰ ਪੂਰਾ ਨਹੀਂ ਕਰ ਸਕੋਂਗੇ ਜਿਸ ਨਾਲ ਤੁਹਾਡਾ ਪ੍ਰੇਮੀ ਬੁੜ ਬੁੜ ਹੋ ਸਕਦਾ ਹੈ। ਨਵੇਂ ਪਰਿਯੋਜਨਾਵਾਂ ਅਤੇ ਕੰਮਾਂ ਨੂੰ ਪੂਰਾ ਕਰਨ ਲਈ ਵਧੀਆ ਦਿਨ ਹੈ। ਜਾਣਕਾਰਾਂ ਨਾਲ ਗੱਲ ਕਰਨਾ ਠੀਕ ਹੈ ਪਰ ਉਨਾਂ ਦੇ ਇਰਾਦਿਆਂ ਨੂੰ ਜਾਣੇ ਬਿਨਾਂ ਤੁਹਾਡੇ ਸਭ ਤੋਂ ਡੂੰਘੇ ਰਾਜ਼ਾਂ ਨੂੰ ਸਾਝਾਂ ਕਰਨਾ ਤੁਹਾਡੇ ਸਮੇਂ ਅਤੇ ਵਿਸ਼ਵਾਸ਼ ਦੀ ਬਰਬਾਦੀ ਹੈ। ਜੇਕਰ ਤੁਹਾਡੇ ਜੀਵਨ ਸਾਥੀ ਦੀ ਸਿਹਤ ਦੇ ਚਲਦੇ ਕਿਸੇ ਨਾਲ ਮਿਲਣ ਦੀ ਯੋਜਨਾ ਰੱਦ ਹੋ ਜਾਵੇ ਤਾਂ ਚਿੰਤਾ ਨਾ ਕਰੋ ਤੁਸੀ ਨਾਲ ਜਿਆਦਾ ਸਮਾਂ ਗੁਜ਼ਾਰ ਸਕੋਂਗੇ।

**ਧਨੂੰ :** ਆਪਣੀਆਂ ਨਾਕਾਰਾਤਮਕ ਭਾਵਨਾਵਾਂ ਅਤੇ ਬਿਰਤੀਆਂ ਨੂੰ ਕਾਬੂ ਵਿੱਚ ਰੱਖੋ ਤੁਹਾਡੀ ਰੂੜ੍ਹਵਾਦੀ ਸੋਚ ਪੁਰਾਣੇ ਖਿਆਲ ਤੁਹਾਡੀ ਪ੍ਰਗਤੀ ਵਿਚ ਅੜਚਣ ਬਣ ਸਕਦੀ ਹੈ ਉਸ ਦੀ ਦਿਸ਼ਾ ਬਦਲ ਸਕਦੇ ਹੋ ਅਤੇ ਤੁਹਾਨੂੰ ਰਾਹ ਵਿੱਚ ਅੱਗੇ ਕਈਂ ਮੁਸ਼ਕਿਲਾਂ ਖੜੀ ਕਰ ਸਕਦੀ ਹੈ। ਆਰਥਿਕ ਤੋਰ ਤੇ ਸੁਧਾਰ ਤੈਅ ਹੈ। ਸ਼ਾਮ ਦੇ ਸਮੇਂ ਆਪਣੇ ਜੀਵਨਸਾਥੀ ਦੇ ਨਾਲ ਬਾਹਰ ਖਾਣਾ ਜਾਂ ਫਿਲਮ ਦੇਖਣਾ ਤੁਹਾਨੂੰ ਸਕੂਨ ਦੇਵੇਗਾ ਅਤੇ ਖੁਸ਼ਮਿਜ਼ਾਜ ਬਣਾ ਕੇ ਰੱਖਗਾ। ਆਪਣੇ ਪ੍ਰੇਮੀ ਨੂੰ ਨਜ਼ਰਅੰਦਾਜ਼ ਕਰਨਾ ਘਰ ਵਿਚ ਤਣਾਵ ਦਾ ਕਾਰਨ ਬਣ ਸਕਦਾ ਹੈ। ਤੁਹਾਨੂੰ ਕੰਮ ਕਾਰ ਵਿਚ ਪੇਸ਼ੇਵਰ ਉਪਲਬਧੀਆਂ ਅਤੇ ਲਾਭ ਮਿਲੇਗਾ । ਅੱਜ ਖਾਲੀ ਸਮਾਂ ਕਿਸੀ ਬੇਕਾਰ ਦੇ ਕੰਮ ਵਿਚ ਖਰਾਬ ਹੋ ਸਕਦਾ ਹੈ। ਅੱਜ ਤੁਹਾਨੂੰ ਆਪਣੇ ਜੀਵਨਸਾਥੀ ਦਾ ਸਖਤ ਅਤੇ ਰੁਖੇ ਪਹਿਲੂ ਦਾ ਅਨੁਭਵ ਹੋ ਸਕਦਾ ਹੈ ਜਿਸਦੇ ਚਲਦੇ ਤੁਸੀ ਅਸਿਹਜ ਮਹਿਸੂਸ ਕਰੋਂਗੇ।

**ਮਕਰ:** ਆਪਣੀਆਂ ਨਾਕਾਰਾਤਮਕ ਭਾਵਨਾਵਾਂ ਅਤੇ ਬਿਰਤੀਆਂ ਨੂੰ ਕਾਬੂ ਵਿੱਚ ਰੱਖੋ ਤੁਹਾਡੀ ਰੂੜ੍ਹਵਾਦੀ ਸੋਚ ਪੁਰਾਣੇ ਖਿਆਲ ਤੁਹਾਡੀ ਪ੍ਰਗਤੀ ਵਿਚ ਅੜਚਣ ਬਣ ਸਕਦੀ ਹੈ ਉਸ ਦੀ ਦਿਸ਼ਾ ਬਦਲ ਸਕਦੇ ਹੋ ਅਤੇ ਤੁਹਾਨੂੰ ਰਾਹ ਵਿੱਚ ਅੱਗੇ ਕਈਂ ਮੁਸ਼ਕਿਲਾਂ ਖੜੀ ਕਰ ਸਕਦੀ ਹੈ। ਆਰਥਿਕ ਤੋਰ ਤੇ ਸੁਧਾਰ ਤੈਅ ਹੈ। ਸ਼ਾਮ ਦੇ ਸਮੇਂ ਆਪਣੇ ਜੀਵਨਸਾਥੀ ਦੇ ਨਾਲ ਬਾਹਰ ਖਾਣਾ ਜਾਂ ਫਿਲਮ ਦੇਖਣਾ ਤੁਹਾਨੂੰ ਸਕੂਨ ਦੇਵੇਗਾ ਅਤੇ ਖੁਸ਼ਮਿਜ਼ਾਜ ਬਣਾ ਕੇ ਰੱਖਗਾ। ਆਪਣੇ ਪ੍ਰੇਮੀ ਨੂੰ ਨਜ਼ਰਅੰਦਾਜ਼ ਕਰਨਾ ਘਰ ਵਿਚ ਤਣਾਵ ਦਾ ਕਾਰਨ ਬਣ ਸਕਦਾ ਹੈ। ਤੁਹਾਨੂੰ ਕੰਮ ਕਾਰ ਵਿਚ ਪੇਸ਼ੇਵਰ ਉਪਲਬਧੀਆਂ ਅਤੇ ਲਾਭ ਮਿਲੇਗਾ । ਅੱਜ ਖਾਲੀ ਸਮਾਂ ਕਿਸੀ ਬੇਕਾਰ ਦੇ ਕੰਮ ਵਿਚ ਖਰਾਬ ਹੋ ਸਕਦਾ ਹੈ। ਅੱਜ ਤੁਹਾਨੂੰ ਆਪਣੇ ਜੀਵਨਸਾਥੀ ਦਾ ਸਖਤ ਅਤੇ ਰੁਖੇ ਪਹਿਲੂ ਦਾ ਅਨੁਭਵ ਹੋ ਸਕਦਾ ਹੈ ਜਿਸਦੇ ਚਲਦੇ ਤੁਸੀ ਅਸਿਹਜ ਮਹਿਸੂਸ ਕਰੋਂਗੇ।

**ਕੁੰਭ:** ਬਿਮਾਰੀ ਤੁਹਾਡੀ ਉਦਾਸੀ ਦੀ ਵਜਾਹ ਹੋ ਸਕਦੀ ਹੈ ਤੁਹਾਨੂੰ ਪਰਿਵਾਰ ਵਿਚ ਫਿਰ ਤੋਂ ਖੁਸ਼ੀ ਦਾ ਮਾਹੋਲ ਬਣਾਉਣ ਦੇ ਲਈ ਜਲਦ ਤੋਂ ਜਲਦ ਇਸ ਤੋਂ ਬਾਹਰ ਆਉਣ ਦੀ ਲੋੜ ਹੈ। ਲਾਭ ਦੇ ਨਜ਼ਰੀਏ ਤੋਂ ਸਟਾਕ ਅਤੇ ਮਯੁਚਲ ਫੰਡ ਵਿਚ ਨਿਵੇਸ਼ ਕਰਨਾ ਲਾਭਦਾਇਕ ਰਹੇਗਾ। ਕੁਲ ਮਿਲਾ ਕੇ ਲਾਭਦਾਇਕ ਦਿਨ ਹੈ ਪਰੰਤੂ ਜਿਸ ਨੂੰ ਤੁਸੀ ਸਮਝਦੇ ਅਤੇ ਅੱਖਾਂ ਬੰਦ ਕਰਕੇ ਯਕੀਨ ਕਰਦੇ ਹੋ ਉਹ ਤੁਹਾਡਾ ਭਰੋਸਾ ਤੋੜ ਸਕਦਾ ਹੈ। ਰੋਮਾਂਸ ਦੇ ਲਿਹਾਜ ਨਾਲ ਰੋਮਾਂਚਕ ਦਿਨ ਹੈ ਸ਼ਾਮ ਦੇ ਲਈ ਕੋਈ ਖਾਸ ਯੋਜਨਾ ਬਣਾਉ ਅਤੇ ਜਿਨਾਂ ਹੋ ਸਕੇ ਉਨਾਂ ਰੋਮਾਂਟਿਕ ਹੋਣ ਦੀ ਕੋਸ਼ਿਸ਼ ਕਰੋ। ਅੱਜ ਤੁਸੀ ਨਵੇਂ ਪ੍ਰੋਜੈਕਟ ਨੂੰ ਸ਼ੁਰੂ ਕਰੋਂਗੇ ਜੋ ਕਿ ਪੂਰੇ ਪਰਿਵਾਰ ਲਈ ਖੁਸ਼ਹਾਲੀ ਲੈ ਕੇ ਆਵੇਗਾ। ਅੱਜ ਜੀਵਨ ਸਾਥੀ ਦੇ ਨਾਲ ਸਮਾਂ ਬਿਤਾਉਣ ਦੇ ਲਈ ਤੁਹਾਡੇ ਕੋਲ ਸਹੀ ਸਮਾਂ ਹੋਵੇਗਾ ਤੁਹਾਡੇ ਪਿਆਰ ਨੂੰ ਦੇਖ ਕੇ ਅੱਜ ਤੁਹਾਡਾ ਪ੍ਰੇਮੀ ਉਤਫਤ ਹੋ ਸਕਦਾ ਹੈ। ਵਿਆਹੁਤਾ ਜੀਵਨ ਨੂੰ ਬੇਹਤਰ ਬਣਾਉਣ ਦੇ ਲਈ ਤੁਹਾਡੀਆਂ ਕੋਸ਼ਿਸ਼ਾਂ ਤੁਹਾਨੂੰ ਅੱਜ ਦੀਆਂ ਆਸਾਂ ਨਾਲੋਂ ਵੱਧ ਦਿਖਾਉਣਗੀਆਂ।

**ਮੀਨ:** ਖੁਦ ਆਪਣਾ ਇਲਾਜ ਕਰਨ ਤੋਂ ਬਚੋ ਕਿਉਂ ਕਿ ਦਵਾਈ ਉੱਪਰ ਤੁਹਾਡੀ ਨਿਰਭਰਤਾ ਵਧਾਉਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਜੇਕਰ ਤੁਸੀ ਕਿਸੇ ਤੋਂ ਉਧਾਰ ਵਾਪਸੀ ਦੀ ਮੰਗ ਕਰ ਰਹੇ ਹੋ ਅਤੇ ਹੁਣ ਤੱਕ ਤੁਹਾਡੀ ਗੱਲ ਨੂੰ ਟਾਲ ਰਿਹਾ ਸੀ ਅੱਜ ਬਿਨਾਂ ਬੋਲਿਆਂ ਤੋਂ ਹੀ ਤੁਹਾਨੂੰ ਪੈਸੇ ਵਾਪਸ ਦੇ ਸਕਦਾ ਹੈ। ਪਰਿਵਾਰਿਕ ਮੈਂਬਰ ਜਾਂ ਜੀਵਨਸਾਥੀ ਉਦਾਸੀ ਦੀ ਵਜਾਹ ਬਣ ਸਕਦਾ ਹੈ। ਆਪਣੇ ਸਾਥੀ ਨੂੰ ਭਾਵਨਾਤਮਕ ਤੋਰ ਤੇ ਬਲੈਕਮੇਲ ਕਰਨ ਤੋਂ ਬਚੋ। ਇਹ ਦਿਨ ਉਨਾਂ ਦਿਨਾਂ ਵਿਚੋਂ ਇਕ ਦਿਨ ਹੈ ਜਦੋਂ ਕੰਮ ਕਾਰ ਵਿਚ ਤੁਸੀ ਇੱਛਾ ਮਹਿਸੂਸ ਕਰੋਂਗੇ। ਅੱਜ ਤੁਹਾਡੇ ਕਰੀਬੀ ਤੁਹਾਡੇ ਕੰਮ ਦੀ ਹੋਂਸਲਾ ਅਫਜ਼ਾਈ ਕਰਨਗੇ ਅਤੇ ਤੁਹਾਡਾ ਬੋਸ ਵੀ ਤੁਹਾਡੇ ਕੰਮ ਤੋਂ ਖੁਸ਼ ਹੋਵੇਗਾ। ਕਾਰੋਬਾਰੀ ਵੀ ਅੱਜ ਵਪਾਰ ਵਿਚ ਲਾਭ ਕਮਾ ਸਕਦੇ ਹਨ। ਤੁਹਾਡੇ ਪਰਿਵਾਰ ਵਿਚੋਂ ਕੋਈ ਮੈਂਬਰ ਅੱਜ ਤੁਹਾਡੇ ਨਾਲ ਸਮਾਂ ਬਿਤਾਉਣ ਦੀ ਜ਼ਿੱਦ ਕਰ ਸਕਦਾ ਹੈ ਉਸ ਨਾਲ ਤੁਸੀ ਸਹਿਮਤ ਵੀ ਹੋਵੋਂਗੇ ਪਰੰਤੂ ਇਸ ਨਾਲ ਤੁਹਾਡਾ ਕੁਝ ਸਮਾਂ ਖਰਾਬ ਹੋ ਸਕਦਾ ਹੈ। ਅੱਜ ਤੁਹਾਡੇ ਜੀਵਨ ਸਾਥੀ ਦੇ ਕੰਮ ਕਾਰ ਦੀ ਵਿਅਸਤਤਾ ਤੁਹਾਡੀ ਉਦਾਸੀ ਦਾ ਕਾਰਨ ਬਣ ਸਕਦੀ ਹੈ।

# ਇਨਸਾਨੀ ਤੇ ਰੂਹਾਨੀ ਜਜ਼ਬਾਤ ਦੀ ਗੱਲ ਕਰਦੀ ਏ, ਹਰਦਿਆਲ ਸ਼ੀਤਾ ਦੀ ਕਾਵਿ-ਪੁਸਤਕ 'ਤੇਰੇ ਬਾਝੋਂ'...






ਡਾ. ਸੁਖਦੇਵ ਸਿੰਘ ਝੰਡ
ਫ਼ੋਨ : +1 647-567-9128

ਹਰਦਿਆਲ ਸਿੰਘ ਸ਼ੀਤਾ ਬੜਾ ਨਿੱਘਾ, ਮੁਹੱਬਤੀ ਤੇ ਮਿਲਾਪੜਾ ਇਨਸਾਨ ਹੈ। ਉਸ ਨੂੰ ਦੋਸਤਾਂ-ਮਿੱਤਰਾਂ, ਸਮਾਜਿਕ ਰਿਸ਼ਤਿਆਂ ਤੇ ਇਨਸਾਨੀ ਕਦਰਾਂ-ਕੀਮਤਾਂ ਦੀ ਖ਼ੂਬ ਪਹਿਚਾਣ ਹੈ। ਉਹ ਹਰੇਕ ਨਾਲ ਸੁਚੱਜੇ ਢੰਗ ਨਾਲ ਪੇਸ਼ ਆਉਂਦਾ ਹੈ ਅਤੇ ਬੜੇ ਸੁਹਜਮਈ ਸਲੀਕੇ ਨਾਲ ਗੱਲਬਾਤ ਕਰਦਾ ਹੈ। ਹਰਦਿਆਲ ਸ਼ੀਤਾ ਦੀ ਸ਼ਖ਼ਸੀਅਤ ਬਾਰੇ ਪੰਜਾਬੀ ਦੇ ਪ੍ਰੋੜ੍ਹ-ਲੇਖਕ ਪੂਰਨ ਸਿੰਘ ਦਾ ਕਹਿਣਾ ਹੈ, "ਉਸਦੇ ਆਚਾਰ, ਵਿਚਾਰ ਅਤੇ ਵਿਹਾਰ ਵਿੱਚ ਚੰਦਨ ਵਰਗੀ ਮਹਿਕ ਅਤੇ ਬੋਲਾਂ ਤੇ ਬਚਨਾਂ ਵਿੱਚ ਕਸਤੂਰੀ ਵਰਗੀ ਸੁਗੰਧੀ ਹੈ। ਉਸ ਦੀਆਂ ਤੋਰਾਂ ਤੇ ਤੱਕਾਂ ਵਿਚ ਨਿਰਛਲ ਮੁਹੱਬਤ, ਸੁੱਚੇ ਮੋਹ ਅਤੇ ਹਾਰਦਿਕ ਪਿਆਰ ਦੀ ਝਲਕ ਹੈ। ਉਹ ਮਾਨਵਤਾ ਦਾ ਪੁਜਾਰੀ ਹੈ ਅਤੇ ਕਰਤੇ ਦੀ ਕਿਰਤ ਵਿੱਚੋਂ ਵਿਸਮਾਦੀ ਨੂਰ ਤੇ ਰੂਹਾਨੀ ਝਲਕਾਰਾ ਦੇਖਣ ਵਾਲੀ ਵਾਲੀ ਦਿੱਬ ਦ੍ਰਿਸ਼ਟੀ ਹੈ।"

ਬਰੈਂਪਟਨ ਵਿਚ ਵਿਚਰਦਿਆਂ ਉਹ ਇੱਥੋਂ ਦੀਆਂ ਕਈ ਵੱਖ-ਵੱਖ ਧਾਰਮਿਕ, ਸਮਾਜਿਕ ਤੇ ਸਾਹਿਤਕ ਸੰਸਥਾਵਾਂ ਨਾਲ ਜੁੜਿਆ ਹੋਇਆ ਹੈ। ਆਪਣੇ ਸੁਹਿਰਦ ਯਤਨਾਂ ਨਾਲ ਉਸਦੇ ਵੱਲੋਂ ਬਰੈਂਪਟਨ ਵਿਚ ਪਿਛਲੇ ਕੁਝ ਸਾਲ ਪਹਿਲਾਂ 'ਕਲਮਾਂ ਦੀ ਸਾਂਝ ਸਾਹਿਤ ਸਭਾ' ਦਾ ਨਿਰਮਾਣ ਕੀਤਾ ਗਿਆ, ਜਿਸ ਦੀ ਨਿਯਮਤ ਮਹੀਨਾਵਾਰ ਇਕੱਤਰਤਾ ਹੁੰਦੀ ਹੈ। ਇਸ ਦੇ ਨਾਲ ਹੀ ਉਹ 'ਨਾਮਧਾਰੀ ਦਰਬਾਰ' ਨੂੰ ਸਮੱਰਪਿਤ ਹੈ, ਜਿਸ ਦੀ ਧਾਰਮਿਕ ਸੰਸਥਾਵਾਂ ਵਿਚ ਆਪਣੀ ਹੀ ਵੱਖਰੀ ਦਿੱਖ ਤੇ ਪਹਿਚਾਣ ਹੈ। ਪਾਠਕ ਭਲੀ-ਭਾਂਤ ਜਾਣਦੇ ਹਨ ਕੇ ਨਾਮਧਾਰੀ ਸੰਗਤ ਦਾ ਭਾਰਤ ਦੀ ਆਜ਼ਾਦੀ ਅਤੇ ਸਮਾਜ-ਸੁਧਾਰ ਵਿਚ ਵੱਡਾ ਯੋਗਦਾਨ ਹੈ। ਹਰਦਿਆਲ ਸ਼ੀਤਾ ਦਾ ਸਾਰਾ ਪਰਿਵਾਰ ਧਾਰਮਿਕ ਵਿਚਾਰਾਂ ਦਾ ਧਾਰਨੀ ਹੈ ਅਤੇ ਨਾਮਧਾਰੀ ਦਰਬਾਰ ਨੂੰ ਪ੍ਰਨਾਇਆ ਹੋਇਆ ਹੈ। ਪਰਿਵਾਰ ਦੇ ਸਾਰੇ ਜੀਅ, ਬੱਚਿਆਂ ਸਮੇਤ ਗੁਰਬਾਣੀ ਕੀਰਤਨ ਕਰਦੇ ਹਨ। ਉਨ੍ਹਾਂ ਨੇ ਲੱਗਭੱਗ ਸਾਰੇ ਹੀ ਸੰਗੀਤਕ ਸਾਜ਼ ਘਰ ਵਿਚ ਰੱਖੇ ਹੋਏ ਹਨ ਅਤੇ ਰੋਜ਼ਾਨਾ ਇਨ੍ਹਾਂ ਦੇ ਨਾਲ ਗੁਰਬਾਣੀ ਕੀਰਤਨ ਦਾ ਅਭਿਆਸ ਕਰਦੇ ਹਨ। ਸ਼ੀਤਾ ਪਰਿਵਾਰ ਵੱਲੋਂ ਆਪਣੇ ਪਿਤਾ ਸ. ਮਿਹਰ ਸਿੰਘ ਸ਼ੀਤਾ ਤੇ ਮਾਤਾ ਪ੍ਰੀਤਮ ਕੌਰ ਸ਼ੀਤਾ ਦੀ ਯਾਦ ਵਿਚ 'ਕਲਮਾਂ ਦੀ ਸਾਂਝ ਸਾਹਿਤ ਸਭਾ' ਰਾਹੀਂ ਹਰ ਸਾਲ ਕਿਸੇ ਉੱਘੇ ਸਾਹਿਤਕਾਰ ਜਾਂ ਕਿਸੇ ਵਿਸ਼ੇਸ਼ ਖੇਤਰ ਵਿਚ ਯੋਗਦਾਨ ਪਾਉਣ ਵਾਲੇ ਵਿਅੱਕਤੀ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਹੁਣ ਤੀਕ ਉਨ੍ਹਾਂ ਵੱਲੋਂ ਬਰੈਂਪਟਨ ਦੀਆਂ ਤਿੰਨ ਪ੍ਰਮੁੱਖ ਸ਼ਖ਼ਸੀਅਤਾਂ ਪੰਜਾਬੀ ਲੇਖਕ ਪੂਰਨ ਸਿੰਘ ਪਾਂਧੀ, ਕੰਪਿਊਟਰ ਮਾਹਿਰ ਕਿਰਪਾਲ ਸਿੰਘ ਪੰਨੂੰ ਅਤੇ ਉੱਘੇ ਖੇਡ-ਲੇਖਕ ਪ੍ਰਿੰਸੀਪਲ ਸਰਵਣ ਸਿੰਘ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ।

ਹਰਦਿਆਲ ਸ਼ੀਤਾ ਦੀਆਂ ਕਵਿਤਾਵਾਂ ਵਿੱਚ ਸਮਾਜਿਕ ਰਿਸ਼ਤਿਆਂ ਦੇ ਨਿੱਘ, ਵਿਯੋਗ, ਦਰਦ, ਵਿਛੋੜੇ ਅਤੇ ਧਾਰਮਿਕਤਾ ਦਾ ਰੰਗ ਸਾਫ਼ ਵਿਖਾਈ ਦਿੰਦਾ ਹੈ। ਉਸ ਦੀਆਂ ਕਵਿਤਾਵਾਂ ਵਿਚ ਮਾਨਵਤਾ, ਮਾਂ ਦਾ ਨਿਰਸਵਾਰਥ ਪਿਆਰ, ਮਾਂ-ਬੋਲੀ ਪ੍ਰਤੀ ਸਨੇਹ ਅਤੇ 'ਕਰਮ-ਭੂਮੀ ਕਨੇਡਾ' ਪ੍ਰਤੀ ਪਿਆਰ ਤੇ ਸਤਿਕਾਰ ਝਲਕਦਾ ਹੈ। ਵਿਯੋਗ ਤੇ ਵਿਛੋੜਾ ਉਸ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿੱਚ ਦ੍ਰਿਸ਼ਟੀਗੋਚਰ ਹੈ, ਚਾਹੇ ਇਹ 1947 ਦੀ ਵੰਡ ਦੇ ਸਮੇਂ ਹਿੰਦੂ, ਸਿੱਖ ਤੇ ਮੁਸਲਮਾਨਾਂ ਦੀਆਂ ਆਪਸੀ ਖ਼ੂਨੀ ਝੜਪਾਂ ਤੇ ਦਰਦਨਾਕ ਕਤਲ ਹੋਣ ਜਾਂ ਉਸ ਦੇ ਵੱਲੋਂ ਨਿੱਜੀ-ਜੀਵਨ ਵਿੱਚ ਝੱਲੇ ਗਏ 'ਲੰਮੇਂ ਵਿਛੋੜੇ' ਦੀ ਦੁੱਖ-ਭਰੀ ਦਾਸਤਾਨ ਹੋਵੇ। ਹੱਥਲੀ ਪੁਸਤਕ 'ਤੇਰੇ ਬਾਝੋਂ' ਉਸਦੀ ਪਲੇਠੀ ਕਾਵਿ-ਪੁਸਤਕ ਹੈ। ਇਸ ਵਿਚ ਉਸ ਨੇ ਕਈਆਂ ਕਵਿਤਾਵਾਂ ਵਿਚ ਆਤਮਾ ਤੇ ਪ੍ਰਮਾਤਮਾ ਦੇ ਵਿਛੋੜੇ ਅਤੇ ਹੋਰ ਕਈਆਂ ਵਿੱਚ ਆਪਣੀ ਧਰਮ-ਪਤਨੀ ਤੋਂ ਦੂਰ ਰਹਿ ਕੇ ਬਿਤਾਏ ਗਏ 18 ਸਾਲ ਲੰਮੇਂ ਵਿਛੋੜੇ ਦੀ ਗੱਲ ਕੀਤੀ ਹੈ। ਇਨ੍ਹਾਂ ਤੋਂ ਇਲਾਵਾ ਕਵਿਤਾਵਾਂ ਵਿੱਚ ਉਸਦੇ ਵੱਲੋਂ ਹੋਰ ਵੀ ਕਈ ਵੱਖ-ਵੱਖ ਵਿਸ਼ੇ ਲਏ ਹਨ, ਜਿਨ੍ਹਾਂ ਵਿੱਚੋਂ ਕੁਝ ਇੱਥੇ ਪਾਠਕਾਂ ਦੀ ਨਜ਼ਰ ਕਰਨੇ ਜ਼ਰੂਰੀ ਸਮਝਦਾ ਹਾਂ। ਇਨ੍ਹਾਂ ਕਵਿਤਾਵਾਂ ਵਿੱਚ ਉਸ ਨੇ 'ਖੁੱਲ੍ਹੀ ਕਵਿਤਾ' ਦੇ ਮਾਧਿਅਮ ਰਾਹੀਂ ਆਪਣੇ ਖ਼ਿਆਲ ਖੁੱਲ੍ਹ ਕੇ ਪ੍ਰਗਟ ਕੀਤੇ ਹਨ।

'ਖ਼ੁਮਾਰੀ' ਨਾਂ ਦੀ ਕਵਿਤਾ ਵਿਚ ਪ੍ਰਮਾਤਮਾ ਨੂੰ ਮੁਖ਼ਾਤਬ ਹੁੰਦਿਆਂ ਉਹ ਕਹਿੰਦਾ ਹੈ :

ਤੇਰਾ ਤਸੱਵਰ ਕਰਦਿਆਂ ਹੀ
ਖਿੜ ਜਾਂਦੇ ਨੇ ਮੇਰੀ ਕਵਿਤਾ ਦੇ ਅੱਖਰ
ਚਹਿ-ਚਹਾਉਣ ਲੱਗ ਪੈਂਦਾ ਹੈ ਮੇਰਾ ਆਪਾ,
ਛਾ ਜਾਂਦੀ ਹੈ, ਇਕ ਖ਼ੁਮਾਰੀ ਮੇਰੇ ਉੱਪਰ। (ਪੰਨਾ-72)

ਹਰਦਿਆਲ ਸ਼ੀਤਾ ਦਾ ਇਹ ਵੀ ਦ੍ਰਿੜ ਵਿਸ਼ਵਾਸ ਹੈ ਕਿ ਰੱਬ ਦੀ ਹੋਂਦ ਨੂੰ ਉਸ ਦੇ ਆਪਣੇ ਹੀ ਬਣਾਏ ਹੋਏ 'ਬੰਦਿਆਂ' ਕੋਲੋਂ ਖ਼ਤਰਾ ਹੈ। ਕਥਿਤ ਧਰਮੀਆਂ ਨੂੰ ਸੰਬੋਧਿਤ ਹੋ ਕੇ ਉਹ ਕਹਿੰਦਾ ਹੈ :

ਖ਼ਤਰਾ ਹੈ ਤੁਹਾਡੇ ਰੱਬ ਦੀ ਹੋਂਦ ਨੂੰ
ਸਾਡੇ ਰਚਨਹਾਰ ਦੀ ਹੋਂਦ ਨੂੰ ਖਤਰਾ ਹੈ
ਆਪਣੀ ਹੀ ਰਚਨਾ ਹੱਥੋਂ
ਹਾਂ ਸੱਚੀਂ ਹੀ ਖ਼ਤਰਾ ਹੈ ਰੱਬ ਨੂੰ
ਆਪਣੇ ਬਣਾਏ ਬੰਦਿਆਂ ਕੋਲੋਂ! (ਪੰਨਾ-51)

ਸ਼ੀਤਾ ਮਾਂ ਨੂੰ ਰੱਬ ਦਾ ਰੂਪ ਸਮਝਦਾ ਹੈ ਅਤੇ ਉਸ ਦੇ ਵਿੱਚੋਂ 'ਰੱਬ' ਨੂੰ ਵੇਖਦਾ ਤੇ ਮਹਿਸੂਸ ਕਰਦਾ ਹੈ। ਉਹ ਦਾ ਕਹਿਣਾ ਹੈ ਕਿ ਮਾਂ ਤਾਂ ਰੱਬ ਵਾਂਗ ਹਰ ਥਾਂ ਮੌਜੂਦ ਹੈ :

ਮਾਂ!
ਰੱਬ ਵਾਂਗ
ਸਰਬ-ਵਿਆਪਕ ਹੁੰਦੀ ਹੈ
ਹਜ਼ਾਰਾਂ ਮੀਲ ਦੂਰ ਬੈਠੀ ਉਹ
ਸਭ 'ਹਬੀ-ਨਬੀ' ਜਾਣਦੀ ਹੈ, ਸਾਡੀ
ਜਾਣੀ-ਜਾਣ ਜੁ ਹੁੰਦੀ ਹੈ
ਮਾਂ!

ਰੱਬ ਵਾਂਗ!
'ਜਾਣੀ-ਜਾਣ' ਵੀ ਹੁੰਦੀ ਹੈ। (ਪੰਨਾ-74)

ਇਸ ਦੇ ਨਾਲ ਹੀ ਆਪਣੇ ਨਿੱਜੀ-ਵਿਛੋੜੇ ਬਾਰੇ ਗੱਲ ਕਰਦਿਆਂ ਪੁਸਤਕ ਦੇ ਸਿਰਲੇਖ ਨਾਂ ਦੀ ਕਵਿਤਾ 'ਤੇਰੇ ਬਾਝੋਂ' ਵਿਚ ਉਹ ਕਹਿੰਦਾ ਹੈ :

ਚੁਸਕੀ ਚੁਸਕੀ ਜ਼ਹਿਰ ਪੀ ਰਿਹਾਂ
ਤੇਰੇ ਬਾਝੋਂ! ਤੂੰ ਕੀ ਜਾਣੇ,
ਕਿਵੇਂ ਜੀ ਰਿਹਾਂ
ਤੇਰੇ ਬਾਝੋਂ।
ਥੋੜ੍ਹਾ ਥੋੜ੍ਹਾ ਨਿਤ ਖੁਰਦਾ ਹਾਂ,
ਤੇਰੇ ਬਾਝੋਂ,
ਦਿਲ ਆਪਣੇ 'ਤੇ ਕੀ ਕੀ ਜਰਦਾਂ,
ਤੇਰੇ ਬਾਝੋਂ। (ਪੰਨਾ-90)

ਅਤੇ ਹੋਰ:

ਉਹ ਮੈਨੂੰ ਅਕਸਰ ਆਖਦੀ,
ਖ਼ਿਆਲ ਰੱਖਿਆ ਕਰੋ ਆਪਣਾ
ਮੈਂ ਵੀ ਆਖਦਾ,
ਤੂੰ ਵੀ ਖ਼ਿਆਲ ਰੱਖੀਂ ਆਪਣਾ
ਸਾਨੂੰ ਦੋਹਾਂ ਨੂੰ ਪਤਾ ਹੈ
ਅਸੀਂ ਆਪਣੇ ਬਾਰੇ,
ਤਾਂ ਕਦੇ ਵੀ ਨਹੀਂ ਸੋਚਦੇ
ਫਿਰ ਖ਼ਿਆਲ ਕਿਵੇਂ ਰੱਖਾਂਗੇ
ਆਪੋ ਆਪਣਾ। (ਪੰਨਾ-93)

ਤੇ ਹੋਰ ਵੀ:

ਤੂੰ ਮੇਰੇ ਲੜ ਲੱਗੀ
ਤੈਂ ਪਿਆਰ ਮੰਗਿਆ,
ਮੈਂ ਵਿਛੋੜਾ ਪਾਇਆ, ਤੇਰੀ ਝੋਲੀ।
ਤੈਂ ਖ਼ੁਸ਼ੀਆਂ ਮੰਗੀਆਂ,
ਮੈਂ ਪਰਦੇਸੀ ਹੋ ਗਿਆ।
ਤੈਂ ਜ਼ਿੰਦਗੀ ਮੰਗੀ,
ਮੈਂ ਆਪੇ ਤੋਂ ਵੀ ਜੁਦਾ ਹੋ ਗਿਆ। (ਪੰਨਾ-110)

ਲੜ ਛੱਡ ਕੇ ਬੰਨ੍ਹੀਆਂ ਪੀਲੀਆਂ ਪੱਗਾਂ ਵਾਲੇ ਅਜੋਕੇ 'ਭਗਤ ਸਿੰਘਾਂ' ਬਾਰੇ ਉਸਦਾ ਮੰਨਣਾ ਹੈ ਕਿ ਉਹ ਤਾਂ ਹੁਣ ਇਹ ਕਹਿ ਰਹੇ ਹਨ :

ਭਗਤ ਸਿੰਘਾ ਤੈਨੂੰ ਸਲਾਮ!
ਤੇਰੀ ਕੁਰਬਾਨੀ ਨੂੰ ਸਲਾਮ!!
ਕੀ ਕਰੀਏ??
ਬਸ ਜੀਵੀ ਜਾ ਰਹੇ ਹਾਂ
ਤੇ ਸ਼ਾਇਦ
ਦਿਨ-ਕਟੀ ਹੀ ਕਰ ਰਹੇ ਹਾਂ
ਪਰ ਤੈਨੂੰ ਯਾਦ ਜ਼ਰੂਰ ਕਰਦੇ ਹਾਂ
ਸਾਲ ਵਿਚ
ਇਕ-ਦੋ ਵਾਰੀ ਹੀ
ਇਕ ਤੇਰੇ ਜਨਮ-ਦਿਨ ਵਾਲੇ ਦਿਨ,
ਤੇ ਦੂਜਾ ਤੇਰੇ ਸ਼ਹੀਦੀ ਦਿਹਾੜੇ 'ਤੇ। (ਪੰਨਾ-32)

ਏਸੇ ਤਰ੍ਹਾਂ, ਬਾਬੇ ਨਾਨਕ ਬਾਰੇ ਉਸ ਦਾ ਕਹਿਣਾ ਹੈ :

ਅਸੀਂ ਤੇ ਨਾਨਕ
ਇਕ ਦੂਜੇ ਤੋਂ
ਕੋਹਾਂ ਦੂਰ ਖੜੇ ਹਾਂ,

ਧਰਮ ਦੇ ਠੇਕੇਦਾਰਾਂ ਹੱਥੋਂ
ਬਹੁਤਾ ਹੋ ਮਜਬੂਰ ਖੜੇ ਹਾਂ
ਅਸੀਂ ਤੇ ਨਾਨਕ
ਇਕ ਦੂਜੇ ਤੋਂ
ਕੋਹਾਂ ਦੂਰ ਖੜੇ ਹਾਂ। (ਪੰਨਾ-36)

ਮਾਂ-ਬੋਲੀ ਪੰਜਾਬੀ ਦੀ ਚਿੰਤਾ ਕਰਦਿਆਂ ਉਸ ਦੀ ਧਾਰਨਾ ਹੈ ਕਿ ਲੋਕ 'ਮਾਂ-ਬੋਲੀ ਦਿਵਸ' 'ਤੇ ਕੇਵਲ ਇਕ ਦਿਨ ਹੀ ਉਸ ਨੂੰ ਧੂਮ-ਧੜੱਕੇ ਨਾਲ ਯਾਦ ਕਰਦੇ ਹਨ ਅਤੇ ਬਾਅਦ ਵਿਚ ਸੱਭ ਭੁੱਲ-ਭੁਲਾਅ ਜਾਂਦੇ ਹਨ। ਉਹ ਆਪਣੀ ਮਾਂ-ਬੋਲੀ ਦੇ ਮੂੰਹੋਂ ਹੀ ਅਖਵਾਉਂਦਾ ਹੈ :

ਮੇਰੇ ਇਕ ਦਿਨ ਦੇ ਸ਼ੁਭ-ਚਿੰਤਕ ਪਿਆਰਿਓ!!
ਮੈਂ ਤੁਹਾਡੀ ਮਾਂ-ਬੋਲੀ
ਮੈਨੂੰ ਪਤਾ
ਤੁਸੀਂ ਅੱਜ ਦੇ ਦਿਨ
ਬਹੁਤ ਕਾਵਾਂ-ਰੌਲੀ ਪਾਵੋਗੇ।
ਢੋਲ-ਢਮੱਕਿਆਂ ਨਾਲ
ਐਲਾਨਾਂ ਦੇ ਅੰਬਾਰ ਲਗਾਵੋਗੇ। ....
ਤੁਹਾਡੇ ਅਹਿਦਨਾਮਿਆਂ ਦਾ ਉੱਠਦਾ ਧੂੰਆਂ
ਉਡਾ ਕੇ ਲੈ ਜਾ ਰਿਹਾ ਹੋਵੇਗਾ
ਤੁਹਾਥੋਂ ਦੂਰ
ਵਿਰਸੇ ਤੋਂ ਦੂਰ
ਸਭਿਆਚਾਰ ਤੋਂ ਦੂਰ
ਤੁਹਾਡੀਆਂ ਨਸਲਾਂ ਨੂੰ। (ਪੰਨਾ - 46)

ਹਰਦਿਆਲ ਸ਼ੀਤਾ ਦਿਨ-ਬਦਿਨ ਵਾਪਰਦੀਆਂ ਸਮਾਜਿਕ ਤੇ ਰਾਜਨੀਤਕ ਘਟਨਾਵਾਂ ਤੋਂ ਭਲੀ-ਭਾਂਤ ਵਾਕਿਫ਼ ਹੈ। ਗਵਾਂਢੀ ਦੇਸ਼ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵੱਲੋਂ ਹੋਰ ਦੇਸ਼ਾਂ ਵਾਂਗ ਕੈਨੇਡਾ ਉੱਪਰ ਟੈਰਿਫ਼ ਲਗਾਉਣ 'ਤੇ ਆਪਣੀ ਇਸ 'ਕਰਮ-ਭੂਮੀ' 'ਤੇ ਆਏ ਸੰਕਟ ਬਾਰੇ ਉਹ ਦੇਸ਼-ਵਾਸੀਆਂ ਨੂੰ ਸੰਬੋਧਿਤ ਹੈ :

ਆਓ ਇਕ ਨਵਾਂ ਕੈਨੇਡਾ ਸਿਰਜੀਏ!
ਪਰ-ਉਪਕਾਰੀ ਦੇਸ਼ ਦੇ ਭਲੇ-ਮਾਣਸ ਵਾਸੀਓ,
ਆਓ ਸਾਰੇ ਇਕ ਹੋਈਏ!!
ਇਕ ਭੀੜ ਬਣ ਆਈ ਏ
ਸਾਡੇ ਮੁਲਕ 'ਤੇ
ਹੈਂਕੜਬਾਜ਼ 'ਕੋੜੇ' ਵਾਰ ਕਰਨ 'ਤੇ ਆ ਗਿਆ ਏ,
ਆਓ ਸਾਰੇ ਇਕ-ਜੁੱਟ ਹੋ ਜਾਈਏ,
ਤੇ ਮੂੰਹ-ਤੋੜਵਾਂ ਜਵਾਬ ਦੇਈਏ। (ਪੰਨਾ-43)

ਇਹ ਤਾਂ ਸ਼ੀਤਾ ਦੀਆਂ ਕਵਿਤਾਵਾਂ ਦੀਆਂ ਕੁਝ ਕੁ ਵੰਨਗੀਆਂ ਹਨ, ਜਿਨ੍ਹਾਂ ਵਿਚ ਉਸ ਨੇ ਵੱਖ-ਵੱਖ ਵਿਸ਼ਿਆਂ ਨੂੰ ਲੈ ਕੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਵਿਸ਼ੇ ਤਾਂ ਹੋਰ ਵੀ ਕਈ ਹਨ, ਪਰ ਸਾਰਿਆਂ ਬਾਰੇ ਇਸ ਸੀਮਤ ਜਿਹੇ ਆਰਟੀਕਲ ਵਿਚ ਵਿਚਾਰ ਕਰਨੀ ਮੁਸ਼ਕਲ ਹੈ।

ਪੁਸਤਕ ਵਿੱਚ 'ਥੋੜ੍ਹੇ ਸ਼ਬਦਾਂ ਵਾਲੀਆਂ ਨਜ਼ਮਾਂ' ਨਾਮਕ ਕਵਿਤਾ ਸਮੇਤ ਕੁਝ ਛੋਟੀਆਂ-ਛੋਟੀਆਂ ਕਵਿਤਾਵਾਂ 'ਬੰਦਾ', 'ਜ਼ਿੰਦਗੀ', 'ਝੋਲੀ', 'ਚਿਣਗ', 'ਤਮੰਨਾ', 'ਲੀਕ', 'ਭਟਕਣਾ', ਆਦਿ ਵੀ ਹਨ ਜੋ ਥੋੜ੍ਹੇ ਲਫ਼ਜ਼ਾਂ ਵਿੱਚ ਬੜਾ ਕੁਝ ਕਹਿ ਜਾਂਦੀਆਂ ਹਨ, ਮਸਲਿਨ 'ਲੀਕ' ਨਾਂ ਦੀ ਕਵਿਤਾ ਵਿੱਚ ਉਹ ਕਹਿੰਦਾ ਹੈ :

ਮੈਂ ਲਿਖਦਾ-ਪੜ੍ਹਦਾ
ਵਾਰ-ਵਾਰ ਪੜ੍ਹਦਾ
ਫਿਰ ਉਸਨੂੰ ਸੁਣਾਉਂਦਾ,
ਉਹ ਸੁਣ ਕੇ
ਠੰਡਾ ਸਾਹ ਲੈ ਕੇ ਆਖਦੀ
ਕਦੇ ਮੇਰੇ ਬਾਰੇ ਵੀ ਕੁਝ ਲਿਖਿਆ ਕਰ।
ਮੈਨੂੰ ਲੱਗਦਾ
ਜਿਵੇਂ ਮੇਰੀ ਸਾਰੀ ਲਿਖਾਵਟ 'ਤੇ,
ਲੀਕ ਵੱਜ ਗਈ ਹੋਵੇ। (ਪੰਨਾ-107)

ਇਸ ਤਰ੍ਹਾਂ ਹਰਦਿਆਲ ਸ਼ੀਤਾ ਦੀ ਇਸ ਪਲੇਠੀ ਪੁਸਤਕ ਦੀਆਂ ਬਹੁਤ ਸਾਰੀਆਂ ਕਵਿਤਾਂ ਕਾਫ਼ੀ ਰੌਚਕ ਤੇ ਦਿਲਚਸਪ ਹਨ। ਪਰ ਇਨ੍ਹਾਂ ਵਿੱਚੋਂ ਕਈ ਕਵੀ ਦਾ ਹੋਰ ਗੰਭੀਰ ਧਿਆਨ ਮੰਗਦੀਆਂ ਹਨ। ਕਈ ਕਵਿਤਾਵਾਂ ਵਿੱਚ ਕੁਝ ਸ਼ਬਦਾਂ ਦੀ ਵਿਸ਼ੇਸ਼ਤਾ ਦਰਸਾਉਣ ਲਈ ਉਨ੍ਹਾਂ ਨੂੰ ਦੂਹਰੇ ਪੁੱਠੇ ਕ"ਮਿਆਂ " " ਵਿੱਚ ਦਿੱਤਾ ਗਿਆ ਹੈ, ਜਦਕਿ ਇਨ੍ਹਾਂ ਕੌਮਿਆਂ ਨੂੰ ਆਮ ਹਾਲਤਾਂ ਵਿੱਚ ਕਿਸੇ ਵਿਅਕਤੀ ਵੱਲੋਂ ਕਹੇ ਗਏ ਸ਼ਬਦਾਂ ਨੂੰ ਹੂ-ਬ-ਹੂ ਦਰਸਾਉਣ ਲਈ ਵਰਤਿਆ ਜਾਂਦਾ ਹੈ। ਮੇਰੇ ਖ਼ਿਆਲ 'ਚ ਇੱਥੇ ਇਨ੍ਹਾਂ ਦੀ ਥਾਂ ਇਕਹਿਰੇ ਕੌਮੇ ' ' ਹੀ ਵਰਤੇ ਜਾਣੇ ਚਾਹੀਦੇ ਸਨ ਅਤੇ ਕਈ ਥਾਈਂ ਇਹ ਵਰਤੇ ਵੀ ਗਏ ਹਨ। ਕਈ ਸ਼ਬਦਾਂ ਵਿੱਚ ਬਿੰਦੀ ਦੀ ਅਣਹੋਂਦ ਰੜਕਦੀ ਹੈ ਤੇ ਕਈਆਂ ਵਿੱਚ ਇਸ ਦੀ ਵਰਤੋਂ ਬੇਲੋੜੀ ਵੀ ਕੀਤੀ ਗਈ ਹੈ, ਜਿਵੇਂ 'ਜ਼ੁਰਅੱਤ' (ਪੰਨਾ-44)। ਮੇਰੇ ਵਿਚਾਰ ਅਨੁਸਾਰ ਇਹ ਸ਼ਬਦ 'ਜੁਅਰਤ' ਹੋਣਾ ਚਾਹੀਦਾ ਹੈ। ਵੈਸੇ, ਕਈ ਇਸ ਦੇ ਸ਼ਬਦ-ਜੋੜ 'ਜੁਰਅਤ' ਵੀ ਲਿਖਦੇ ਹਨ, ਪਰ ਉਹ ਇਸ ਵਿੱਚ ਜ ਦੇ ਪੈਰ 'ਚ ਬਿੰਦੀ ਅਤੇ ਅ ਉੱਪਰ ਅੱਧਕ ਦੀ ਵਰਤੋਂ ਨਹੀਂ ਕਰਦੇ। ਇੰਜ ਹੀ, 'ਦੰਪਤੀ' ਸ਼ਬਦ ਵਿੱਚ 'ਪ' ਅੱਖਰ ਉੱਪਰ ਅੱਧਕ ਦੀ ਲੋੜ ਨਹੀ ਹੈ। (ਪੰਨਾ-68)

ਪੁਸਤਕ ਵਿੱਚ ਸ਼ਬਦ-ਜੋੜਾਂ ਦੀਆਂ ਕਈ ਹੋਰ ਵੀ ਗ਼ਲਤੀਆਂ ਰੜਕਦੀਆਂ ਹਨ, ਜਿਵੇਂ, ਅੰਗਰੇਜ਼ੀ ਦੇ ਸ਼ਬਦ 'ਲਿਕਏ' ਨੂੰ ਪੰਜਾਬੀ ਵਿੱਚ 'ਲਾਇਕ' ਲਿਖਿਆ ਗਿਆ ਹੈ (ਪੰਨਾ-47), ਜੋ ਅਸਲ 'ਚ 'ਲਾਈਕ' ਹੋਣਾ ਚਾਹੀਦਾ ਹੈ। 'ਬੁੱਲਾਂ' ਦੀ ਜਗ੍ਹਾ 'ਬੁੱਲ੍ਹਾਂ' ਲਿਖਣਾ ਬਣਦਾ ਹੈ। ਏਸੇ ਤਰ੍ਹਾਂ 'ਵਿੱਚ' ਸ਼ਬਦ ਨੂੰ ਛੋਟੇ ਰੂਪ 'ਚ ਲਿਖਣ ਲਈ 'ਪੁੱਠਾ' ਕੌਮਾ (Apostrophe) 'ਚੱਚਾ' ਅੱਖਰ (ਚ) ਦੇ ਖੱਬੇ ਪਾਸੇ ਲਗਾਇਆ ਜਾਂਦਾ ਹੈ, ਸੱਜੇ ਨਹੀਂ। (ਪੰਨਾ-64), ਪਰ ਮੈਂ ਸਮਝਦਾ ਹਾਂ ਕਿ ਇਸ ਵਿੱਚ ਲੇਖਕ ਦੀ ਓਨੀ ਗ਼ਲਤੀ ਨਹੀਂ, ਜਿੰਨੀ ਕਿ ਪੁਸਤਕ ਦਾ ਪਰੂਫ਼ ਪੜ੍ਹਨ ਵਾਲੇ ਦੀ ਹੈ। ਪਰੂਫ਼-ਰੀਡਰ ਜੇਕਰ ਇਸ ਵੱਲ ਜ਼ਰਾ ਵਧੇਰੇ ਧਿਆਨ ਦੇਣ ਤਾਂ ਗ਼ਲਤੀਆਂ ਦੀ ਗੁੰਜਾਇਸ਼ ਘੱਟ ਹੋ ਸਕਦੀ ਹੈ।

ਕੁਲ ਮਿਲਾ ਕੇ ਹਰਦਿਆਲ ਸ਼ੀਤਾ ਦਾ ਇਹ 'ਉਪਰਾਲਾ' ਬਹੁਤ ਵਧੀਆ ਕਿਹਾ ਜਾ ਸਕਦਾ ਹੈ ਜੋ ਉਸ ਨੇ ਆਪਣੀ ਇਸ ਪਲੇਠੀ ਪੁਸਤਕ ਨੂੰ ਪਾਠਕਾਂ ਸਾਹਮਣੇ ਲਿਆਉਣ ਨਾਲ ਕੀਤਾ ਹੈ। ਡਾ. ਅਰਵਿੰਦਰ ਸਿੰਘ ਢਿੱਲੋਂ ਤੇ ਪਿਆਰਾ ਸਿੰਘ ਕੁੱਦੋਵਾਲ ਵੱਲੋਂ ਲਿਖੀਆਂ ਗਈਆਂ ਭੂਮਿਕਾਵਾਂ ਅਤੇ ਪ੍ਰੋੜ੍ਹ-ਲੇਖਕ ਪੂਰਨ ਸਿੰਘ ਪਾਂਧੀ ਦੀ 'ਅਸ਼ੀਰਵਾਦ' ਰੂਪੀ ਚਾਰ ਪੰਨਿਆਂ ਦੀ ਸ਼ੁਰੂਆਤੀ ਲਿਖਤ ਪੁਸਤਕ ਦੇ ਮੁਹਾਂਦਰੇ ਨੂੰ ਹੋਰ ਵੀ ਖ਼ੂਬਸੂਰਤ ਬਣਾਉਂਦੀਆਂ ਹਨ। 'ਪ੍ਰੀਤ ਪਬਲੀਕੇਸ਼ਨ' ਨਾਭਾ ਵੱਲੋਂ ਇਹ ਪੁਸਤਕ ਡਾਹਡੀ ਪ੍ਰੀਤ ਨਾਲ ਛਾਪੀ ਗਈ ਹੈ। ਪਰ ਨਾਲ ਹੀ ਉਸਦੇ ਵੱਲੋਂ 124 ਪੰਨਿਆਂ ਦੀ ਇਸ ਪੁਸਤਕ ਦੀ ਰੱਖੀ ਗਈ ਕੀਮਤ 400 ਰੁਪਏ (8 ਡਾਲਰ) ਕੁਝ ਰੜਕਦੀ ਹੈ ਜੋ ਕਵਿਤਾ ਪਸੰਦ ਕਰਨ ਵਾਲੇ ਪਾਠਕਾਂ ਲਈ ਬੇਸ਼ਕ ਉਚੇਰੀ ਲੱਗਦੀ ਹੈ, ਪਰ ਫਿਰ ਵੀ ਇਹ ਪੁਸਤਕ ਉਨ੍ਹਾਂ ਦੇ ਲਈ ਪੜ੍ਹਨਯੋਗ ਹੈ। ਇਸ ਲਈ ਇਹ ਪੜ੍ਹਨ ਦੀ ਸਿਫ਼ਾਰਸ਼ ਕਰਦਾ ਹਾਂ।

# ਭਾਈ ਮਤੀ ਦਾਸ ਜੀ

ਜਦ ਔਰੰਗਜ਼ੇਬ ਜਹੇ, ਜਾਲਮਾ ਸੀ ਜੁਲਮ ਕਮਾਏ!
ਗੁਰੂ ਤੇਗ ਬਹਾਦਰ ਸੀਸ ਦੇਣ ਤਦ ਦਿੱਲੀ ਆਏ!
ਨੌਵੇਂ ਗੁਰਾਂ ਦੇ ਨਾਲ ਹੀ, ਮਤੀ ਦਾਸ ਵੀ ਆਇਆ!
ਉਸ ਦੇ ਉੱਤੇ ਜਾਲਮਾਂ,ਸੀ ਜੁਲਮ ਕਮਾਇਆ!

ਕਾਜੀ ਕਹਿੰਦਾ ਮਤੀਦਾਸ, ਤੇਰੀ ਸ਼ਾਮਤ ਆਉਣੀ!
ਮੁਸਲਮਾਨ ਤੋਂ ਬਣ ਜਾ, ਜੇ ਜਿੰਦ ਬਚਾਉਣੀ!
ਸੁੱਖ ਜੇ ਲੈਣਾ ਚਾਂਹਵਦਾ ਛੱਡ ਦੇ ਤੂੰ ਸਿੱਖੀ!
ਨਹੀਂ ਤਾਂ ਮੌਤ ਹੁਣੇ ਹੀ,ਤੇਰੇ ਨਾਲ ਲਿਖੀ,

ਮਤੀਦਾਸ ਨੇ ਆਖਿਆ, ਭਰਮਾ ਮੈਨੂੰ,
ਹੁੰਦੀ ਰੱਬ ਦੀ ਰਜ਼ਾ ਕੀ, ਇਹ ਪਤਾ ਨਾ ਤੈਨੂੰ !
ਦਿੱਤਾ ਉਸ ਨੇ ਠੋਕ ਕੇ,ਜਵਾਬ ਕਰਾਰਾ!
ਜਿੰਦ ਨਾਲੋਂ ਹੈ ਜਾਲਮਾ,ਸਾਨੂੰ ਧਰਮ ਪਿਆਰਾ!

ਗੁੱਸੇ ਦੇ ਵਿੱਚ ਕਾਜ਼ੀ ਨੇ, ਫਿਰ ਹੁਕਮ ਸੁਣਾਇਆ!
ਸੰਗਲਾਂ ਦੇ ਨਾਲ ਬੰਨ ਕੇ, ਫਿਰ ਚੌਂਕ ਲਿਆਇਆ!
ਮਰਨ ਤੋਂ ਪਹਿਲਾਂ ਦੱਸ ਦੇ, ਕੋਈ ਗੱਲ ਜਰੂਰੀ!
ਚਾਹੁੰਦਾ ਜੋ ਵੀ ਤੂੰ ਹੈ, ਉਹ ਕਰ ਦਿਆਂ ਪੂਰੀ!

ਮਤੀਦਾਸ ਨੇ ਆਖਿਆ, ਮੰਨ ਲੈ ਇਹ ਗੱਲ !
ਮੂੰਹ ਮੇਰਾ ਹੈ ਰੱਖਣਾ ਮੇਰੇ ਮੁਰਸ਼ਦ ਵੱਲ!
ਧਿਆਨ ਆਪਣਾ ਗੁਰਾਂ ਦੇ ਮੈਂ ਚਰਨੀ ਧਰ ਲਾਂ!
ਜਾਂਦਾ ਜਾਂਦਾ ਗੁਰਾਂ ਦੀ ਮੈਂ ਦਰਸ਼ਨ ਕਰ ਲਾਂ!

ਜਕੜ ਕੇ ਉਹਦੇ ਤਨ, ਨੂੰ ਸਿਰ ਆਰਾ ਧਰਿਆ!
ਮਤੀਦਾਸ ਨੇ ਦੁੱਖ ਇਹ,ਸੀ ਹੱਸ ਕੇ ਜਰਿਆ!
ਮੂੰਹ ਕਰਕੇ ਗੁਰਾਂ ਵੱਲ ਸੀ, ਸਿਰ ਰੱਖਿਆ ਆਰਾ!
ਹੌਲੀ ਹੌਲੀ ਏਸ ਨੇ ਤਨ ਚੀਰਿਆ ਸਾਰਾ!

ਆਰਾ ਜਿਵੇਂ ਸਰੀਰ ਨੂੰ, ਸੀ ਚੀਰਦਾ ਜਾਂਦਾ!
ਬਿਰਤੀ ਮਤੀ ਦਾਸ ਸੀ, ਗੁਰ ਚਰਨੀ ਲਾਂਦਾ!
ਸਿਰ ਦੀ ਦੇ ਕੇ ਫੀਸ ਸੀ, ਉਸ ਮੌਤ ਖਰੀਦੀ!
'ਦੀਪ' ਲੁਧਿਆਣਵੀ ' ਇਸ ਤਰ੍ਹਾਂ ਉਸ ਪਾਈ ਸ਼ਹੀਦੀ!

ਕੁਲਦੀਪ ਕੌਰ ( ਦੀਪ ਲੁਧਿਆਣਵੀ)

# ਹਰ ਵਿਸ਼ਾ

ਹਰ ਵਿਸ਼ਾ
ਕਵਿਤਾ ਦੇ ਮੇਚ ਦਾ ਨਹੀਂ ਹੁੰਦਾ.
ਕਈ ਵਾਰ ਤਿਥਾਂ ਤਿਉਹਾਰਾਂ ਤੇ
ਵਾਹ ਵਾਹ ਖੱਟਣ ਲਈ,
ਸ਼ਬਦਾਂ ਦੇ ਜਿਸਮਾਂ ਨਾਲ ਖੇਡਦੇ,
ਉਨ੍ਹਾਂ ਨੂੰ ਤੋੜਦੇ ਮਰੋੜਦੇ,
ਉਨ੍ਹਾਂ ਦਾ ਸਤਿ ਭੰਗ ਕਰਦੇ ਹਾਂ ।
ਕਦੇ
ਕਾਫ਼ੀਏ ਰਦੀਫ਼ ਦੀ ਸ਼ਤਰੰਜ ਵਿਛਾ,
ਸ਼ਬਦਾਂ ਦੀਆਂ ਗੋਟੀਆਂ
ਫਿਟ ਕਰਦੇ,
ਕੋਝੀਆਂ ਚਾਲਾਂ ਚਲਦੇ,
ਕਿਸੇ ਹੋਰ ਦੇ ਭਾਵਾਂ 'ਤੇ
ਨਿੱਜਤਾ ਦਾ ਮੁਲ੍ਹਮਾ ਚਾੜ੍ਹਦੇ,
ਮਿੱਥ ਕੇ ਕਵਿਤਾ ਲਿਖਦੇ ਹਾਂ,
ਪਰ.......
ਹਰ ਵਿਸ਼ਾ
ਕਵਿਤਾ ਦੇ ਮੇਚ ਦਾ ਨਹੀਂ ਹੁੰਦਾ।

ਕਵਲਜੀਤ, 9417330859








# ਧਰਮਿੰਦਰ ਦਿਓਲ ਦਾ ਪੰਜਾਬ ਦੇ ਪਿੰਡ ਤੋਂ ਬਾਲੀਵੁੱਡ ਦੇ ਸੁਪਰਸਟਾਰ ਤੱਕ ਦਾ ਸਫ਼ਰ

ਬਾਲੀਵੁੱਡ ਦੇ ਮਸ਼ਹੂਰ ਅਦਾਕਾਰ ਧਰਮਿੰਦਰ ਦਾ ਅੱਜ ਲੰਬੀ ਬਿਮਾਰੀ ਮਗਰੋਂ ਦੇਹਾਂਤ ਹੋ ਗਿਆ। 89 ਸਾਲਾ ਅਦਾਕਾਰ ਨੇ ਸੋਮਵਾਰ ਦੁਪਹਿਰ ਨੂੰ ਆਪਣੇ ਘਰ ਵਿੱਚ ਹੀ ਆਖਰੀ ਸਾਹ ਲਏ। ਖ਼ਬਰ ਏਜੰਸੀ ਪੀਟੀਆਈ ਨੇ ਪੁਲੀਸ ਦੇ ਹਵਾਲੇ ਨਾਲ ਇਹ ਦਾਅਵਾ ਕੀਤਾ ਹੈ। ਉਨ੍ਹਾਂ ਦਾ ਅੰਤਿਮ ਸੰਸਕਾਰ ਵਿਲੇ ਪਾਰਲੇ ਸ਼ਮਸ਼ਾਨਘਾਟ ਵਿੱਚ ਕੀਤਾ ਗਿਆ, ਜਿਸ ਵਿੱਚ ਸਲਮਾਨ ਖਾਨ, ਸੰਜੇ ਦੱਤ, ਅਮਿਤਾਭ ਬੱਚਨ ਅਤੇ ਆਮਿਰ ਖਾਨ ਸਮੇਤ ਕਈ ਮਸ਼ਹੂਰ ਹਸਤੀਆਂ ਸ਼ਾਮਲ ਹੋ ਰਹੀਆਂ ਹਨ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਕਸ 'ਤੇ ਇਕ ਪੋਸਟ ਵਿਚ ਬਜ਼ੁਰਗ ਅਦਾਕਾਰ ਦੇ ਦੇਹਾਂਤ 'ਤੇ ਦੁੱਖ ਜਤਾਇਆ ਹੈ।

ਧਰਮਿੰਦਰ ਦੇ ਦੇਹਾਂਤ ਨਾਲ ਪੂਰੀ ਫ਼ਿਲਮ ਇੰਡਸਟਰੀ ਵਿੱਚ ਸੋਗ ਦੀ ਲਹਿਰ ਹੈ। ਬੌਲੀਵੁੱਡ ਅਦਾਕਾਰ ਉਨ੍ਹਾਂ ਨੂੰ ਅੰਤਿਮ ਵਿਦਾਈ ਦੇਣ ਲਈ ਸ਼ਮਸ਼ਾਨਘਾਟ ਪਹੁੰਚੇ ਹਨ। ਨਿਰਮਾਤਾ ਤੇ ਨਿਰਦੇਸ਼ਕ ਕਰਨ ਜੌਹਰ ਨੇ ਆਪਣੇ ਅਧਿਕਾਰਤ ਸੋਸ਼ਲ ਮੀਡੀਆ ਅਕਾਊਂਟ ਰਾਹੀਂ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ।

ਉਨ੍ਹਾਂ ਲਿਖਿਆ, " ਇਹ ਇੱਕ ਯੁੱਗ ਦਾ ਅੰਤ ਹੈ, ਇੱਕ ਉੱਚਾ ਮੈਗਾਸਟਾਰ, ਮੁੱਖ ਧਾਰਾ ਦੇ ਸਿਨੇਮਾ ਵਿੱਚ ਇੱਕ ਸੱਚੇ ਹੀਰੋ ਦਾ ਪ੍ਰਤੀਕ, ਬਹੁਤ ਹੀ ਸੁੰਦਰ ਅਤੇ ਇੱਕ ਰਹੱਸਮਈ ਸਕਰੀਨ ਮੌਜੂਦਗੀ ਦਾ ਮਾਲਕ। ਉਹ ਭਾਰਤੀ ਸਿਨੇਮਾ ਦਾ ਇੱਕ ਸੱਚਾ ਦੰਤਕਥਾ ਹੈ ਅਤੇ ਹਮੇਸ਼ਾ ਰਹੇਗਾ। ਉਸਦਾ ਨਾਮ ਸਿਨੇਮਾ ਦੇ ਇਤਿਹਾਸ ਦੇ ਇਤਿਹਾਸ ਵਿੱਚ ਹਮੇਸ਼ਾ ਲਈ ਚਮਕਦਾ ਰਹੇਗਾ।

ਅਦਾਕਾਰਾ ਕਾਜੋਲ ਨੇ ਆਪਣੇ ਪੁੱਤਰ ਯੁਗ ਨਾਲ ਇੱਕ ਤਸਵੀਰ ਸਾਂਝੀ ਕਰਕੇ ਧਰਮਿੰਦਰ ਨੂੰ ਸ਼ਰਧਾਂਜਲੀ ਦਿੱਤੀ।

ਜ਼ਿਕਰਯੋਗ ਹੈ ਕਿ ਬਜ਼ੁਰਗ ਅਦਾਕਾਰ ਨੂੰ ਕੁਝ ਦਿਨ ਪਹਿਲਾਂ ਮੁੰਬਈ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ, ਜਿੱਥੇ ਉਨ੍ਹਾਂ ਦੀ ਪਤਨੀ ਤੇ ਅਦਾਕਾਰਾ ਹੇਮਾ ਮਾਲਿਨੀ, ਪੁੱਤਰ ਸੰਨੀ ਦਿਓਲ ਤੇ ਬੌਬੀ ਦਿਓਲ ਨੇ ਆਪਣੇ ਬਿਮਾਰ ਪਿਤਾ ਨਾਲ ਮੁਲਾਕਾਤ ਕੀਤੀ ਸੀ। ਹਾਲਾਂਕਿ ਸਿਹਤ ਵਿੱਚ ਕੁਝ ਸੁਧਾਰ ਹੋਣ ਤੋਂ ਬਾਅਦ ਪਰਿਵਾਰ ਅਦਾਕਾਰ ਨੂੰ ਘਰ ਲੈ ਗਿਆ ਸੀ।



**ਧਰਮਿੰਦਰ ਦਿਓਲ ਦਾ ਪੰਜਾਬ ਦੇ ਪਿੰਡ ਤੋਂ ਬਾਲੀਵੁੱਡ ਦੇ ਸੁਪਰਸਟਾਰ ਤੱਕ ਦਾ ਸਫ਼ਰ**

ਧਰਮਿੰਦਰ ਦਿਓਲ ਦਾ ਜਨਮ 8 ਦਸੰਬਰ 1935 ਨੂੰ ਪੰਜਾਬ (ਉਦੋਂ ਬ੍ਰਿਟਿਸ਼ ਭਾਰਤ) ਦੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਨਸਰਾਲੀ ਵਿਖੇ ਇੱਕ ਜੱਟ ਪਰਿਵਾਰ ਵਿੱਚ ਹੋਇਆ ਸੀ। ਉਨ੍ਹਾਂ ਦੇ ਪਿਤਾ ਕੇਵਲ ਕ੍ਰਿਸ਼ਨ ਦਿਓਲ ਪਿੰਡ ਦੇ ਸਕੂਲ ਵਿੱਚ ਹੈੱਡਮਾਸਟਰ ਸਨ। ਧਰਮਿੰਦਰ ਦਾ ਬਚਪਨ ਸਾਹਨੇਵਾਲ ਪਿੰਡ ਵਿੱਚ ਬੀਤਿਆ ਅਤੇ ਉਨ੍ਹਾਂ ਨੇ ਆਪਣੀ ਇੰਟਰਮੀਡੀਏਟ ਦੀ ਪੜ੍ਹਾਈ ਫਗਵਾੜਾ ਦੇ ਰਾਮਗੜ੍ਹੀਆ ਕਾਲਜ ਤੋਂ 1952 ਵਿੱਚ ਪੂਰੀ ਕੀਤੀ। ਬਚਪਨ ਤੋਂ ਹੀ ਧਹਓਰਮਣਨਦਰਓ ਧਏਲ ਦਾ ਝੁਕਾਅ ਫ਼ਿਲਮਾਂ ਵੱਲ ਸੀ। ਕਿੱਸਾ ਹੈ ਕਿ ਉਹ ਫ਼ਿਲਮਾਂ ਦੇਖਣ ਲਈ ਕਈ ਮੀਲ ਪੈਦਲ ਜਾਂਦੇ ਸਨ। ਸਿਨੇਮਾ ਲਈ ਉਨ੍ਹਾਂ ਦਾ ਇਹ ਜਨੂੰਨ ਉਨ੍ਹਾਂ ਨੂੰ ਮੁੰਬਈ ਲੈ ਗਿਆ।

**ਧਰਮਿੰਦਰ ਦਿਓਲ : ਸ਼ੁਰੂਆਤੀ ਸੰਘਰਸ਼ ਅਤੇ ਫ਼ਿਲਮੀ ਸਫ਼ਰ**

ਸਾਲ 1958 ਵਿੱਚ ਉਨ੍ਹਾਂ ਨੇ 'ਫਿਲਮਫੇਅਰ' ਮੈਗਜ਼ੀਨ ਦੇ 'ਟੈਲੰਟ ਹੰਟ' ਮੁਕਾਬਲੇ ਵਿੱਚ ਹਿੱਸਾ ਲਿਆ ਅਤੇ ਇਸ ਨੂੰ ਜਿੱਤ ਲਿਆ। ਇਸ ਮੁਕਾਬਲੇ ਨੇ ਹੀ ਉਨ੍ਹਾਂ ਲਈ ਬਾਲੀਵੁੱਡ ਦੇ ਦਰਵਾਜ਼ੇ ਖੋਲ੍ਹ ਦਿੱਤੇ। **Dharmendra Deol** ਨੇ ਆਪਣੇ ਫ਼ਿਲਮੀ ਕਰੀਅਰ ਦੀ ਸ਼ੁਰੂਆਤ 1960 ਵਿੱਚ ਫ਼ਿਲਮ 'ਦਿਲ ਬੀ ਤੇਰਾ ਹਮ ਬੀ ਤੇਰੇ' ਨਾਲ ਕੀਤੀ ਸੀ। ਆਪਣੇ ਸ਼ੁਰੂਆਤੀ ਸਾਲਾਂ (1960 ਤੋਂ 1968) ਦੌਰਾਨ ਉਨ੍ਹਾਂ ਨੇ ਜ਼ਿਆਦਾਤਰ ਰੋਮਾਂਟਿਕ ਅਤੇ ਨਰਮ ਕਿਰਦਾਰ ਨਿਭਾਏ।

ਹਾਲਾਂਕਿ, ਉਨ੍ਹਾਂ ਦੀ ਪਛਾਣ 1966 ਵਿੱਚ ਆਈ ਫ਼ਿਲਮ 'ਫੂਲ ਔਰ ਪੱਥਰ' ਨਾਲ ਬਣੀ, ਜਿਸ ਨੇ ਉਨ੍ਹਾਂ ਨੂੰ ਇੱਕ ਐਕਸ਼ਨ ਹੀਰੋ ਅਤੇ ਪ੍ਰਮੁੱਖ ਅਦਾਕਾਰ ਵਜੋਂ ਸਥਾਪਿਤ ਕੀਤਾ। ਇਸ ਫ਼ਿਲਮ ਨੇ ਉਨ੍ਹਾਂ ਨੂੰ ਬੈਸਟ ਐਕਟਰ ਲਈ ਪਹਿਲੀ ਫਿਲਮਫੇਅਰ ਨਾਮਜ਼ਦਗੀ ਵੀ ਦਿਵਾਈ।1970 ਅਤੇ 1980 ਦੇ ਦਹਾਕੇ ਵਿੱਚ, ਧਰਮਿੰਦਰ ਨੇ ਬਾਲੀਵੁੱਡ ਉੱਤੇ ਰਾਜ ਕੀਤਾ। ਉਨ੍ਹਾਂ ਦੀ ਗੱਭਰੂ ਦਿੱਖ, ਬਹੁਪੱਖੀ ਅਦਾਕਾਰੀ ਅਤੇ ਸਕਰੀਨ 'ਤੇ ਮਜ਼ਬੂਤ ਹਾਜ਼ਰੀ ਕਾਰਨ ਉਨ੍ਹਾਂ ਨੂੰ 'ਹੀ-ਮੈਨ' ਅਤੇ 'ਗਰਮ ਧਰਮ' ਵਰਗੇ ਨਾਮ ਮਿਲੇ।

ਧਰਮਿੰਦਰ ਨੇ ਆਪਣੇ 6 ਦਹਾਕਿਆਂ ਤੋਂ ਵੱਧ ਦੇ ਫ਼ਿਲਮੀ ਕਰੀਅਰ ਵਿੱਚ 300 ਤੋਂ ਵੱਧ ਫ਼ਿਲਮਾਂ ਵਿੱਚ ਕੰਮ ਕੀਤਾ ਅਤੇ ਹਿੰਦੀ ਸਿਨੇਮਾ ਦੇ ਇਤਿਹਾਸ ਵਿੱਚ ਇੱਕ ਅਮਿੱਟ ਛਾਪ ਛੱਡੀ।

**ਧਰਮਿੰਦਰ ਦਾ ਨਿੱਜੀ ਜੀਵਨ ਵੀ ਕਾਫ਼ੀ ਚਰਚਾ ਵਿੱਚ ਰਿਹਾ**

ਪਹਿਲਾ ਵਿਆਹ: ਉਨ੍ਹਾਂ ਦਾ ਪਹਿਲਾ ਵਿਆਹ 1954 ਵਿੱਚ, ਜਦੋਂ ਉਹ ਸਿਰਫ਼ 19 ਸਾਲ ਦੇ ਸਨ, ਪ੍ਰਕਾਸ਼ ਕੌਰ ਨਾਲ ਹੋਇਆ। ਇਸ ਵਿਆਹ ਤੋਂ ਉਨ੍ਹਾਂ ਦੇ ਚਾਰ ਬੱਚੇ ਹਨ: ਦੋ ਪੁੱਤਰ, ਜੋ ਕਿ ਸਫਲ ਅਦਾਕਾਰ ਹਨ, ਸੰਨੀ ਦਿਓਲ ਅਤੇ ਬੌਬੀ ਦਿਓਲ, ਅਤੇ ਦੋ ਧੀਆਂ, ਵਿਜੇਤਾ ਤੇ ਅਜੀਤਾ, ਜੋ ਲਾਈਮਲਾਈਟ ਤੋਂ ਦੂਰ ਰਹਿੰਦੀਆਂ ਹਨ।





ਦੂਜਾ ਵਿਆਹ: ਸਾਲ 1980 ਵਿੱਚ ਉਨ੍ਹਾਂ ਨੇ ਬਾਲੀਵੁੱਡ ਦੀ 'ਡ੍ਰੀਮ ਗਰਲ' ਅਦਾਕਾਰਾ ਹੇਮਾ ਮਾਲਿਨੀ ਨਾਲ ਵਿਆਹ ਕੀਤਾ। ਇਸ ਵਿਆਹ ਤੋਂ ਉਨ੍ਹਾਂ ਦੀਆਂ ਦੋ ਧੀਆਂ ਹਨ: ਅਦਾਕਾਰਾ ਏਸ਼ਾ ਦਿਓਲ ਅਤੇ ਅਹਾਨਾ ਦਿਓਲ। ਧਰਮਿੰਦਰ ਦਾ ਪੂਰਾ ਪਰਿਵਾਰ ਫ਼ਿਲਮ ਜਗਤ ਵਿੱਚ ਸਰਗਰਮ ਰਿਹਾ ਹੈ ਅਤੇ ਦਿਓਲ ਪਰਿਵਾਰ ਨੂੰ ਬਾਲੀਵੁੱਡ ਦੇ ਸਭ ਤੋਂ ਮਸ਼ਹੂਰ ਪਰਿਵਾਰਾਂ ਵਿੱਚ ਗਿਣਿਆ ਜਾਂਦਾ ਹੈ।

**ਬਾਲੀਵੁੱਡ ਵਿੱਚ ਧਰਮਿੰਦਰ ਦਾ ਸ਼ਾਨਦਾਰ ਯੋਗਦਾਨ**

ਧਰਮਿੰਦਰ ਨੂੰ ਭਾਰਤੀ ਸਿਨੇਮਾ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਕਈ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਹੈ:

ਫਿਲਮਫੇਅਰ ਲਾਈਫਟਾਈਮ ਅਚੀਵਮੈਂਟ ਅਵਾਰਡ (1997), ਪਦਮ ਭੂਸ਼ਣ (2012): ਭਾਰਤ ਸਰਕਾਰ ਦੁਆਰਾ ਦਿੱਤਾ ਜਾਣ ਵਾਲਾ ਤੀਜਾ ਸਭ ਤੋਂ ਵੱਡਾ ਨਾਗਰਿਕ ਸਨਮਾਨ ਹੈ।

ਇੱਕ ਅਦਾਕਾਰ ਹੋਣ ਦੇ ਨਾਲ-ਨਾਲ **Dharmendra Deol** ਨੇ ਰਾਜਨੀਤੀ ਵਿੱਚ ਵੀ ਹੱਥ ਅਜ਼ਮਾਇਆ। ਉਹ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਮੈਂਬਰ ਵਜੋਂ ਰਾਜਸਥਾਨ ਦੇ ਬੀਕਾਨੇਰ ਹਲਕੇ ਤੋਂ 14ਵੀਂ ਲੋਕ ਸਭਾ (2004-2009) ਦੇ ਮੈਂਬਰ ਰਹੇ। ਉਨ੍ਹਾਂ ਦਾ ਜੀਵਨ ਸੰਘਰਸ਼, ਪ੍ਰਤਿਭਾ ਅਤੇ ਸਫਲਤਾ ਦੀ ਇੱਕ ਅਜਿਹੀ ਕਹਾਣੀ ਹੈ, ਜਿਸ ਨੇ ਉਨ੍ਹਾਂ ਨੂੰ ਸੱਚਮੁੱਚ ਹਿੰਦੀ ਸਿਨੇਮਾ ਦਾ ਅਮਰ 'ਹੀ-ਮੈਨ' ਬਣਾ ਦਿੱਤਾ ਹੈ।

**ਬਾਲੀਵੁੱਡ ਅਦਾਕਾਰ ਧਰਮਿੰਦਰ ਦੀ ਫਗਵਾੜਾ ਤੇ ਸਾਹਨੇਵਾਲ ਨਾਲ ਖ਼ਾਸ ਸਾਂਝ**

ਲੁਧਿਆਣਾ ਦੇ ਨੇੜੇ ਸਾਹਨੇਵਾਲ ਵਿੱਚ ਜਨਮੇ ਧਰਮਿੰਦਰ ਨੇ ਆਪਣੇ ਸ਼ੁਰੂਆਤੀ ਸਾਲ ਫਗਵਾੜਾ ਵਿੱਚ ਬਿਤਾਏ, ਜਿੱਥੇ ਉਨ੍ਹਾਂ ਦੇ ਪਿਤਾ ਮਾਸਟਰ ਕੇਵਲ ਕ੍ਰਿਸ਼ਨ ਚੌਧਰੀ ਆਰੀਆ ਹਾਈ ਸਕੂਲ ਵਿੱਚ ਗਣਿਤ ਅਤੇ ਸਮਾਜਿਕ ਅਧਿਐਨ ਦੇ ਇੱਕ ਸਤਿਕਾਰਤ ਅਧਿਆਪਕ ਵਜੋਂ ਸੇਵਾ ਕਰਦੇ ਸਨ। ਨੌਜਵਾਨ ਧਰਮਿੰਦਰ ਨੇ 1950 ਵਿੱਚ ਆਰੀਆ ਹਾਈ ਸਕੂਲ ਤੋਂ ਆਪਣੀ ਮੈਟ੍ਰਿਕ ਪੂਰੀ ਕੀਤੀ। ਉਸ ਸਮੇਂ ਉਨ੍ਹਾਂ ਦੇ ਜਮਾਤੀ ਉਨ੍ਹਾਂ ਨੂੰ ਵੱਡੇ ਸੁਪਨਿਆਂ ਅਤੇ ਨਿਮਰ ਸੁਭਾਅ ਵਾਲੇ ਇੱਕ ਸਾਦੇ, ਚੰਗੇ ਸੁਭਾਅ ਵਾਲੇ ਮੁੰਡੇ ਵਜੋਂ ਯਾਦ ਕਰਦੇ ਹਨ।

ਦੱਸ ਦਈਏ ਕਿ ਧਰਮਿੰਦਰ ਸਿੰਘ ਦਿਓਲ ਦਾ ਜਨਮ 8 ਦਸੰਬਰ 1935 ਨੂੰ ਪੰਜਾਬ (ਉਦੋਂ ਬ੍ਰਿਟਿਸ਼ ਭਾਰਤ) ਦੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਨਸਰਾਲੀ ਵਿਖੇ ਇੱਕ ਜੱਟ ਪਰਿਵਾਰ ਵਿੱਚ ਹੋਇਆ ਸੀ। ਉਨ੍ਹਾਂ ਦੇ ਪਿਤਾ ਕੇਵਲ ਕ੍ਰਿਸ਼ਨ ਦਿਓਲ ਪਿੰਡ ਦੇ ਸਕੂਲ ਵਿੱਚ ਹੈੱਡਮਾਸਟਰ ਸਨ। ਧਰਮਿੰਦਰ ਦਾ ਬਚਪਨ ਸਾਹਨੇਵਾਲ ਪਿੰਡ ਵਿੱਚ ਬੀਤਿਆ ਅਤੇ ਉਨ੍ਹਾਂ ਨੇ ਆਪਣੀ ਇੰਟਰਮੀਡੀਏਟ ਦੀ ਪੜ੍ਹਾਈ ਫਗਵਾੜਾ ਦੇ ਰਾਮਗੜ੍ਹੀਆ ਕਾਲਜ ਤੋਂ 1952 ਵਿੱਚ ਪੂਰੀ ਕੀਤੀ। ਬਚਪਨ ਤੋਂ ਹੀ ਧਰਮਿੰਦਰ ਦਿਓਲ ਦਾ ਝੁਕਾਅ ਫ਼ਿਲਮਾਂ ਵੱਲ ਸੀ। ਕਿੱਸਾ ਹੈ ਕਿ ਉਹ ਫ਼ਿਲਮਾਂ ਦੇਖਣ ਲਈ ਕਈ ਮੀਲ ਪੈਦਲ ਜਾਂਦੇ ਸਨ। ਸਿਨੇਮਾ ਲਈ ਉਨ੍ਹਾਂ ਦਾ ਇਹ ਜਨੂੰਨ ਉਨ੍ਹਾਂ ਨੂੰ ਮੁੰਬਈ ਲੈ ਗਿਆ।

# ਭਾਰਤੀ ਸਿਨੇਮਾ ਦੇ ਇਕ ਯੁੱਗ ਦਾ ਅੰਤ ਹੋਇਆ: ਮੋਦੀ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬੌਲੀਵੁੱਡ ਦੇ ਸੁਪਰਸਟਾਰ ਅਦਾਕਾਰ ਧਰਮਿੰਦਰ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਦੇਹਾਂਤ ਨਾਲ ਭਾਰਤੀ ਸਿਨੇਮਾ ਵਿਚ ਇਕ ਯੁੱਗ ਦਾ ਅੰਤ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਧਰਮਿੰਦਰ ਨੇ ਅਦਾਕਾਰੀ ਜ਼ਰੀਏ ਲੋਕਾਂ ਦੇ ਦਿਲਾਂ 'ਤੇ ਰਾਜ਼ ਕੀਤਾ। ਉਨ੍ਹਾਂ ਆਪਣੀ ਸਾਦਗੀ, ਨਿਮਰਤਾ ਅਤੇ ਦਿਆਲਤਾ ਨਾਲ ਲੋਕਾਂ ਦੇ ਦਿਲਾਂ ਵਿਚ ਥਾਂ ਬਣਾਈ।

ਦੂਜੇ ਪਾਸੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਬੌਲੀਵੁੱਡ ਦੇ ਮਹਾਨ ਅਦਾਕਾਰ ਧਰਮਿੰਦਰ ਦੇ ਦੇਹਾਂਤ ਉਤੇ ਦੁੱਖ ਪ੍ਰਗਟ ਕਰਦਿਆਂ ਸੋਸ਼ਲ ਮੀਡੀਆ ਉਤੇ ਇਕ ਪੋਸਟ ਸਾਂਝੀ ਕੀਤੀ, 'ਪ੍ਰਸਿੱਧ ਅਦਾਕਾਰ ਅਤੇ ਸਾਬਕਾ ਸੰਸਦ ਮੈਂਬਰ ਧਰਮਿੰਦਰ ਜੀ ਦਾ ਦੇਹਾਂਤ ਭਾਰਤੀ ਸਿਨੇਮਾ ਲਈ ਇਕ ਵੱਡਾ ਘਾਟਾ ਹੈ। ਉਨ੍ਹਾਂ ਨੇ ਬੌਲੀਵੁੱਡ ਵਿਚ ਦਹਾਕਿਆਂ ਤੱਕ ਸ਼ਾਨਦਾਰ ਕਰੀਅਰ ਰਿਹਾ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਧਰਮਿੰਦਰ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕਰਦਿਆਂ ਇਸ ਨੂੰ ਭਾਰਤੀ ਫਿਲਮ ਜਗਤ ਲਈ ਨਾ ਪੂਰਾ ਹੋਣ ਵਾਲਾ ਘਾਟਾ ਕਰਾਰ ਦਿੱਤਾ। ਉਨ੍ਹਾਂ ਸੋਸ਼ਲ ਮੀਡੀਆ 'ਤੇ ਪੋਸਟ ਕਰ ਕੇ ਕਿਹਾ ਕਿ ਇਕ ਆਮ ਪਰਿਵਾਰ ਤੋਂ ਹੋਣ ਕਰਕੇ ਧਰਮਿੰਦਰ ਨੇ ਫਿਲਮ ਉਦਯੋਗ ਵਿਚ ਵੱਖਰੀ ਪਛਾਣ ਬਣਾਈ। ਧਰਮਿੰਦਰ ਉਨ੍ਹਾਂ ਵਿਲੱਖਣ ਅਦਾਕਾਰਾਂ ਵਿਚੋਂ ਇੱਕ ਸਨ ਜਿਨ੍ਹਾਂ ਨੇ ਆਪਣੇ ਹਰ ਕਿਰਦਾਰ ਨੂੰ ਜੀਵਨ ਵਿਚ ਲਿਆਂਦਾ ਅਤੇ ਇਸ ਕਲਾ ਰਾਹੀਂ ਉਨ੍ਹਾਂ ਨੇ ਹਰ ਉਮਰ ਵਰਗ ਦੇ ਲੱਖਾਂ ਦਰਸ਼ਕਾਂ ਦੇ ਦਿਲ ਜਿੱਤੇ। ਉਨ੍ਹਾਂ ਅਦਾਕਾਰ ਨੂੰ ਸਦਾਬਹਾਰ ਹੀਰੋ ਦੱਸਦਿਆਂ ਸ਼ਰਧਾਂਜਲੀ ਦਿੱਤੀ।

## ਧਰਮਿੰਦਰ ਦੇ ਦੇਹਾਂਤ 'ਤੇ ਗਮਗੀਨ ਹੋਏ ਡਾਂਗੋ, ਨਸਰਾਲੀ ਤੇ ਬਨਭੌਰਾ ਪਿੰਡ ਦੇ ਵਾਸੀ

ਜ਼ਿਲ੍ਹਾ ਲੁਧਿਆਣਾ ਤੇ ਮਾਲੇਰਕੋਟਲਾ ਅਧੀਨ ਪੈਂਦੇ ਇਸ ਇਲਾਕੇ ਦੇ ਲੋਕਾਂ ਨੂੰ ਜਿੱਥੇ ਬੌਲੀਵੁੱਡ ਅਦਾਕਾਰ ਧਰਮਿੰਦਰ ਦੀ ਮੌਤ ਦਾ ਅਫਸੋਸ ਹੈ ਉੱਥੇ ਇਸ ਗੱਲ ਦਾ ਵੀ ਝੋਰਾ ਹੈ ਕਿ ਅੱਠ ਦਸੰਬਰ ਨੂੰ 90ਵੇਂ ਜਨਮਦਿਨ ਮੌਕੇ ਉਨ੍ਹਾਂ ਦੀ ਪਸੰਦ ਸਰ੍ਹੋਂ ਦੇ ਸਾਗ ਨਾਲ ਮੱਕੀ ਦੀ ਰੋਟੀ ਖੁਆਉਣ ਦੀ ਇੱਛਾ ਵੀ ਅਧੂਰੀ ਰਹਿ ਗਈ। ਇਤਫਾਕ ਦੀ ਗੱਲ ਹੈ ਕਿ ਧਰਮਿੰਦਰ ਦੀ ਜਨਮਭੂਮੀ ਪਿੰਡ ਨਸਰਾਲੀ, ਜੱਦੀ ਪਿੰਡ ਡਾਂਗੋਂ ਅਤੇ ਸਹੁਰਾ ਪਿੰਡ ਬਨਭੌਰਾ ਮਾਲਵੇ ਦੇ ਇਸ ਖੇਤਰ ਵਿੱਚ ਇੱਕੋ ਕਤਾਰ ਵਿੱਚ ਹਨ। ਡਾਂਗੋਂ ਨਿਵਾਸੀ ਤੇ ਸਮਾਜਿਕ ਆਗੂ ਕੁਲਵਿੰਦਰ ਸਿੰਘ ਡਾਂਗੋਂ ਨੇ ਕਿਹਾ ਕਿ ਧਰਮਿੰਦਰ ਦੇ ਪ੍ਰਸ਼ੰਸਕਾਂ ਨੂੰ ਇਸ ਗੱਲ ਦਾ ਬੇਹੱਦ ਅਫਸੋਸ ਹੋਇਆ ਕਿ ਪਰਮਾਤਮਾ ਨੇ ਉਨ੍ਹਾਂ ਨੂੰ 90ਵੇਂ ਜਨਮਦਿਨ ਤੋਂ ਪਹਿਲਾਂ ਹੀ ਆਪਣੇ ਕੋਲ ਬੁਲਾ ਲਿਆ ਜਦੋਂ ਕਿ ਉਨ੍ਹਾਂ ਨੇ ਸਾਗ ਤੇ ਮੱਕੀ ਦੀ ਰੋਟੀ ਲੈ ਕੇ ਜਨਮਦਿਨ ਮਨਾਉਣ ਲਈ ਮੁੰਬਈ ਜਾਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਸੀ।

ਜਦੋਂ ਦਿਓਲ ਪਰਿਵਾਰ ਵੱਲੋਂ ਅਗਲੇ ਮਹੀਨੇ ਧਰਮਿੰਦਰ ਦੀ ਸਿਹਤਯਾਬੀ ਤੋਂ ਬਾਅਦ ਉਨ੍ਹਾਂ ਦਾ 90ਵਾਂ ਜਨਮਦਿਨ ਮਨਾਉਣ ਦੀ ਤਿਆਰੀ ਬਾਰੇ ਪਤਾ ਲੱਗਿਆ ਸੀ ਤਾਂ ਕੁਲਵਿੰਦਰ ਹੋਰਾਂ ਨੂੰ ਅਦਾਕਾਰ ਦੀ ਉਹ ਖਾਹਿਸ਼ ਯਾਦ ਆ ਗਈ ਸੀ ਜੋ ਉਨ੍ਹਾਂ ਨੇ ਕਈ ਸਾਲ ਪਹਿਲਾਂ ਚੰਡੀਗੜ੍ਹ ਦੇ ਇੱਕ ਹੋਟਲ ਵਿੱਚ ਜ਼ਾਹਿਰ ਕੀਤੀ ਸੀ। ਧਰਮਿੰਦਰ ਨੇ ਉਦੋਂ 'ਜੁਗਾੜੂ ਰੇਹੜੀ' ਦੀ ਸਵਾਰੀ ਕਰਨ ਦੇ-ਨਾਲ ਕਿਸੇ ਵੇਲੇ ਆਪਣੇ ਪਿੰਡ ਦੇ ਚੁੱਲ੍ਹੇ ਕੋਲ ਬੈਠ ਕੇ ਸਰ੍ਹੋਂ ਦਾ ਸਾਗ ਅਤੇ ਮੱਕੀ ਦੀ ਰੋਟੀ ਦਾ ਆਨੰਦ ਲੈਣ ਦੀ ਇੱਛਾ ਪ੍ਰਗਟਾਈ ਸੀ।

ਡਾਂਗੋਂ ਪਿੰਡ ਦੇ ਐਡਵੋਕੇਟ ਗੁਰਿੰਦਰ ਸਿੰਘ ਲਾਲੀ ਨੂੰ ਵੀ ਇਸ ਗੱਲ ਦਾ ਅਫਸੋਸ ਹੈ ਕਿ ਇੱਕ ਦਹਾਕੇ ਤੋਂ ਪਹਿਲਾਂ ਧਰਮਿੰਦਰ ਵੱਲੋਂ ਆਪਣੇ ਪਿਤਾ ਦੀ ਯਾਦ ਵਿੱਚ ਕੋਈ ਵਿਦਿਅਕ ਅਦਾਰਾ ਖੋਲ੍ਹਣ ਦੀ ਖਾਹਿਸ਼ ਵੀ ਅਧੂਰੀ ਰਹਿ ਗਈ ਸੀ।

BUY I SELL I INVEST
TEAM GILL



Amarjit Sangha
Sales Representative
905-874-9600
Shamsher Gill
Sales Representative
905-744-4400
Simrat Grewal
Sales Representative
416-414-2878
DIR.: 905-744-4400
FREE MARKET EVALUATION OF YOUR PROPERTY
* ਨਵਾਂ ਘਰ ਦੇਖ ਰਹੇ ਹੋ ਜਾਂ ਇੰਨਵੈਸਟਮੈਂਟ ਪ੍ਰੌਪਰਟੀ ਦੀ ਭਾਲ ਵਿੱਚ ਹੋ?
* ਕਿਸੇ ਤਰ੍ਹਾਂ ਦਾ ਬਿਜ਼ਨਸ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
* ਭਰੋਸੇਯੋਗ, ਇਮਾਨਦਾਰ ਅਤੇ ਤਜਰਬੇਕਾਰ Real Estate Team ਲੱਭ ਰਹੇ ਹੋ?
WE CAN HELP YOU FIND YOUR DREAM PROPERTY IN
GTA & WATERLOO REGION:
Mississauga, Brampton, Caledon,
Cambridge, Kitchener, Waterloo & Guelph Area
ROYAL LEPAGE
Flower City Realty Inc.
INCOME GENERATING INVESTMENT PROPERTIES

ACCESS PERSONNEL RESOURCES INC.
TEMPORARY STAFFING AGENCY
WE ARE HIRING
Join Our Team



OPEN POSITION
General Labour
Forklift Operators
Sanitation Workers
Machine Operators
Mixers/Bakers
Shippers/Receivers
REQUIREMENTS:
The person should be fluent in english, able to work long hours.
The person should be able to work full time with valid work permit or PR holders
APPLY NOW
Shift Available
Morning
Afternoon
Night
Send your resume
disptach.accesspersonnel@gmail.com
Contact: 416-675-2288

-28 ਨਵੰਬਰ ਨੂੰ ਜੋਤੀ ਜੋਤ ਸਮਾਉਣ ਦਿਵਸ 'ਤੇ ਵਿਸ਼ੇਸ਼-

# ਗੁਰੂ ਨਾਨਕ ਦੇ ਸ਼ਬਦਾਂ ਨੂੰ ਸੰਗੀਤ ਦੇਣ ਵਾਲੇ ਰਬਾਬੀ ਭਾਈ ਮਰਦਾਨਾ ਜੀ



ਜਗਤ ਗੁਰੂ ਬਾਬਾ ਨਾਨਕ ਜੀ ਨੇ ਸ਼ਬਦ ਰਾਹੀਂ ਜਗਤ ਨੂੰ ਤਾਰਿਆ ਸੀ, ਸ਼ਬਦ ਰਾਹੀਂ ਆਪਣਾ ਵਿਲੱਖਣ ਫਲਸਫਾ ਦਿੱਤਾ ਸੀ ਅਤੇ ਸ਼ਬਦ ਰਾਹੀਂ ਹੀ ਨਿਰਗੁਣਿਆਰਿਆ ਨੂੰ ਗੁਣਵਾਨ ਬਣਾਇਆ ਸੀ। ਇਹ ਬਾਬੇ ਦੇ ਸ਼ਬਦ ਦੀ ਚੋਟ ਹੀ ਸੀ ਜਿਸ ਨੇ ਕੌਡੇ ਰਾਖਸ਼, ਵਲੀ ਕੰਧਾਰੀ, ਸੱਜਣ ਠੱਗ ਅਤੇ ਹੋਰ ਲੱਖਾਂ ਦੇ ਜੀਵਨ ਵਿੱਚ ਵੱਡਾ ਇਨਕਲਾਬ ਲੈ ਆਂਦਾ ਸੀ। ਸੰਗੀਤ ਵਿੱਚ ਡੁੱਬਾ ਹੋਇਆ ਸ਼ਬਦ ਜਿਸ ਵੀ ਹਿਰਦੇ ਤੇ ਪੈਂਦਾ ਸੀ, ਉਹ ਗੁਰੂ ਨਾਨਕ ਦਾ ਹੀ ਹੋ ਕੇ ਰਹਿ ਜਾਂਦਾ ਸੀ। ਇਸ ਸ਼ਬਦ ਨੂੰ ਸੰਗੀਤਬੱਧ ਕਰਨ ਵਾਲੇ ਰਬਾਬੀ ਭਾਈ ਮਰਦਾਨਾ ਜੀ ਦਾ ਵੀ ਇਹ ਇਨਕਲਾਬ ਲਿਆਉਣ ਵਿੱਚ ਬਰਾਬਰ ਦਾ ਯੋਗਦਾਨ ਹੈ। ਕਿਹਾ ਜਾਂਦਾ ਏ ਕਿ ਬਾਬਾ ਨਾਨਕ ਆਖਦਾ ਸੀ, ਮਰਦਾਨਿਆ ਰਬਾਬ ਵਜਾ, ਬਾਣੀ ਆਈ ਏ। ਇਹ ਸਰਗਮ ਅਤੇ ਕਾਵਿ ਦਾ ਅਨੂਠਾ ਮੇਲ ਸੀ, ਜਿਸ ਨੇ ਕਰਾਮਾਤ ਕਹੀਆਂ ਜਾ ਸਕਣ ਵਾਲੀਆਂ ਘਟਨਾਵਾਂ ਨੂੰ ਜਨਮ ਦਿੱਤਾ।

ਭਾਈ ਮਰਦਾਨੇ ਦਾ ਬਾਬੇ ਨਾਨਕ ਦਾ ਪੱਕਾ ਸਾਥੀ ਬਣ ਜਾਣਾ ਆਪਣੇ ਆਪ ਵਿੱਚ ਇੱਕ ਵੱਡੀ ਕਰਾਮਾਤ ਸੀ। ਉਸ ਸਮੇ ਜਦੋ ਜਾਤ-ਪਾਤ ਅਤੇ ਛੂਤ-ਛਾਤ ਪੂਰੇ ਜੋਬਨ ਵਿੱਚ ਸੀ, ਉਦੋਂ ਨੀਵੀਂ ਜਾਤ ਵਜੋਂ ਜਾਣੀ ਜਾਂਦੀ ਮਰਾਸੀ ਜਾਤ ਨਾਲ ਸੰਬੰਧ ਰੱਖਣ ਵਾਲੇ ਮਰਦਾਨੇ ਨੂੰ ਸਦਾ ਆਪਣੇ ਨਾਲ ਰੱਖਣਾ, ਗੁਰੂ ਨਾਨਕ ਦੀ ਬਾਣੀ ਵਿੱਚ ਦੱਸਿਆ ਸਿਧਾਂਤ ਅਮਲੀ ਤੌਰ ਤੇ ਜੀਊ ਕੇ ਦਿਖਾਉਣ ਦਾ ਸਬੱਬ ਸੀ। ਨਾਨਕ ਬਾਣੀ ਵਿੱਚ ਸਾਫ ਲਿਖਿਆ ਏ---

'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥'........(ਪੰਨਾ 15, ਸਿਰੀ ਰਾਗੁ ਮਹਲਾ 1)

ਅਤੇ ਸੱਚਮੁੱਚ ਨਦਰਿ ਹੋਈ ਵੀ !! ਭਾਈ ਮਰਦਾਨਾ ਜੀ ਦਾ ਜਨਮ ਰਾਇ ਭੋਇ ਦੀ ਤਲਵੰਡੀ ਵਿਖੇ ਹੀ ਪਿਤਾ ਮੀਰ ਬਾਦਰੇ ਦੇ ਘਰ ਮਾਤਾ ਲੱਖੋ ਦੀ ਕੁੱਖੋਂ 1459 ਈਸਵੀ ਨੂੰ ਹੋਇਆ। ਆਪ ਜੀ ਦੇ ਪਿਤਾ ਜੀ ਡੂਮਾਂ ਵਾਲਾ ਖਾਨਦਾਨੀ ਕਿੱਤਾ ਕਰਦੇ ਸਨ, ਜਿਸ ਵਿੱਚ ਜਿੱਥੇ ਲੋਕਾਂ ਦੇ ਘਰ ਸੁਨੇਹੇ ਆਦਿ ਦੇਣ ਦਾ ਕੰਮ ਵੀ ਹੁੰਦਾ ਸੀ ਉੱਥੇ ਲੋਕਾਂ ਦੇ ਮਨੋਰੰਜਨ ਲਈ ਗਾਉਣਾ ਵੀ ਸ਼ਾਮਲ ਸੀ। ਕਿਹਾ ਜਾਂਦਾ ਏ ਕਿ ਮਾਤਾ ਲੱਖੋ ਦੇ ਛੇ ਬੱਚੇ ਹੋ ਕੇ ਮਰ ਗਏ ਸਨ ਅਤੇ ਇਹ ਸੱਤਵਾਂ ਬੱਚਾ ਸੀ, ਜਿਸ ਦਾ ਨਾਮ ਮਾਤਾ ਨੇ 'ਮਰ ਜਾਣਾ' ਰੱਖਿਆ ਹੋਇਆ ਸੀ। ਉਸ ਨੂੰ ਇਸ ਦੇ ਵੀ ਛੇਤੀ ਮਰਜਾਣ ਦਾ ਡਰ ਸੀ। ਮਰਦਾਨੇ ਨੂੰ ਨਿੱਕੇ ਹੁੰਦੇ ਤੋਂ ਹੀ ਗਾਉਣ ਵਜਾਉਣ ਦਾ ਸ਼ੌਕ ਸੀ ਅਤੇ ਜਦੋਂ 1480 ਈਸਵੀ ਚ ਉਸ ਦੀ ਰਬਾਬ ਦੀ ਟੁਣਕਾਰ ਬਾਬੇ ਨਾਨਕ ਦੇ ਕੰਨਾਂ ਵਿੱਚ ਪਈ, ਬਾਬਾ ਮੋਹਿਆ ਗਿਆ ਅਤੇ ਮਰਦਾਨੇ ਨੂੰ ਸਦਾ ਲਈ ਆਪਣਾ ਸਾਥੀ ਬਣਾ ਲਿਆ। ਬਾਬਾ ਜੀ ਨੇ 'ਮਰ ਜਾਣਾ' ਦੀ ਥਾਂ 'ਮਰਦਾ ਨਾ' ਆਖਿਆ ਅਤੇ ਉਸ ਦਾ ਨਾਂ ਮਰਦਾਨਾ ਪ੍ਰਸਿੱਧ ਹੋਇਆ। ਦੋਵਾਂ ਦੀ ਪ੍ਰੀਤ ਗੂੜ੍ਹੀ ਹੁੰਦੀ ਗਈ। ਕੁਝ ਸਮਾਂ ਦੋਵੇਂ ਤਲਵੰਡੀ ਵਿਖੇ ਹੀ ਸਤਿ ਕਰਤਾਰ ਦੀ ਉਸਤਤ ਵਿੱਚ ਗੀਤ ਗਾਉਂਦੇ ਰਹੇ।

1487 ਈ ਚ ਬਾਬੇ ਨਾਨਕ ਦਾ ਵਿਆਹ ਹੋ ਗਿਆ ਅਤੇ ਉਪਰੰਤ ਪਿਤਾ ਕਾਲੂ ਨੇ ਕੰਮ ਵਿਚ ਪਾਉਣ ਲਈ ਗੁਰੂ ਨਾਨਕ ਨੂੰ ਭੈਣ ਕੋਲ ਸੁਲਤਾਨਪੁਰ ਲੋਧੀ ਭੇਜ ਦਿੱਤਾ। ਇੱਕ ਵਾਰੀ ਤਾਂ ਦੋ ਦੋਸਤਾਂ ਵਿੱਚ ਵਿਛੋੜਾ ਪੈ ਗਿਆ, ਪਰ ਜਲਦੀ ਹੀ ਮਰਦਾਨੇ ਨੂੰ ਨਾਨਕ ਦੀ ਖਬਰਸਾਰ ਲੈ ਆਉਣ ਲਈ ਮਹਿਤਾ ਕਾਲੂ ਨੇ ਤਲਵੰਡੀ ਘੱਲ ਦਿੱਤਾ। ਫੇਰ ਤਾਂ ਮਰਦਾਨਾ ਪੱਕਾ ਹੀ ਨਾਨਕ ਦਾ ਸਾਥੀ ਬਣ ਗਿਆ ਅਤੇ ਉਸਦੀ ਰਬਾਬ ਦਾ ਸੰਗੀਤ ਨਾਨਕ ਦੇ ਸ਼ਬਦਾਂ ਦਾ ਆਧਾਰ ਬਣਿਆ। ਬਾਬੇ ਨਾਨਕ ਨੇ ਵੱਖ ਵੱਖ ਦਿਸ਼ਾਵਾਂ ਵਿੱਚ ਚਾਰ ਉਦਾਸੀਆਂ ਕੀਤੀਆਂ ਅਤੇ ਜੰਗਲ ਬੇਲਿਆਂ ਵਿੱਚ, ਰੇਗਿਸਤਾਨਾਂ ਵਿੱਚ, ਪਿੰਡਾਂ ਸ਼ਹਿਰਾਂ ਵਿੱਚ, ਸੰਤਾਂ ਅਤੇ ਠੱਗਾਂ ਨਾਲ ਮੁਲਾਕਾਤਾਂ ਸਮੇ ਭਾਈ ਮਰਦਾਨਾ ਜੀ ਹਮੇਸ਼ਾ ਬਾਬੇ ਨਾਨਕ ਦੇ ਨਾਲ ਸਨ ਅਤੇ ਬਾਬੇ ਦੇ ਸ਼ਬਦ ਨੇ ਰਬਾਬ ਦੇ ਸੰਗੀਤ ਵਿਚੋਂ ਹੋ ਕੇ ਹੀ ਤਪਦੇ ਹਿਰਦਿਆਂ ਨੂੰ ਠਾਰਿਆ। ਜਨਮ ਸਾਖੀਆਂ ਦੇ ਲੇਖਕਾਂ ਨੇ ਭਾਈ ਮਰਦਾਨੇ ਨੂੰ ਭੁੱਖ ਦਾ ਸਤਾਇਆ ਹੋਇਆ ਲਿਖਿਆ ਹੈ, ਭਾਵੇ ਇਹ ਉਹਨਾਂ ਨੇ ਨਾਨਕ ਦੇ ਨਾਲ ਵਾਪਰੀਆਂ ਘਟਨਾਵਾਂ ਦਾ ਆਧਾਰ ਬਣਾਉਣ ਲਈ ਇਸ ਦੀ ਨਾਟਕੀ ਕਲਪਨਾ ਹੀ ਕੀਤੀ ਹੋਵੇ। ਕਿਉਂਕਿ ਇਹ ਗੱਲ ਹੈਰਾਨੀ ਵਾਲੀ ਹੈ ਕਿ ਲੱਗਭੱਗ 50 ਸਾਲ ਤੋਂ ਵੀ ਵੱਧ ਸਮਾਂ ਜਿਸ ਨੇ ਨਾਨਕ ਅਤੇ ਨਾਨਕ ਬਾਣੀ ਦਾ ਸਾਥ ਧੁਰ ਹਿਰਦੇ ਤੋਂ, ਰੂਹ ਤੋਂ ਮਾਣਿਆ ਹੋਵੇ ਉਸ ਨੂੰ ਦੁਨਿਆਵੀ ਭੁੱਖ ਤੰਗ ਕਰੇ, ਯਕੀਨ ਕਰਨਾ ਮੁਸ਼ਕਿਲ ਹੈ। ਭਾਵੇ ਮਰਦਾਨਾ ਜੀ ਉਮਰ ਵਿੱਚ ਬਾਬੇ ਤੋਂ 10 ਸਾਲ ਵੱਡੇ ਸਨ, ਪਰ ਉਹਨਾਂ ਦੀ ਨਿਮਰਤਾ ਨੇ ਉਹਨਾਂ ਨੂੰ ਸਦਾ ਹੀ ਗੁਰ- ਚਰਨਾਂ ਦਾ ਭੌਰਾ ਬਣਾਈ ਰੱਖਿਆ। ਮਰਦਾਨਾ ਜੀ ਦਾ ਵਿਆਹ ਕਦੋ ਹੋਇਆ, ਇਤਿਹਾਸ ਵਿਚ ਕੋਈ ਸਰੋਤ ਨਹੀਂ ਮਿਲਦਾ, ਪਰ ਉਹਨਾਂ ਦੇ ਦੋ ਪੁੱਤਰਾਂ ਰਜਾਦਾ ਅਤੇ ਸਜਾਦਾ ਦਾ ਜਿਕਰ ਜਰੂਰ ਆਉਂਦਾ ਏ, ਜਿਹਨਾਂ ਵਿਚੋਂ ਸਜਾਦਾ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿੱਚ ਕੀਰਤਨ ਕਰਦਾ ਸੀ।

ਭਾਈ ਮਰਦਾਨੇ ਦਾ ਗੁਰੂ ਨਾਨਕ ਨਾਲ ਕਿੰਨਾ ਜਿਆਦਾ ਪ੍ਰੇਮ ਸੀ ਇੱਕ ਛੋਟੀ ਜਿਹੀ ਘਟਨਾ ਤੋਂ ਅੰਦਾਜਾ ਲੱਗ ਸਕਦਾ ਹੈ। ਕਹਿੰਦੇ ਮਰਦਾਨਾ ਜੀ ਨੇ ਬਾਬੇ ਨੂੰ ਪੂਰੀ ਅਪਣੱਤ ਨਾਲ ਆਖਿਆ ਸੀ-- ਬਹੁਤਾ ਮਾਣ ਨਾ ਕਰੀਂ ਬਾਬਾ, ਤੇਰੇ ਤੇ ਮੇਰੇ ਵਿੱਚ ਬਹੁਤਾ ਫਰਕ ਨਹੀਂ। ਤੂ ਰੱਬ ਦਾ ਡੂਮ ਤੇ ਮੈਂ ਤੇਰਾ ਡੂਮ। ਤੇ ਬਾਬੇ ਨੇ ਕਦੀ ਮਾਣ ਕੀਤਾ ਵੀ ਨਹੀਂ ਸੀ। ਮਰਦਾਨੇ ਨੂੰ ਅੰਤਮ ਸਮਾਂ ਆਉਣ ਤੋਂ ਪਹਿਲਾਂ ਬਾਬੇ ਨੇ ਪਰਖਣ ਦੇ ਲਹਿਜੇ ਵਿੱਚ ਪੁੱਛਿਆ ਕਿ ਜੇ ਤੂੰ ਆਖੇਂ ਤੇਰੇ ਮਰਨ ਪਿੱਛੋਂ ਤੇਰੀ ਸਮਾਧ ਬਣਵਾ ਦੇਈਏ। ਮਰਦਾਨੇ ਹੱਥ ਜੋੜ ਕੇ ਕਿਹਾ, ਬਾਬਾ ਤੇਰੇ ਨਾਲ ਰਹਿ ਕੇ ਇਹੀ ਤਾਂ ਸਿੱਖਿਆ ਹੈ। ਇੱਕ ਕਬਰ ਚੋਂ ਕੱਢ ਕੇ ਦੂਜੀ ਵਿੱਚ ਕਿਉ ਪਾਉਣਾ ਏ ??? ਬਾਬੇ ਨਾਨਕ ਨੇ ਖੁਸ਼ ਹੋ ਕੇ ਉਸਨੂੰ ਬ੍ਰਹਮ-ਗਿਆਨੀ ਹੋਣ ਦੀ ਉਪਾਧੀ ਦਿੱਤੀ।

ਭਾਈ ਸਾਹਿਬ ਦੇ ਦਿਹਾਂਤ ਬਾਰੇ ਵਿਦਵਾਨਾਂ ਵਿੱਚ ਮੱਤਭੇਦ ਹੈ। ਕੁਝ 1534 ਈਸਵੀ ਨੂੰ ਦੱਸਦੇ ਹਨ, ਤੇ ਕੁਝ 1538 ਈ ਵਿੱਚ ਇਸੇ ਤਰਾਂ ਇੱਕ ਵਿਚਾਰ ਵਿੱਚ ਭਾਈ ਸਾਹਿਬ ਨੇ ਆਪਣਾ ਸਰੀਰ ਅਫਗਾਨਿਸਤਾਨ ਵਿੱਚ ਕੁਰਮ ਨਦੀ ਦੇ ਕੰਢੇ ਕੁਰਮ ਨਗਰ ਵਿੱਚ ਛੱਡਿਆ, ਜਦ ਕਿ ਦੂਜੇ ਵਿਚਾਰ ਵਿੱਚ ਉਹਨਾਂ ਨੇ ਕਰਤਾਰਪੁਰ ਸਾਹਿਬ ਦੇਹ ਤਿਆਗੀ। ਇਹ ਸਾਰੇ ਵਿਦਵਾਨ ਮੰਨਦੇ ਹਨ ਕਿ ਉਹਨਾਂ ਦਾ ਅੰਤਿਮ ਸੰਸਕਾਰ ਗੁਰੂ ਨਾਨਕ ਦੇਵ ਜੀ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਇਸ ਨਾਲ ਉਹਨਾਂ ਦੇ ਕਰਤਾਰਪੁਰ ਸਾਹਿਬ ਸਵਰਗਵਾਸ ਹੋਣ ਦਾ ਵਿਚਾਰ ਵਧੇਰੇ ਠੀਕ ਜਾਪਦਾ ਹੈ ਕਿਉਂਕਿ ਸਿਰਫ ਸੰਸਕਾਰ ਕਰਨ ਲਈ ਨਾਨਕ ਜੀ ਦਾ ਅਫਗਾਨਿਸਤਾਨ ਜਾਣ ਦਾ ਕਿਤੇ ਜਿਕਰ ਨਹੀਂ ਮਿਲਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਮਰਦਾਨਾ ਜੀ ਦੇ ਨਾਮ ਹੇਠ ਦੋ ਸਲੋਕ ਦਰਜ ਹਨ। ਵਿਦਵਾਨਾਂ ਦੇ ਵਿਚਾਰ ਅਨੁਸਾਰ ਭਾਈ ਮਰਦਾਨਾ ਜੀ ਦੇ ਵਿਚਾਰਾਂ ਨੂੰ ਕਾਵਿ-ਰੂਪ ਵਿੱਚ ਗੁਰੂ ਨਾਨਕ ਦੇਵ ਜੀ ਨੇ ਆਪ ਪ੍ਰਗਟਾਇਆ ਹੈ ਅਤੇ ਅੰਤ ਤੇ ਨਾਨਕ ਨਾਂ ਦੀ ਮੋਹਰ ਛਾਪ ਵੀ ਹੈ।

ਬਾਣੀ ਰਾਹੀਂ ਮਰਦਾਨੇ ਨੂੰ ਸਦਾ ਲਈ ਅਮਰ ਕਰ ਦਿੱਤਾ ਹੈ।

ਇਹ ਸਲੋਕ ਹਨ---

1. ਕਲਿ ਕਲਵਾਲੀ ਕਾਮੁ ਮਦ ਮਨੂਆ ਪੀਵਣਹਾਰੁ ।
ਕ੍ਰੋਧੁ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ ।
ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ ।
ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ ।
ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਆਹਾਰੁ ।
ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰੁ ।....(ਪੰਨਾ 553,ਸਲੋਕ ਮਰਦਾਨਾ 1)

2. ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ ।
ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ ।
ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ।
ਗਿਆਨੁ ਗੁੜੁ ਸਾਲਾਹ ਮੰਡੇ ਭਉ ਮਾਸੁ ਆਹਾਰੁ ।
ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ ।
ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ ।
ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰੁ ।.....(ਪੰਨਾ 553,ਮਰਦਾਨਾ 1) ਅਤੇ ਇੱਕ ਪਉੜੀ ਵੀ ਹੈ--

ਆਪੇ ਸੁਰਿ ਨਰ ਗਣ ਗੰਧਰਵਾ ਆਪੇ ਖਟ ਦਰਸਨ ਕੀ ਬਾਣੀ। ਦੋਹਾਂ ਸ਼ਬਦਾਂ ਦਾ ਅਰਥ ਭਾਵ ਲੱਗਭੱਗ ਇੱਕੋ ਜਿਹਾ ਹੈ। ਜਿਨਾਂ ਵਿੱਚ ਵਿਕਾਰਾਂ ਦੇ ਨਸ਼ਿਆਂ ਤੋਂ ਵਰਜਦੇ ਹੋਏ ਇੱਕੋ ਇੱਕ ਸਦੀਵੀ ਨਸ਼ਾ ਨਾਮ ਦਾ ਕੀਤੇ ਜਾਣ ਦੀ ਹਦਾਇਤ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇ ਜਿਕਰ ਕਰਨ ਸਮੇ ਭਾਈ ਮਰਦਾਨਾ ਜੀ ਦਾ ਜਿਕਰ ਵੀ ਪੂਰੇ ਸਤਿਕਾਰ ਸਹਿਤ ਕੀਤਾ ਹੈ---

ਇੱਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ ।
........(ਭਾਈ ਗੁਰਦਾਸ ਜੀ, ਵਾਰ 1 ਪਉੜੀ 35)

ਦੁਆ ਕਰਦੇ ਹਾਂ ਕਿ ਸਾਨੂੰ ਸ਼ਬਦ ਦੇ ਨਾਲ ਨਾਲ ਰਬਾਬ ਦੀ ਧੁਨ ਵੀ ਹਮੇਸ਼ਾ ਸੁਣਦੀ ਰਹੇ। ਜਿੰਨੀ ਦੇਰ ਬਾਬੇ ਨਾਨਕ ਦਾ ਅਤੇ ਉਸਦੀ ਬਾਣੀ ਦਾ ਜਿਕਰ ਹੁੰਦਾ ਰਹੇਗਾ, ਭਾਈ ਮਰਦਾਨਾ ਜੀ ਦਾ ਨਾਂ ਵੀ ਉਤਨੇ ਹੀ ਸਤਿਕਾਰ ਨਾਲ ਲਿਆ ਜਾਂਦਾ ਰਹੇਗਾ।



ਜਸਵਿੰਦਰ ਸਿੰਘ ਰੁਪਾਲ
9814715796

# "ਗੁਰਗਾਬੀ"



ਬਾਪੂ ਹੁਰਾਂ ਦੀ ਮਨਪਸੰਦ "ਗੁਰਗਾਬੀ" ਪਾ ਲਿਆ ਕਰਦਾ ਤਾਂ ਝਿੜਕਾਂ ਮਾਰਦੇ..ਆਖਦੇ ਖੁਲੇ ਮੇਚ ਦੀ ਜੁੱਤੀ ਪਾ ਕੇ ਠੇਡਾ ਲੱਗਾ ਤਾਂ ਨੁਕਸਾਨ ਹੋਊ..!

ਕਦ" ਅਤੇ ਪੈਰਾਂ ਦਾ ਮੇਚ ਮੈਥੋਂ ਕਿਤੇ ਵੱਡਾ ਸੀ..ਚੜ੍ਹਦੇ ਸਿਆਲ ਭਾਣਾ ਵਰਤ ਗਿਆ..ਚੰਗੇ ਭਲੇ ਤੁਰਦੇ ਫਿਰਦੇ ਸਦੀਵੀਂ ਸਾਸਰੀ ਕਾਲ ਬੁਲਾ ਗਏ..ਮੁੜ ਮਕਾਣਾਂ ਸੰਸਕਾਰ ਭੋਗ..!

ਨੇੜੇ ਵਾਲੇ ਓਸੇ ਦਿਨ ਹੀ ਮੁੜ ਗਏ ਪਰ ਦੂਰ ਵਾਲਿਆਂ ਨੂੰ ਅਗਲੇ ਦਿਨ ਖੁਦ ਟੇਸ਼ਨ ਤੇ ਜਾ ਗੱਡੀ ਚੜਾਉਣਾ ਪਿਆ..ਵਾਪਿਸ ਆ ਕੇ ਗੇਟ ਟੱਪਣ ਹੀ ਲੱਗਾ ਸਾਂ ਕੇ ਬਿੜਕ ਜਿਹੀ ਹੋਈ..ਇੰਝ ਲੱਗਾ ਕੋਈ ਆਖ ਰਿਹਾ ਹੋਵੇ.."ਕਾਕਾ ਸੜਕ ਪਾਰ ਕਰਦਿਆਂ ਏਧਰ ਓਧਰ ਦੇਖ ਲਿਆ ਕਰ..ਤੈਨੂੰ ਪਤਾ ਕਿੰਨੀ ਟਰੈਫਿਕ ਏ ਅੱਜ ਕੱਲ..!

ਹੂ-ਬਹੂ ਓਹੀ ਅਵਾਜ ਸੀ ਜਿਹੜੀ ਨਿੱਕੇ ਹੁੰਦਿਆਂ ਤੋਂ ਅਕਸਰ ਹੀ ਕੰਨੀਂ ਪੈਂਦੀ ਆ ਰਹੀ ਸੀ..ਦਿਲ ਦੀ ਧੜਕਣ ਵੱਧ ਗਈ..ਨਜਰਾਂ ਕਿਸੇ ਗੁਆਚੇ ਹੋਏ ਨੂੰ ਲੱਭਣ ਵਿਚ ਰੁੱਝ ਗਈਆਂ..!

ਕਾਹਲੀ ਵਿਚ ਬਾਹਰਲਾ ਦਰ ਖੁੱਲ੍ਹਾ ਰਹਿ ਗਿਆ..ਇੰਝ ਲੱਗਾ ਇੱਕ ਵਾਰ ਫੇਰ ਆਖ ਰਹੇ ਹੋਣ "ਕਾਕਾ ਹੁਣ ਖੁੱਲ੍ਹਾ ਗੇਟ ਕੌਣ ਬੰਦ ਕਰੂ..ਖਿਆਲ ਰਖਿਆ ਕਰੋ..ਮਾਹੌਲ ਖਰਾਬ ਨੇ"..!

ਨਿੱਕੇ ਹੁੰਦਿਆਂ ਦੇਰ ਰਾਤ ਤੀਕਰ ਗੇਟ ਖੁੱਲ੍ਹਾ ਰਹਿਣ ਦੇਣ ਕਰਕੇ ਕਿੰਨੀ ਵਾਰ ਝਿੜਕਾਂ ਖਾਣੀਆਂ ਪਈਆਂ ਸਨ..!

ਕੁੰਡੀ ਲਾ ਕੇ ਵਾਪਿਸ ਮੁੜਦੇ ਹੋਏ ਨੇ ਏਧਰ ਓਧਰ ਵੇਖਿਆ..ਇਹ ਵੀ ਭੁੱਲੇਖਾ ਜਿਹਾ ਹੀ ਸੀ..!

ਮੁੜਕੇ ਰਾਤਾਂ ਤੋਂ ਉਨੀਂਦਰੇ ਨੂੰ ਪਤਾ ਹੀ ਨੀ ਲੱਗਾ ਕਦੋਂ ਸੋਫੇ ਤੇ ਬੈਠੇ ਨੂੰ ਨੀਂਦਰ ਆ ਗਈ..ਫੇਰ ਸੁੱਤਾ ਪਿਆ ਅੱਬੜਵਾਹੇ ਉੱਠ ਖਲੋਤਾ..ਇਸ ਵਾਰ ਆਖ ਰਹੇ ਸਨ "ਅੱਜ ਪਾਣੀ ਦੀ ਵਾਰੀ ਏ ਤੇ ਤੂੰ ਘੂਕ ਸੁੱਤਾ ਪਿਆ ਏਂ..ਇੰਝ ਨੀ ਹੁੰਦੀ ਵਾਹੀ..!

ਅੱਖਾਂ ਮਲਦਾ ਬਾਹਰ ਨੂੰ ਤੁਰਨ ਲੱਗਾ ਤਾਂ ਫੇਰ ਕਿਧਰੋਂ ਅਵਾਜ ਜਿਹੀ ਪਈ.."ਅੱਖਾਂ ਖੋਲ ਕੇ ਤੁਰਿਆ ਕਰ..ਵੇਹੜੇ ਵਿੱਚ ਪਸ਼ੂਆਂ ਦੇ ਕੀਲਿਆਂ ਤੋਂ ਠੇਡਾ ਲੱਗ ਗਿਆ ਤਾਂ ਭੂਤਨੀ ਭੁੱਲ ਜੂ"..!

ਏਨੇ ਨੂੰ ਬਿਜਲੀ ਵੀ ਆ ਗਈ ਤੇ ਮੈਂ ਸਟਾਰਟਰ ਔਨ ਕਰਨ ਬੰਬੀ ਵੱਲ ਨੂੰ ਨਿੱਕਲ ਗਿਆ..ਕੀ ਦੇਖਿਆ ਅੱਗੋਂ ਤਿੰਨ ਸਾਲਾਂ ਦੇ ਨਿੱਕਾ ਪੋਤਰਾ ਬਾਹਰ ਪਹੇ ਤੇ ਕੱਲਾ ਹੀ ਖੇਡੀ ਜਾ ਰਿਹਾ ਸੀ..!

ਜਿੰਦਗੀ ਵਿਚ ਸ਼ਾਇਦ ਪਹਿਲੀ ਵਾਰ ਆਪੇ ਤੋਂ ਬਾਹਰ ਹੋ ਗਿਆ ਤੇ ਉਚੀ ਸਾਰੀ ਆਖ ਉਠਿਆ.."ਕਿਥੇ ਚਲੇ ਗਏ ਓ ਸਾਰੇ..ਧਿਆਨ ਹੀ ਨਹੀਂ ਨਿਆਣੇ ਵੱਲ..ਕੱਲਾ ਹੀ ਖੇਡੀ ਜਾਂਦਾ ਬਾਹਰ..ਆਥਣ ਵੇਲੇ ਕੋਈ ਅਬੀ ਨਬੀ ਹੋ ਗਈ ਤਾਂ ਕੌਣ ਜੁੰਮੇਵਾਰ ਏ"!

ਸਾਰਾ ਟੱਬਰ ਦੌੜਦਾ ਹੋਇਆ ਬਾਹਰ ਨੂੰ ਆ ਗਿਆ ਤੇ ਲਿੱਬੜੇ ਹੋਏ ਨੂੰ ਕੁੱਛੜ ਚੁੱਕ ਲਿਆ..!

ਫੇਰ ਅਚਾਨਕ ਚੇਤਾ ਆਇਆ ਕੇ ਬਾਪੂ ਹੁਰੀ ਅਕਸਰ ਹੀ ਆਖਿਆ ਕਰਦੇ ਸਨ ਕੇ "ਬੰਬੀ ਚਲਾਉਣ ਜਾਣਾ ਹੁੰਦਾ ਏ ਤਾਂ ਬੰਦ ਜੁੱਤੀ ਪਾ ਕੇ ਜਾਇਆ ਕਰ..ਸੌ ਕੀਟ ਪਤੰਗ ਸੱਪ ਠੂਹਾਂ ਠੰਡੇ ਥਾਂ ਲੁਕ ਕੇ ਬੈਠਾ ਹੁੰਦਾ..ਨਾਲੇ ਬਿਜਲੀ ਦਾ ਕੰਮ..ਇਹ ਕਿਹੜੀ ਲਿਹਾਜ ਕਰਦੀ ਕਿਸੇ ਦਾ..!

ਪੈਰੀ ਪਾਉਣ ਨੂੰ ਕੋਈ ਜੁੱਤੀ ਲੱਭਣ ਲੱਗਾ..ਕੋਈ ਨਾ ਲੱਭੀ..ਕੁਦਰਤੀ ਹੀ ਕੋਲ ਪਈ ਬਾਪੂ ਹੁਰਾਂ ਦੀ ਓਹੋ "ਗੁਰਗਾਬੀ" ਨਜ਼ਰੀਂ ਪੈ ਗਈ..ਛੇਤੀ ਨਾਲ ਪੈਰੀਂ ਪਾ ਲਈ..ਮਹਿਸੂਸ ਹੋਇਆ ਕੇ ਅੱਜ ਪੈਰੀ ਪਾਈ ਬਿਲਕੁਲ ਵੀ "ਖੁੱਲੀ" ਨਹੀਂ ਸੀ ਲੱਗ ਰਹੀ ਸਗੋਂ ਇੰਝ ਲੱਗ ਰਿਹਾ ਸੀ ਜਿੱਦਾਂ ਕੋਈ ਐਨ ਪੈਰਾਂ ਦੇ ਮੇਚ ਦੀ ਨਵੀਂ ਬਣਵਾ ਉਚੇਚਾ ਓਸੇ ਥਾਂ ਰੱਖ ਗਿਆ ਹੋਵੇ!

ਹੱਥ ਲਕੀਰਾਂ ਵਾਂਙ ਫਕੀਰਾਂ..ਲਾਰੇ ਲਾਕੇ ਕੇ ਤੁੱਰ ਗਈਆਂ..ਜਦੋਂ ਪਈ ਸੀ ਲੋੜ ਓਨਾਦੀ..ਬਰਫ਼ਾਂ ਵਾਂਗਰ ਖੁਰ ਗਈਆਂ



ਹਰਪ੍ਰੀਤ ਸਿੰਘ ਜਵੰਦਾ

# ਨਜ਼ਰਅੰਦਾਜ਼ ਕਰਨਾ... !




ਜਿੱਥੇ ਤੁਹਾਡੀ ਗੈਰ-ਹਾਜ਼ਰੀ ਮਹਿਸੂਸ ਨਹੀਂ ਹੁੰਦੀ ਉੱਥੇ ਹਾਜ਼ਰ ਰਹਿਣ ਦਾ ਕੋਈ ਫਾਇਦਾ ਨਹੀਂ। ਅਕਸਰ ਅਸੀਂ ਸ਼ਿਕਾਇਤ ਕਰਦੇ ਹਾਂ ਕਿ ਸਾਹਮਣੇ ਵਾਲਾ ਸਾਡੀ ਕਦਰ ਨਹੀਂ ਕਰਦਾ। ਪਰ ਆਪਣੇ ਆਪ ਨੂੰ ਇਕ ਸਵਾਲ ਜ਼ਰੂਰ ਪੁੱਛੋ ਕੀ ਤੁਸੀਂ ਆਪਣੀ ਕਦਰ ਕਰਦੇ ਹੋ? ਜੇਕਰ ਕੋਈ ਤੁਹਾਨੂੰ ਨਜ਼ਰ ਅੰਦਾਜ਼ ਕਰਦਾ ਹੈ ਕੀ ਤੁਸੀਂ ਉਸ ਸੰਬੰਧ ਵਿਚੋਂ ਪਿੱਛੇ ਹਟ ਜਾਂਦੇ ਹੋ?

ਨਜ਼ਰਅੰਦਾਜ਼ ਕਰਨਾ ਇਕ ਖਾਸ ਕਿਸਮ ਦੀ ਬੇਇੱਜ਼ਤੀ ਹੁੰਦੀ ਹੈ। ਇਸ ਵਿੱਚ ਸੰਕੇਤਕ ਤੌਰ ਤੇ ਤੁਹਾਨੂੰ ਬੇਇੱਜ਼ਤ ਕੀਤਾ ਜਾਂਦਾ ਹੈ। ਕਿਸੇ ਮਨੁੱਖ ਨੂੰ ਨਜ਼ਰ ਅੰਦਾਜ਼ ਕਰਨ ਦਾ ਮਤਲਬ ਹੈ ਉਸਦੀ ਹੋਂਦ ਤੋਂ ਇਨਕਾਰੀ ਹੋਣਾ। ਇਸ ਤੋਂ ਬਾਅਦ ਕਿਸੇ ਨਾਲ ਕੀ ਮਾੜਾ ਕੀਤਾ ਜਾ ਸਕਦਾ?

ਜੇਕਰ ਤੁਸੀਂ ਆਪਣੇ ਨਾਲ ਕੀਤੇ ਗਏ ਅਜਿਹੇ ਵਿਹਾਰ ਕਬੂਲ ਕਰਦੇ ਹੋ ਤਾਂ ਸਾਹਮਣੇ ਵਾਲੇ ਤੋਂ ਜ਼ਿਆਦਾ ਗਲਤ ਤੁਸੀਂ ਆਪ ਹੋ? ਆਪਣੀ ਇੱਜ਼ਤ ਆਪ ਕਰਨਾ ਸਿੱਖਣਾ ਬਹੁਤ ਜ਼ਰੂਰੀ ਹੈ। ਤੁਸੀਂ ਕਿਸੇ ਦੇ ਦੁਰਵਿਵਹਾਰ ਨੂੰ ਸਹਿਣ ਕਰਦੇ ਹੋ ਤਾਂ ਤੁਸੀਂ ਉਸ ਨਾਲ ਸਹਿਮਤ ਹੁੰਦੇ ਹੋ। ਓਸ ਦੇ ਵਿਹਾਰ ਨੂੰ ਉਚਿਤ ਸਾਬਿਤ ਕਰਦੇ ਹੋ।

ਇਹ ਕੰਮ ਕਰਨਾ ਦੂਜੇ ਦੇ ਗਲਤ ਵਿਹਾਰ ਨਾਲ ਸਹਿਮਤੀ ਵੀ ਹੈ ਤੇ ਆਪਣੀ ਕਦਰ ਆਪ ਨਾ ਕਰਨਾ ਵੀ। ਜਿਸ ਤਰ੍ਹਾਂ ਤੁਸੀਂ ਆਪਣੇ ਆਪ ਨੂੰ ਲਵੋ ਫਿਰ ਉਸੇ ਤਰ੍ਹਾਂ ਦੂਜੀ ਲੈਣਾ ਸ਼ੁਰੂ ਕਰ ਦੇਣਗੇ। ਬਹੁਤ ਜ਼ਰੂਰੀ ਹੈ ਕਿ ਤੁਸੀਂ ਆਪਣੇ ਲਈ ਮਾਪਦੰਡ ਆਪ ਬਣਾਓ।

ਜੇਕਰ ਕੋਈ ਤੁਹਾਡੇ ਤੋਂ ਇਕ ਕਦਮ ਪਿੱਛੇ ਹਟਦਾ ਹੈ ਤੁਸੀ ਦਸ ਕਦਮ ਪਿਛੇ ਹਟ ਜਾਓ। ਰਿਸ਼ਤਾ ਕੋਈ ਵੀ ਹੋਵੇ ਕਿੰਨਾ ਵੀ ਜ਼ਰੂਰੀ ਹੈ ਦੁਰਵਿਵਹਾਰ ਤੇ ਨਜ਼ਰ ਅੰਦਾਜ਼ ਕਰਨ ਨੂੰ ਕਦੇ ਕਬੂਲ ਨਾ ਕਰੋ। ਕੋਈ ਵੀ ਰਿਸ਼ਤਾ ਤੁਹਾਡੇ ਸਵੈਮਾਣ ਤੋਂ ਉਪਰ ਨਹੀਂ ਹੁੰਦਾ।

ਜਿੱਥੇ ਤੁਹਾਡੀ ਹੋਂਦ ਦਾ ਕੋਈ ਮਹੱਤਵ ਹੀ ਨਹੀਂ, ਤੁਹਾਡੇ ਹੋਣ ਜਾਂ ਨਾ ਹੋਣ ਦਾ ਕੋਈ ਫਰਕ ਹੀ ਨਹੀਂ ਉਸ ਥਾਂ ਤੋਂ ਜਿੰਨੀ ਜਲਦੀ ਹੋਵੇ ਚਲੇ ਜਾਓ ਜਾਵੋ। ਫਿਰ ਬੇਸ਼ੱਕ ਉਹ ਕੋਈ ਮਹਿਫ਼ਿਲ ਹੋਵੇ ਯਾ ਰਿਸ਼ਤਾ। ਜਿੰਦਗੀ ਰਿਸ਼ਤਿਆਂ ਨੂੰ ਢੋਣ ਲਈ ਨਹੀਂ ਹੈ। ਇਸ ਤਰ੍ਹਾ ਤੁਹਾਡੀ ਆਪਣੀਆਂ ਨਜ਼ਰਾਂ ਵਿੱਚ ਵੀ ਇੱਜ਼ਤ ਘੱਟਦੀ ਹੈ। ਆਪਣੀ ਇੱਜ਼ਤ ਕਰੋ ਤੇ ਲੋਕਾਂ ਤੋਂ ਕਰਵਾਉਣਾ ਸਿੱਖੋ।

ਕਿਸੇ ਦੀ ਵੀ, ਯਾਦ ਰੱਖੋ ਕਿਸੇ ਦੇ ਵੀ ਅਣਮਨੁੱਖੀ ਵਤੀਰੇ ਨੂੰ ਸਹਿਣ ਨਾ ਕਰੋ। ਇਸ ਤਰ੍ਹਾਂ ਕਰਕੇ ਤੁਸੀਂ ਉਸ ਨੂੰ ਗਲਤ ਵਿਹਾਰ ਦੀ ਆਦਤ ਪਾ ਰਹੇ ਹੋ। ਬਹੁਤ ਜ਼ਰੂਰੀ ਹੈ ਕਿ ਇਸ ਗੱਲ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਜਿਸ ਥਾਂ ਤੇ ਤੁਹਾਡੇ ਹੋਣ ਜਾਂ ਨਾ ਹੋਣ ਦਾ ਫਰਕ ਨਹੀਂ ਪੈਂਦਾ ਓਸ ਥਾਂ ਜਾਂ ਰਿਸ਼ਤੇ ਨੂੰ ਅਲਵਿਦਾ ਕਹਿ ਦਿਓ।



ਹਰਪ੍ਰੀਤ ਕੌਰ ਸੰਧੂ

# ਬੱਸ ਦੀ ਉਡੀਕ ਕਰਦੇ ਰਹਿਣ... !



ਉਦੋਂ ਬੱਸਾਂ ਦੇ ਟਾਈਮ ਬੜੇ ਥੋੜ੍ਹੇ ਹੁੰਦੇ ਸਨ। ਉਂਜ ਵੀ ਬੱਸਾਂ ਉਦੋਂ ਮੁਖ ਅੱਡਿਆਂ ਤੋਂ ਸਵਾਰੀਆਂ ਭਰਕੇ ਕਾਫ਼ੀ ਦੇਰ ਨਾਲ ਚੱਲਦੀਆਂ ਸਨ। ਛੋਟਾ ਪੈਂਡਾ ਕਰਨ ਵਾਲਿਆਂ ਕੋਲ ਏਨਾ ਸਬਰ ਨਹੀਂ ਸੀ ਹੁੰਦਾ ਕਿ ਦੋ ਚਾਰ ਮੀਲ ਦੂਰ ਜਾਣ ਵਾਸਤੇ ਉਹ ਘੰਟਾ ਭਰ ਅੱਡੇ 'ਤੇ ਖੜੋਤੇ ਬੱਸ ਦੀ ਉਡੀਕ ਕਰਦੇ ਰਹਿਣ। ਚਾਰ-ਪੰਜ ਮੀਲ ਦੂਰ ਜਾਣ ਵਾਲੇ ਤਾਂ ਬਹੁਤੇ ਪੈਦਲ ਹੀ ਤੁਰ ਪੈਂਦੇ। ਕੁੱਝ ਟਾਂਗਿਆਂ ਦੀ ਸਵਾਰੀ ਕਰ ਲੈਂਦੇ। ਮੈਨੂੰ ਇਹ ਵੀ ਯਾਦ ਨਹੀਂ ਕਿ ਆਪਣੇ ਪਿਤਾ ਨਾਲ ਟਾਂਗੇ ਉੱਪਰ ਬੈਠਾ ਮੈਂ ਕਿੱਥੋਂ ਕਿੱਥੇ ਜਾ ਰਿਹਾ ਸਾਂ। ਏਨਾ ਯਾਦ ਹੈ ਰਾਹ ਵਿੱਚ ਤੁਰੀ ਜਾਂਦੀ ਇੱਕ ਜ਼ਨਾਨੀ ਰੁਕ ਕੇ ਪਿੱਛੇ ਪਿੱਛੇ ਤੁਰੇ ਆਉਂਦੇ ਆਪਣੇ ਪੰਜ-ਛੇ ਸਾਲ ਦੇ ਬਾਲ ਨੂੰ ਆਪਣੇ ਨਾਲ ਰਲਣ ਲਈ ਆਖ ਰਹੀ ਸੀ। ਦੂਜਾ ਤਿੰਨ ਕੁ ਸਾਲ ਦਾ ਨਿਆਣਾ ਉਹਨੇ ਕੁੱਛੜ ਚੁੱਕਿਆ ਹੋਇਆ ਸੀ। ਜਦੋਂ ਤੱਕ ਟਾਂਗਾ ਕੋਲ ਪੁੱਜਾ, ਉਹ ਉਦੋਂ ਕੁੱਛੜ ਵਾਲੇ ਬੱਚੇ ਨੂੰ ਵੀ ਉਤਾਰ ਕੇ, ਉਸਦੀ ਉਂਗਲੀ ਫੜ੍ਹ ਕੇ, ਥੋੜ੍ਹਾ ਜਿਹਾ ਤੁਰਨ ਲਈ ਹੱਲਾ-ਸ਼ੇਰੀ ਦੇ ਰਹੀ ਸੀ।

"ਆ ਜਾਹ ਬੀਬੀ! ਆ ਜਾਹ! ਐਂਵੇਂ ਨਿਆਣਿਆਂ ਨੂੰ ਥਕਾਉਣ ਡਹੀਂ ਏਂ। ਬਹੁਤੇ ਪੈਸੇ ਨਹੀਂ ਲੱਗਦੇ...।"

ਟਾਂਗੇ ਵਾਲੇ ਨੇ ਘੋੜੀ ਦੀਆਂ ਵਾਗਾਂ ਖਿੱਚੀਆਂ।

ਜ਼ਨਾਨੀ ਥੱਕ ਚੁੱਕੀ ਸੀ ਪਰ ਅਜੇ ਵੀ ਉਹਦਾ ਮਨ ਟਾਂਗੇ 'ਤੇ ਸਵਾਰ ਹੋਣ ਨੂੰ ਨਹੀਂ ਸੀ ਕਰਦਾ।

"ਤਾਂ ਵੀ ਕਿੰਨੇ ਪੈਸੇ ਲਵੇਂਗਾ, ਵੀਰਾ?"

"ਕੋਈ ਬਹੁਤੇ ਨਹੀਂ ਲੱਗਣ ਲੱਗੇ। ਆ ਤੂੰ ਨਿਆਣਿਆਂ ਨੂੰ ਲੈ ਕੇ।" ਟਾਂਗੇ ਵਾਲੇ ਨੇ ਸਵਾਰੀਆਂ ਨੂੰ ਥਾਂ ਬਨਾਉਣ ਲਈ ਆਖਿਆ। ਸ਼ਾਇਦ ਉਸਨੇ ਔਰਤ ਨੂੰ ਕਿਰਾਏ ਦੇ ਪੈਸੇ ਵੀ ਦੱਸੇ।

ਨਿਸ਼ਚਿਤ ਅੱਡੇ 'ਤੇ ਜਦੋਂ ਉਹ ਜ਼ਨਾਨੀ ਉੱਤਰੀ ਤਾਂ ਉਸ ਨੇ ਆਪਣੇ ਪੱਲੇ ਨਾਲ ਬੱਧਾ ਮੁੜਿਆ ਤੁੜਿਆ 'ਦੋ ਰੁਪੈ ਦਾ ਇੱਕੋ-ਇੱਕ ਨੋਟ' ਕੱਢਿਆ ਤੇ ਟਾਂਗੇ ਵਾਲੇ ਨੂੰ ਬਣਦੇ ਪੈਸੇ ਕੱਟਣ ਲਈ ਫੜਾਇਆ। ਟਾਂਗੇ ਵਾਲੇ ਨੇ ਕਿਰਾਇਆ ਕੱਟ ਕੇ ਬਾਕੀ ਬਚਦੇ ਪੈਸੇ ਉਹਦੀ ਤਲੀ ਉੱਤੇ ਰੱਖੇ। ਆਪਣੀ ਖੁੱਲ੍ਹੀ ਤਲੀ 'ਤੇ ਪੈਸਿਆਂ ਦਾ ਜੋੜ ਕਰਦੀ ਉਸ ਜ਼ਨਾਨੀ ਨੇ ਟਾਂਗੇ ਵਾਲੇ ਨੂੰ ਆਖਿਆ, "ਵੀਰਾ! ਤੂੰ ਤਾਂ ਆਹਨਾਂ ਸੈਂ......।"

"ਬੀਬੀ ਉਹ ਤਾਂ ਇੱਕ ਸਵਾਰੀ ਦੇ ਆਖੇ ਸਨ। ਮੁੰਡਿਆਂ ਦੇ ਨਹੀਂ ਲੱਗਣੇ?"

ਕਹਿ ਕੇ ਉਸ ਨੇ ਘੋੜੀ ਨੂੰ ਛਾਂਟ ਮਾਰੀ। ਜ਼ਨਾਨੀ ਅੱਗੋਂ ਕੁੱਝ ਨਹੀਂ ਬੋਲੀ। ਬੱਚਿਆਂ ਨੂੰ ਲੈ ਕੇ ਵਾਂਢੇ ਜਾ ਰਹੀ ਸੀ। ਕੋਲ ਸਿਰਫ਼ ਦੋ ਰੁਪੈ ਸਨ। ਕਿੰਨੀਆਂ ਗਿਣਤੀਆਂ-ਮਿਣਤੀਆਂ ਕਰਕੇ ਉਹ ਘਰੋਂ ਪੈਦਲ ਤੁਰੀ ਹੋਵੇਗੀ। ਬੱਚੇ ਲੈ ਕੇ ਤੁਰਨਾ ਮੁਸ਼ਕਿਲ ਵੇਖ ਕੇ ਤੇ ਟਾਂਗੇ ਵਾਲੇ ਨੂੰ ਪੈਸੇ ਪੁੱਛ ਕੇ ਕਿੰਨੀ ਗਿਣਤੀ-ਮਿਣਤੀ ਨਾਲ ਟਾਂਗੇ ਵਿੱਚ ਬੈਠੀ ਹੋਵੇਗੀ! ਉਸ ਵਿਚਾਰੀ ਦੀ ਤਾਂ ਇਹ ਸਾਰੀ ਗਿਣਤੀ ਉਲਟ-ਪੁਲਟ ਹੋ ਗਈ ਸੀ! ਉਸ ਨੇ ਟਾਂਗੇ ਵਾਲੇ ਨਾਲ ਕੋਈ ਝਗੜਾ ਨਹੀਂ ਕੀਤਾ ਪਰ ਆਸ ਤੋਂ ਘੱਟ ਰਹਿ ਗਏ ਪੈਸਿਆਂ ਨੂੰ ਉਹ ਆਪਣੀ ਤਲੀ 'ਤੇ ਬੜੀ ਹਸਰਤ ਨਾਲ ਨਿਹਾਰਦੀ ਰਹੀ। ਮੈਂ ਪਿਛਾਂਹ ਮੁੜ ਕੇ ਵੇਖਿਆ। ਉਹ ਅਜੇ ਵੀ ਓਥੇ ਖਲੋਤੀ ਸੀ। ਬੱਚੇ ਉਹਦੇ ਕੋਲ ਕੋਲ ਸਨ ਅਤੇ ਉਹ ਅਜੇ ਵੀ ਤਲੀ ਉੱਤੇ ਪਏ ਪੈਸਿਆਂ ਨੂੰ ਨਿਹਾਰਦੀ ਪਈ ਸੀ। ਉਹਨੂੰ ਇੰਜ ਨਿਰਾਸ਼ ਤੇ ਉਦਾਸ ਖਲੋਤੀ ਵੇਖ ਕੇ ਮੇਰੇ ਕਲੇਜੇ ਦਾ ਰੁੱਗ ਭਰਿਆ ਗਿਆ।

ਇਹ ਝਾਕੀ ਅੱਜ ਵੀ ਮੇਰੇ ਚੇਤੇ ਵਿੱਚ ਸਥਿਰ ਖਲੋਤੀ ਹੋਈ ਹੈ ਅਤੇ ਅਜੇ ਵੀ ਮੇਰੇ ਦਿਲ ਨੂੰ ਭਿਉਂ ਜਾਂਦੀ ਹੈ।

(ਲੇਖਕ ਵਰਿਆਮ ਸਿੰਘ ਸੰਧੂ ਦੀ ਸਾਹਿਤਕ ਸਵੈ ਜੀਵਨੀ ਵਿੱਚੋ, ਕਰੀਬ 60-65 ਸਾਲ ਪੁਰਾਣੀ ਘਟਨਾ)

ਹਰਜੋਤ ਸਿੰਘ, 70094 52602

# ਅਸੀਂ ਛਿੱਲੜਾਂ ਚੁੱਕੀ ਫਿਰਦੇ ਹਾਂ, ਗਿਰੀ ਗਵਾ ਬੈਠੇ ਹਾਂ

ਅੱਜ ਸਾਰਾ ਜਗਤ, ਸਾਰਾ ਗਲੋਬ 'ਇੱਕ ਪਿੰਡ' ਬਣ ਗਿਆ ਹੈ। ਗਲੋਬਲ ਪਿੰਡ ਦੇ ਹਵਾਲੇ ਨਾਲ ਇੱਕ ਹੋਰ ਗੱਲ ਵੀ ਕਰਦੇ ਜਾਈਏ।

ਬੜਾ ਦਿਲਚਸਪ ਇਤਫ਼ਾਕ ਹੈ ਕਿ ਪੁਰਤਗਾਲ ਦਾ ਯਾਤਰੀ ਵਾਸਕੋਡੇ-ਗਾਮਾ 1460 ਵਿੱਚ ਜੰਮਦਾ ਹੈ ਤੇ ਗੁਰੂ ਜੀ ਦਾ ਜਨਮ 1469 ਵਿੱਚ ਹੁੰਦਾ ਹੈ। ਦੋਵੇਂ ਅੱਗੜ ਪਿੱਛੜ ਸੰਸਾਰ-ਯਾਤਰਾਵਾਂ 'ਤੇ ਨਿਕਲਦੇ ਹਨ। ਵਾਸਕੋਡੇ-ਗਾਮਾ ਨੇ ਆਪਣੀ ਯਾਤਰਾ 1497 ਵਿੱਚ ਸ਼ੁਰੂ ਕੀਤੀ ਤੇ 20 ਮਈ 1498 ਨੂੰ ਉਹ ਹਿੰਦੁਸਤਾਨ ਦੀ ਬੰਦਰਗਾਹ ਕਾਲੀਕਟ 'ਤੇ ਪੈਰ ਰੱਖਦਾ ਹੈ ਤੇ 'ਗਲੋਬਲ ਸਾਮਰਾਜਵਾਦ' ਦੀ ਨੀਂਹ ਰੱਖਦਾ ਹੈ। ਦੂਜੇ ਪਾਸੇ ਗੁਰੂ ਜੀ ਵੀ ਇਹਨਾਂ ਹੀ ਸਾਲਾਂ ਵਿੱਚ ਆਪਣੀਆਂ ਉਦਾਸੀਆਂ 'ਤੇ ਨਿਕਲਦੇ ਨੇ। ਪਰ ਦੋਵਾਂ ਦੇ ਘਰਾਂ ਤੋਂ ਨਿਕਲ ਕੇ ਯਾਤਰਾਵਾਂ 'ਤੇ ਨਿਕਲਣ ਦੇ ਕਾਰਨ ਤੇ ਮਕਸਦ ਮੂਲੋਂ ਹੀ ਵੱਖੋ ਵੱਖਰੇ ਸਨ। ਇੱਕ ਵਪਾਰ ਕਰਨ ਲਈ ਨਿਕਲਦਾ ਏ, ਦੂਜਾ ਪਿਆਰ ਕਰਨ ਲਈ ਤੁਰਦਾ ਹੈ। ਇੱਕ ਨੇ ਸਮਾਰਾਜੀ ਮੁਲਕਾਂ ਲਈ ਧਨ-ਦੌਲਤ ਲੁੱਟਣ ਦੇ ਅਤੇ 'ਮੈਂ-ਮੇਰੀ' ਦੇ ਰਾਹ ਖੋਲ੍ਹਣੇ ਸਨ। ਦੂਜੇ ਨੇ ਆਪਣੀ ਮੁਹੱਬਤ ਨਾਲ ਲੋਕਾਂ ਦੇ ਦਿਲਾਂ ਨੂੰ ਲੁੱਟਣਾ ਸੀ ਤੇ 'ਤੂੰ-ਤੇਰਾ' ਦਾ ਸਬਕ ਦੇਣਾ ਸੀ। ਇੱਕ ਨੇ ਪੈਸੇ ਨੂੰ ਅੰਤਮ ਕੀਮਤ ਮੰਨ ਕੇ, ਧਨ-ਦੌਲਤ ਦੇ ਨਾਲ-ਨਾਲ ਮਨੁੱਖਤਾ ਦੇ ਗੌਰਵ ਨੂੰ ਖੋਹਣਾ ਸੀ ਤੇ ਦੂਜੇ ਨੇ ਰਾਹੋਂ ਭਟਕੀ ਮਨੁੱਖਤਾ ਨੂੰ ਉਹਦਾ ਖੁੱਸਿਆ ਇਨਸਾਨੀ ਗੌਰਵ ਵਾਪਸ ਮੋੜਨਾ ਸੀ। ਇੱਕ ਨੇ ਕੇਵਲ ਤੇ ਕੇਵਲ 'ਆਪਣੇ ਭਲੇ ਦੀ' ਅਤੇ ਦੂਜੇ ਨੇ 'ਸਰਬੱਤ ਦੇ ਭਲੇ' ਦੀ ਖ਼ੈਰ-ਸੁੱਖ ਮੰਗਣੀ ਸੀ।




ਅਸਲ ਵਿੱਚ ਇਹ ਦੋ ਵਿਰੋਧੀ ਵਿਚਾਰਧਾਰਾਵਾਂ ਦੀ ਟੱਕਰ ਸੀ। ਅਫ਼ਸੋਸ! ਅੱਜ ਸਾਰੇ ਸੰਸਾਰ ਉੱਤੇ ਵਾਸਕੋਡੇ-ਗਾਮਾ ਦੀ ਧਿਰ, ਉਸ ਦੀ ਅੰਸ-ਬੰਸ ਦਾ ਝੰਡਾ ਝੁੱਲ ਰਿਹਾ ਹੈ। ਸਾਰੇ ਸੰਸਾਰ ਦੇ ਕਾਰ-ਵਿਹਾਰ ਤੇ ਵਪਾਰ 'ਤੇ ਉਹਨਾਂ ਦਾ ਕਬਜ਼ਾ ਹੈ। ਪਰ ਦੁੱਖ ਦੀ ਗੱਲ ਹੈ ਕਿ ਗੁਰੂ ਨਾਨਕ ਨੂੰ 'ਆਪਣਾ ਗੁਰੂ' ਆਖਣ ਵਾਲੇ 'ਸਿੱਖਾਂ ਦੀ ਸਿੱਖੀ' (ਗੁਰੂ ਨਾਨਕ ਦੀ ਸਿੱਖੀ ਨਹੀਂ) ਵੀ ਅੰਤਰ-ਰਾਸ਼ਟਰੀ ਗੇੜਾ ਕੱਢ ਕੇ ਹੁਣ ਵਪਾਰ ਹੀ ਤਾਂ ਬਣ ਗਈ ਹੈ!

ਵਪਾਰ ਤਾਂ ਗੁਰੂ ਸਾਹਿਬ ਨੇ ਵੀ ਕੀਤਾ ਸੀ। ਪਹਿਲਾ ਵਪਾਰ ਸੀ, ਭੁੱਖੇ ਪਰ ਲੋੜਵੰਦ ਲੋਕਾਂ ਦੀ ਸਹਾਇਤਾ ਕਰਨ ਲਈ ਲੰਗਰ-ਪ੍ਰਥਾ ਦੀ ਨੀਂਹ ਰੱਖਣਾ। ਦੂਜਾ ਵਪਾਰ ਸੁਲਤਾਨਪੁਰ ਲੋਧੀ ਵਿੱਚ 'ਤੇਰਾ! ਤੇਰਾ!' ਤੋਲ ਕੇ ਕੀਤਾ। (ਸੱਚੇ ਸੌਦੇ ਅਤੇ 'ਤੇਰਾ! ਤੇਰਾ!' ਵਾਲੀਆਂ ਸਾਖੀਆਂ ਦੇ ਅਰਥ ਅੱਗੇ ਜਾ ਕੇ ਖੋਲ੍ਹੇ ਜਾਣਗੇ) ਇਹ ਵਪਾਰ ਵਾਸਕੋਡੇਗਾਮਾ ਦੀ ਆਲ-ਔਲਾਦ ਦੀ 'ਮੈਂ-ਮੇਰੀ' ਵਾਲੀ ਸੋਚ ਤੋਂ ਮੂਲੋਂ ਵੱਖਰੀ 'ਤੂੰ-ਤੇਰੀ' ਦੀ ਸੋਚ ਨੂੰ ਪਰਨਾਇਆ ਹੋਇਆ ਸੀ। ਗੁਰੂ ਜੀ ਦਾ ਹੋਕਾ ਸੀ, 'ਸਚੁ ਵਾਪਾਰੁ, ਕਰਹੁ ਵਾਪਾਰੀ'। ਇਸ ਵਪਾਰ ਵਿੱਚ ਲੋਕਾਂ ਨੂੰ ਲੁੱਟਣ ਦਾ ਨਹੀਂ ਲੋਕਾਂ ਦੇ ਭਲੇ ਲਈ ਆਪਣਾ ਆਪਾ ਲੁਟਾ ਦੇਣ ਦਾ ਵਚਨ ਸੀ।

ਪਰ ਅੱਜ ਗੁਰੂ ਨਾਨਕ ਦੇ ਸਿੱਖ ਅਖਵਾਉਣ ਵਾਲਿਆਂ ਵੱਲੋਂ, ਆਪਣੇ ਨਿੱਜ ਲਈ ਤੇ 'ਨਾਨਕ ਦੇ ਲੋਕਾਂ' ਨੂੰ ਲੁੱਟਣ ਲਈ, ਸੈਂਕੜੇ ਵਪਾਰਕ ਅਦਾਰਿਆਂ, ਫੈਕਟਰੀਆਂ ਤੇ ਸਟੋਰਾਂ ਦੇ ਨਾਂ ਗੁਰੂ ਨਾਨਕ ਦੇ ਨਾਂ 'ਤੇ ਰੱਖੇ ਮਿਲ ਜਾਂਦੇ ਹਨ। ਜਿਵੇਂ ਗੁਰੂ ਜੀ ਦਾ ਉਹਨਾਂ ਦੇ ਕੂੜ-ਮੁਨਾਫ਼ੇ ਵਿੱਚ ਵੀ ਕੋਈ ਹਿੱਸਾ-ਪੱਤੀ ਹੋਵੇ! ਗੁਰੂ ਨਾਨਕ ਕਰਿਆਨਾ ਸਟੋਰ, ਗੁਰੂ ਨਾਨਕ ਜਿਊਲਰਜ਼, ਗੁਰੂ ਨਾਨਕ ਬੈਟਰੀ ਸਟੋਰ, ਗੁਰੂ ਨਾਨਕ ਫ਼ਰਨੀਚਰ ਹਾਊਸ, ਗੁਰੂ ਨਾਨਕ ਸੀਡ ਸਟੋਰ, ਗੁਰੂ ਨਾਨਕ ਕਲੋਥ ਹਾਊਸ, ਗੁਰੂ ਨਾਨਕ ਕੋਲਡ ਸਟੋਰ, ਗੁਰੂ ਨਾਨਕ ਮੈਡੀਕਲ ਸਟੋਰ ਜਿਹੇ ਹਜ਼ਾਰਾਂ ਨਾਂ ਤੁਸੀਂ ਪੜ੍ਹੇ-ਸੁਣੇ ਤੇ ਵੇਖੇ ਨੇ!

ਬਾਹਰਲੇ ਮੁਲਕਾਂ ਵਿੱਚ ਤਾਂ ਬਹੁਤ ਸਾਰੇ ਗੁਰਦਵਾਰੇ ਵੀ ਗੁਰੂ ਜਾਂ ਸੰਗਤ ਦੇ ਨਹੀਂ। 'ਬੰਦਿਆਂ ਦੇ' ਨਿੱਜੀ ਹਨ। ਭਾਰਤ ਜਾਂ ਪੰਜਾਬ ਦੇ ਧਾਰਮਿਕ ਡੇਰੇ ਵੀ ਇਹੋ ਕੰਮ ਕਰ ਰਹੇ ਨੇ। ਧਰਮ ਵੇਚਿਆ ਜਾ ਰਿਹਾ ਹੈ। ਕੁੱਝ ਸਾਲ ਪਹਿਲਾਂ ਕਨੇਡਾ ਦੇ ਸ਼ਹਿਰ ਬਰੈਂਪਟਨ ਵਿੱਚ ਕਿਸੇ ਸੱਜਣ ਨੇ ਆਪਣੇ ਘਰ ਲਈ ਜ਼ਮੀਨ ਖ਼ਰੀਦ ਕੇ ਓਥੇ ਗੁਰਦਵਾਰਾ ਬਨਾਉਣ ਦਾ ਫੱਟਾ ਲਾ ਦਿੱਤਾ ਤੇ ਜਿੰਨਾਂ ਚਿਰ ਗੁਰਦਵਾਰੇ ਦੀ ਇਮਾਰਤ ਬਣਨੀ ਸੀ, ਉਹਨੇ ਇੱਕ ਟਰੈਕਟਰ ਟਰਾਲੇ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਪ੍ਰਕਾਸ਼ ਕਰ ਕੇ 'ਗੁਰਦਵਾਰਾ' ਸ਼ੁਰੂ ਕਰ ਲਿਆ। ਦਿਲਚਸਪ ਗੱਲ ਹੈ ਕਿ ਉਸ ਟਰੈਕਟਰ ਟਰਾਲੇ ਵਿੱਚ ਵੀ ਉਹਦਾ ਕਾਰੋਬਾਰ ਚੱਲ ਨਿਕਲਿਆ ਸੀ।

ਪੰਝੀ ਕੁ ਸਾਲ ਪਹਿਲਾਂ ਦੀ ਗੱਲ ਹੈ। ਨਿਊਯਾਰਕ ਵਿੱਚ ਆਪਣੇ ਦੋਸਤਾਂ ਕੋਲ ਠਹਿਰਿਆ ਹੋਇਆ ਸਾਂ। ਇੱਕ ਦਿਨ ਮੇਰੇ ਜਾਣਕਾਰ ਦੋਸਤ ਕਿਸੇ ਮੁਹਿੰਮ 'ਤੇ ਨਿਕਲਣ ਲੱਗੇ ਤਾਂ ਮੈਂ ਉਹਨਾਂ ਵਿਚੋਂ ਇੱਕ ਦੀ ਅੱਜ ਹੀ ਬੰਨ੍ਹੀ ਢੱਠੀ ਜਿਹੀ ਪੱਗ ਵੱਲ ਇਸ਼ਾਰਾ ਕਰ ਕੇ ਕਿਹਾ, "ਇਹਨੂੰ ਚੰਗੀ ਤਰ੍ਹਾਂ ਪੱਗ ਤਾਂ ਬੰਨ੍ਹਣੀ ਸਿਖਾ ਦਿਓ?"

ਉਹਨਾਂ ਦਾ ਆਗੂ ਕਹਿੰਦਾ, "ਗੁਰਦਵਾਰੇ 'ਤੇ ਲੁਬਾਣਿਆਂ ਦਾ ਕਬਜ਼ਾ। ਉਹਨਾਂ ਤੋਂ ਇਹ ਕਬਜ਼ਾ ਖੋਹਣਾ। ਪਰ ਅਗਲਿਆਂ ਨੇ ਇੱਕ ਸ਼ਰਤ ਬੜੀ ਕਸੂਤੀ ਰੱਖੀ ਏ ਕਿ ਮੈਂਬਰ ਓਹੋ ਹੀ ਬਣ ਸਕਦਾ, ਜਿਹੜਾ ਪੱਗ ਬੰਨ੍ਹਦਾ ਹੋਵੇ ਤੇ ਜਿਸ ਨੇ ਦਾੜ੍ਹੀ ਕੇਸ ਰੱਖੇ ਹੋਣ। ਮੈਂ ਆਪਣੇ ਇਹਨਾਂ ਜੱਟ ਭਰਾਵਾਂ ਨੂੰ ਕਿਹਾ ਕਿ ਤੁਸੀਂ ਮਰ ਨਹੀਂ ਚੱਲੇ ਜੇ ਦੋ ਮਹੀਨੇ ਦਾੜ੍ਹੀ ਰੱਖ ਲਓਗੇ। ਇੱਕ ਵਾਰ ਗੁਰਦਵਾਰੇ 'ਤੇ ਕਬਜ਼ਾ ਕਰ ਲਈਏ, ਚੋਣਾਂ ਮਗਰੋਂ ਜੋ ਇਹਦੇ ਨਾਲ ਕਰਨਾ ਹੋਊ ਕਰ ਲਿਓ। ਇਹਦੀ ਵੀ ਨਵੀਂ-ਨਵੀਂ ਦਾੜ੍ਹੀ ਰਖਵਾਈ ਏ, ਪਰ ਪੱਗ ਬੰਨ੍ਹਣੀ ਅਜੇ ਨਹੀਂ ਸੂ ਆਉਂਦੀ। ਕੋਈ ਨਹੀਂ ਥੋੜੇ ਦਿਨਾਂ 'ਚ ਸਿਖਾ ਦਿਆਂਗੇ।"

ਗੁਰੂ ਨਾਨਕ ਸਾਹਿਬ ਦੇ 550ਵੇਂ ਜਨਮ-ਪੁਰਬ ਦੇ ਸੰਸਾਰ ਭਰ ਵਿੱਚ ਹੋਏ ਸਮਾਗਮਾਂ/ਸੈਮੀਨਾਰਾਂ ਤੇ ਉਸਤੋਂ ਬਾਅਦ ਵੀ ਹਰ ਸਾਲ ਉਹਨਾਂ ਦੀ ਵਿਚਾਰਧਾਰਾ ਦੀ ਪ੍ਰਸੰਗਿਕਤਾ ਤੇ ਸਾਰਥਕਤਾ ਜਾਨਣ-ਸਮਝਣ ਲਈ ਜੁੜ ਬੈਠ ਕੇ ਵਿਚਾਰ-ਚਰਚਾ ਹੁੰਦੀ ਰਹਿੰਦੀ ਹੈ। ਏਸੇ ਪ੍ਰਸੰਗ ਵਿੱਚ ਮੈਨੂੰ ਗੁਰੂ ਸਾਹਿਬ ਦੇ 1969 ਵਿੱਚ ਮਨਾਏ ਗਏ 500ਵੇਂ ਪ੍ਰਕਾਸ਼ ਉਤਸਵ ਦੇ ਹਵਾਲੇ ਨਾਲ, ਅੰਮ੍ਰਿਸਰ ਦੇ ਗੋਲਬਾਗ਼ ਵਿੱਚ ਹੋਇਆ, ਸਿੱਖ ਸੰਗਤਾਂ ਦਾ ਉਹ ਵਿਸ਼ਾਲ ਇਕੱਠ ਯਾਦ ਆ ਜਾਂਦਾ ਹੈ। ਇਸ ਇਕੱਠ ਵਿੱਚ ਦੇਸ਼ ਦੀਆਂ ਹੋਰ ਵੱਡੀਆਂ ਹਸਤੀਆਂ ਤੋਂ ਇਲਾਵਾ ਪਾਕਿਸਤਾਨ ਤੋਂ ਪਹੁੰਚੇ ਖ਼ਾਨ ਅਬਦੁਲ ਗ਼ੁਫ਼ਾਰ ਖਾਂ 'ਸਰਹੱਦੀ ਗਾਂਧੀ' ਦੇ ਬੋਲ ਹ-ਬ-ਹੂ ਯਾਦ ਆ ਜਾਂਦੇ ਨੇ ਜਦ ਉਹਨਾਂ ਨੇ ਕਿਹਾ ਸੀ, "ਦੋਵਾਂ ਮੁਲਕਾਂ ਨੂੰ ਇਸ ਵੇਲੇ ਗੁਰੂ ਨਾਨਕ ਸਾਹਿਬ ਦੀਆਂ ਸਿਖਿਆਵਾਂ ਨੂੰ ਸਮਝਣ ਤੇ ਮੰਨਣ ਦੀ ਅੱਜ ਸਭ ਤੋਂ ਵੱਧ ਜ਼ਰੂਰਤ ਹੈ।" ਉਹਨਾਂ ਦੇ ਸਾਹਮਣੇ ਪੈਂਹਠ ਦੀ ਜੰਗ ਵਿੱਚ ਹੋਈ ਤਬਾਹੀ ਤੋਂ ਇਲਾਵਾ ਦੇਸ਼-ਵੰਡ ਵੇਲੇ ਹੋਏ ਮਨੁੱਖਤਾ ਦੇ ਮਹਾਂ-ਘਾਣ ਦੀਆਂ ਝਾਕੀਆਂ ਵੀ ਅੱਲ੍ਹੇ ਜ਼ਖ਼ਮਾਂ ਵਾਂਗ ਤਾਜ਼ਾ ਹੋ ਗਈਆਂ ਸਨ।

ਸਵੇਰੇ ਅਸੀਂ ਹਜ਼ਾਰਾਂ ਲੋਕਾਂ ਵਾਂਗ ਬਜ਼ਾਰ ਮਾਈ ਸੇਵਾ ਵਿੱਚ ਘੁੰਮ ਫਿਰ ਰਹੇ ਸਾਂ। ਹਰੇਕ ਦੁਕਾਨ 'ਤੇ ਸੋਭਾ ਸਿੰਘ ਦੀ ਬਣਾਈ, ਗੁਰੂ ਨਾਨਕ ਸਾਹਿਬ ਦੀ 'ਉਠੇ ਹੋਏ ਆਸ਼ੀਰਵਾਦੀ ਹੱਥ ਵਾਲੀ' ਤਸਵੀਰ ਧੜਾ-ਧੜ ਵਿਕ ਰਹੀ ਸੀ। ਉਸ ਸਾਲ 'ਗੁਰੂ ਨਾਨਕ ਫਾਊਂਡੇਸ਼ਨ' ਨੇ ਗੁਰੂ ਨਾਨਕ ਦੇ ਜੀਵਨ-ਫ਼ਲਸਫ਼ੇ ਬਾਰੇ ਸੌ-ਸੌ, ਸਵਾ-ਸਵਾ ਸੌ ਸਫ਼ਿਆਂ ਦੇ ਘੱਟ ਕੀਮਤ ਵਾਲੇ ਕਿਤਾਬਚੇ ਛਾਪੇ ਸਨ ਤਾਕਿ ਲੋਕਾਂ ਨੂੰ ਖ਼ਰੀਦ ਤੇ ਪੜ੍ਹ ਸਕਣੇ ਸੌਖੇ ਰਹਿਣ। ਅਸੀਂ ਸੱਤ ਜਣੇ ਸਾਂ। ਕਿਤਾਬਚੇ ਇਕੱਲ੍ਹੇ ਮੈਂ ਹੀ ਖ਼ਰੀਦੇ। ਮੇਰੇ ਵੱਲ ਵੇਖ ਕੇ ਰੀਸੋ-ਰੀਸੀ ਇੱਕ ਸਾਥੀ ਨੇ ਇੱਕ ਕਿਤਾਬਚਾ ਖ਼ਰੀਦ ਲਿਆ। ਪਰ ਗੁਰੂ ਨਾਨਕ ਦੀਆਂ 'ਸੋਭਾ-ਸਿੰਘੀ' ਤਸਵੀਰਾਂ ਅਸਾਂ ਸੱਤਾਂ ਨੇ ਹੀ ਖ਼ਰੀਦੀਆਂ ਤੇ ਸੁਨਹਿਰੀ ਫ਼ਰੇਮਾਂ ਵਿੱਚ ਜੜਵਾ ਕੇ ਘਰਾਂ ਨੂੰ ਲੈ ਆਏ।

ਤਸਵੀਰਾਂ ਘਰਾਂ ਨੂੰ ਲੈ ਆਏ ਸਾਂ ਪਰ 'ਨਾਨਕ' ਨੂੰ ਓਥੇ ਹੀ ਕਿਧਰੇ ਛੱਡ ਆਏ ਸਾਂ!

ਹੋਰਨਾਂ ਦੀ ਗੱਲ ਛੱਡੋ, ਜ਼ਰਾ ਆਪਣੇ ਘਰਾਂ ਵੱਲ ਝਾਤੀ ਮਾਰ ਕੇ ਵੇਖ ਲਵੋ। ਕਿੰਨਿਆਂ ਕੁ ਦੇ ਘਰਾਂ ਵਿੱਚ ਗੁਰੂ ਨਾਨਕ ਦੇ ਜੀਵਨ ਫ਼ਲਸਫ਼ੇ ਨੂੰ ਜਾਨਣ ਸਮਝਣ ਵਾਲੀਆਂ ਕਿੰਨੀਆਂ ਕੁ ਕਿਤਾਬਾਂ ਨੇ! ਇਸ ਬਾਰੇ ਸ਼ੰਕਾ ਹੈ, ਪਰ ਇਹ ਯਕੀਨ ਹੈ ਕਿ ਹਰ ਘਰ ਵਿੱਚ ਬਾਬੇ ਨਾਨਕ ਦੀ ਤਸਵੀਰ ਜ਼ਰੂਰ ਹੋਵੇਗੀ।

ਇਹ ਜਾਣਦਿਆਂ ਕੁੱਝ ਸ਼ੋਖ਼ ਜਿਹੇ ਰੰਗਾਂ ਦਾ ਨਾਂ ਤਸਵੀਰਾਂ ਹੈ,
ਜਦ ਹੱਟ ਗਏ ਅਸੀਂ ਇਸ਼ਕੇ ਦੀ ਮੁੱਲ ਕਰ ਬੈਠੇ ਤਸਵੀਰਾਂ ਦਾ।
(ਸ਼ਿਵ ਕੁਮਾਰ)

ਅਸੀਂ ਤੱਤ ਭੁੱਲ ਆਏ ਸਾਂ ਦਿੱਖ ਲੈ ਆਏ ਸਾਂ।

ਹਰ ਪੁਰਬ ਤੇ ਅਸੀਂ ਅਜਿਹਾ ਅਮਲ ਹੀ ਦੁਹਰਾਉਂਦੇ ਆ ਰਹੇ ਹਾਂ। ਛਿੱਲੜਾਂ ਚੁੱਕੀ ਫਿਰਦੇ ਹਾਂ। ਗਿਰੀ ਗਵਾ ਬੈਠੇ ਹਾਂ। ਸ਼ਬਦ ਰਟਣ ਦਾ ਮਾਣ ਕਰਦੇ ਹਾਂ, ਅਰਥਾਂ ਨਾਲੋਂ ਵਾਹ-ਵਾਸਤਾ ਤੋੜ ਬੈਠੇ ਹਾਂ। ਗੁਰੂ ਸਾਹਿਬ ਦੀ ਵਿਚਾਰਧਾਰਕ ਪ੍ਰਸੰਗਕਤਾ ਜਾਂ ਸਾਰਥਕਤਾ ਦਾ ਸਾਰਾ ਭੇਤ ਸਾਡੀ ਏਸੇ ਵਿਹਾਰਕ ਦੁਖੰਡਤਾ ਵਿੱਚ ਪਿਆ ਹੈ।

ਅਸੀਂ ਏਸੇ ਦੁਖੰਡਤਾ ਨੂੰ ਸਮਝਣ ਦੀ ਕੋਸ਼ਿਸ਼ ਹੀ ਕਰਨੀ ਹੈ ਤੇ 'ਗੁਰਸਿੱਖੀ' ਤੇ ਅਜੋਕੇ ਸਿੱਖਾਂ ਦੀ 'ਵੰਨ-ਸੁ-ਵੰਨੀ ਸਿੱਖੀ' ਵਿੱਚ ਨਿਖੇੜ ਕਰਨ ਦੀ ਕੋਸ਼ਿਸ਼ ਕਰਨੀ ਹੈ।

ਵਰਿਆਮ ਸਿੰਘ ਸੰਧੂ

ਪੰਜਾਬ ਸਟਾਰ
www.punjabstar.com

# ਟੀ-20 ਵਿਸ਼ਵ ਕੱਪ 2026 ਸੱਤ ਫ਼ਰਵਰੀ ਤੋਂ ਹੋਵੇਗਾ ਸ਼ੁਰੂ




ਮੁੰਬਈ: 2026 ਦੇ ਪੁਰਸ਼ ਟੀ-20 ਵਿਸ਼ਵ ਕੱਪ ਦਾ ਪ੍ਰੋਗਰਾਮ ਜਾਰੀ ਕਰ ਦਿਤਾ ਗਿਆ ਹੈ। ਰਵਾਇਤੀ ਵਿਰੋਧੀ ਭਾਰਤ ਅਤੇ ਪਾਕਿਸਤਾਨ ਨੂੰ ਗਰੁੱਪ ਏ ਵਿਚ ਸ਼ਾਮਲ ਕੀਤਾ ਗਿਆ ਹੈ। ਪ੍ਰੋਗਰਾਮ ਅਨੁਸਾਰ 15 ਫ਼ਰਵਰੀ ਨੂੰ ਕੋਲੰਬੋ ਦੇ ਆਰ. ਪ੍ਰੇਮਦਾਸਾ ਸਟੇਡੀਅਮ ਵਿਚ ਦੋਵੇਂ ਟੀਮਾਂ ਆਹਮੋ-ਸਾਹਮਣੇ ਹੋਣਗੀਆਂ। ਟੂਰਨਾਮੈਂਟ ਲਈ ਬੀ.ਸੀ.ਸੀ.ਆਈ. ਅਤੇ ਪੀਸੀਬੀ ਵਿਚਾਲੇ ਹੋਏ ਸਮਝੌਤੇ ਅਨੁਸਾਰ ਪਾਕਿਸਤਾਨ ਅਪਣੇ ਸਾਰੇ ਮੈਚ ਸ਼੍ਰੀਲੰਕਾ ਵਿਚ ਖੇਡੇਗਾ।

ਮੌਜੂਦਾ ਚੈਂਪੀਅਨ ਭਾਰਤ 7 ਫ਼ਰਵਰੀ ਨੂੰ ਮੁੰਬਈ ਵਿਚ ਅਮਰੀਕਾ ਵਿਰੁਧ ਅਪਣੀ ਮੁਹਿੰਮ ਦੀ ਸ਼ੁਰੂਆਤ ਕਰੇਗਾ। 12 ਫ਼ਰਵਰੀ ਨੂੰ ਦਿੱਲੀ ਵਿਚ ਭਾਰਤ ਦਾ ਸਾਹਮਣਾ ਨਾਮੀਬੀਆ ਨਾਲ ਹੋਵੇਗਾ। ਇਸ ਤੋਂ ਬਾਅਦ ਉਹ 18 ਫ਼ਰਵਰੀ ਨੂੰ ਅਹਿਮਦਾਬਾਦ 'ਚ ਨੀਦਰਲੈਂਡਜ਼ ਵਿਰੁਧ ਲੀਗ ਮੈਚ ਖਤਮ ਕਰਨ ਤੋਂ ਪਹਿਲਾਂ ਪਾਕਿਸਤਾਨ ਵਿਰੁਧ ਵੱਡੇ ਮੁਕਾਬਲੇ ਲਈ ਸ਼੍ਰੀਲੰਕਾ ਦੀ ਰਾਜਧਾਨੀ ਜਾਣਗੇ। ਵਿਸ਼ਵ ਕੱਪ 7 ਫ਼ਰਵਰੀ ਤੋਂ 8 ਮਾਰਚ ਤਕ ਅੱਠ ਸਥਾਨਾਂ (ਭਾਰਤ ਵਿਚ ਪੰਜ ਅਤੇ ਸ਼੍ਰੀਲੰਕਾ ਵਿਚ ਤਿੰਨ) ਉਤੇ ਹੋਵੇਗਾ। ਟੂਰਨਾਮੈਂਟ ਦੌਰਾਨ ਦਿੱਲੀ, ਕੋਲਕਾਤਾ, ਅਹਿਮਦਾਬਾਦ, ਚੇਨਈ, ਮੁੰਬਈ, ਕੋਲੰਬੋ ਅਤੇ ਕੈਂਡੀ ਵਿਚ 55 ਮੈਚ ਖੇਡੇ ਜਾਣਗੇ। ਆਈ.ਸੀ.ਸੀ. ਦੇ ਚੇਅਰਮੈਨ ਜੈ ਸ਼ਾਹ ਨੇ ਟੂਰਨਾਮੈਂਟ ਦੇ ਸ਼ਡਿਊਲ ਦਾ ਪ੍ਰਗਟਾਵਾ ਕਰਦੇ ਹੋਏ ਇਹ ਐਲਾਨ ਕੀਤਾ। ਗਰੁੱਪ ਬੀ ਵਿਚ ਆਸਟਰੇਲੀਆ, ਸ਼੍ਰੀਲੰਕਾ, ਆਇਰਲੈਂਡ, ਜ਼ਿੰਬਾਬਵੇ ਅਤੇ ਓਮਾਨ ਸ਼ਾਮਲ ਹਨ ਜਦਕਿ ਗਰੁੱਪ ਸੀ ਵਿਚ ਇੰਗਲੈਂਡ, ਵੈਸਟਇੰਡੀਜ਼, ਬੰਗਲਾਦੇਸ਼, ਨੇਪਾਲ ਅਤੇ ਇਟਲੀ ਦੀਆਂ ਟੀਮਾਂ ਹੋਣਗੀਆਂ। ਗਰੁੱਪ ਡੀ 'ਚ ਨਿਊਜ਼ੀਲੈਂਡ, ਦਖਣੀ ਅਫਰੀਕਾ, ਅਫਗਾਨਿਸਤਾਨ, ਕੈਨੇਡਾ ਅਤੇ ਸੰਯੁਕਤ ਅਰਬ ਅਮੀਰਾਤ ਸ਼ਾਮਲ ਹਨ। ਇਸ ਦੌਰਾਨ, 2024 ਵਿਚ ਪਿਛਲੇ ਟੀ-20 ਵਿਸ਼ਵ ਕੱਪ ਵਿਚ ਮੌਜੂਦਾ ਚੈਂਪੀਅਨ ਭਾਰਤ ਦੀ ਕਪਤਾਨੀ ਕਰਨ ਵਾਲੇ ਰੋਹਿਤ ਸ਼ਰਮਾ ਨੂੰ ਟੂਰਨਾਮੈਂਟ ਦਾ ਰਾਜਦੂਤ ਨਿਯੁਕਤ ਕੀਤਾ ਗਿਆ। ਰੋਹਿਤ ਨੇ ਪਿਛਲੇ ਸਾਲ ਅਮਰੀਕਾ ਵਿਚ ਭਾਰਤ ਦੀ ਜਿੱਤ ਤੋਂ ਬਾਅਦ ਸੱਭ ਤੋਂ ਛੋਟੇ ਫਾਰਮੈਟ ਤੋਂ ਸੰਨਿਆਸ ਲੈ ਲਿਆ ਸੀ, ਜਿਸ ਨੇ ਭਾਰਤੀ ਟੀਮ ਲਈ ਆਈ.ਸੀ.ਸੀ. ਟਰਾਫੀਆਂ ਦੇ 11 ਸਾਲਾਂ ਦੇ ਸੋਕੇ ਨੂੰ ਤੋੜ ਦਿੱਤਾ ਸੀ।

## ਭਾਰਤ ਤੇ ਸ੍ਰੀਲੰਕਾ 'ਚ ਹੋਵੇਗਾ ਅਗਲੇ ਸਾਲ ਦਾ ਟੀ-20 ਵਿਸ਼ਵ ਕੱਪ



ਅਗਲੇ ਸਾਲ 2026 ਦਾ ਪੁਰਸ਼ ਟੀ-20 ਕ੍ਰਿਕਟ ਵਿਸ਼ਵ ਕੱਪ ਦੇ ਮੈਚਾਂ ਲਈ ਥਾਵਾਂ ਦਾ ਅੱਜ ਐਲਾਨ ਕਰ ਦਿੱਤਾ ਗਿਆ। ਆਈਸੀਸੀ ਚੇਅਰਮੈਨ ਜੈ ਸ਼ਾਹ ਨੇ ਕਿਹਾ ਕਿ ਇਸ ਵਿਸ਼ਵ ਕੱਪ ਦੇ ਪੰਜ ਮੈਚ ਭਾਰਤ ਵਿਚ ਅਤੇ ਤਿੰਨ ਮੈਚ ਸ੍ਰੀਲੰਕਾ ਵਿਚ ਹੋਣਗੇ। ਭਾਰਤ ਵਿਚ ਇਹ ਮੈਚ ਦਿੱਲੀ, ਅਹਿਮਦਾਬਾਦ, ਚੇਨਈ, ਕੋਲਕਾਤਾ, ਮੁੰਬਈ ਵਿਚ ਹੋਣਗੇ ਜਦਕਿ ਸ੍ਰੀਲੰਕਾ ਵਿਚਲੇ ਮੈਚ ਕੋਲੰਬੋ ਅਤੇ ਕੈਂਡੀ ਵਿਚ ਹੋਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਮੈਚਾਂ ਲਈ ਭਾਰਤ ਦੇ ਸਟਾਰ ਬੱਲੇਬਾਜ਼ ਰੋਹਿਤ ਸ਼ਰਮਾ ਬਰੈਂਡ ਅੰਬੈਸਡਰ ਹੋਣਗੇ।

ਆਈਸੀਸੀ ਚੇਅਰਮੈਨ ਨੇ ਦੱਸਿਆ ਕਿ ਇਸ ਵਿਸ਼ਵ ਕੱਪ ਦੇ ਮੈਚ ਸੱਤ ਫਰਵਰੀ ਨੂੰ ਸ਼ੁਰੂ ਹੋਣਗੇ ਤੇ ਅੱਠ ਮਾਰਚ ਨੂੰ ਇਸ ਟੂਰਨਾਮੈਂਟ ਦਾ ਆਖਰੀ ਮੈਚ ਹੋਵੇਗਾ। ਭਾਰਤ ਅਤੇ ਪਾਕਿਸਤਾਨ ਨੂੰ ਅਮਰੀਕਾ, ਨੀਦਰਲੈਂਡ ਅਤੇ ਨਾਮੀਬੀਆ ਨਾਲ ਗਰੁੱਪ ਏ ਵਿੱਚ ਰੱਖਿਆ ਗਿਆ ਹੈ। ਭਾਰਤ ਅਤੇ ਪਾਕਿਸਤਾਨ 15 ਫਰਵਰੀ ਨੂੰ ਕੋਲੰਬੋ ਦੇ ਆਰ ਪ੍ਰੇਮਦਾਸਾ ਸਟੇਡੀਅਮ ਵਿੱਚ ਇੱਕ ਦੂਜੇ ਨਾਲ ਮੈਚ ਖੇਡਣਗੇ।

# ਭਾਰਤੀ ਮਹਿਲਾ ਟੀਮ ਨੇ ਕਬੱਡੀ ਵਿਸ਼ਵ ਕੱਪ ਖਿਤਾਬ ਜਿੱਤਿਆ



ਇੱਥੇ ਮਹਿਲਾ ਵਿਸ਼ਵ ਕਬੱਡੀ ਕੱਪ ਦੇ ਫਾਈਨਲ ਮੈਚ ਵਿਚ ਅੱਜ ਭਾਰਤੀ ਟੀਮ ਨੇ ਚੀਨੀ ਤੈਪੇਈ ਨੂੰ 35-28 ਨਾਲ ਹਰਾਇਆ। ਭਾਰਤੀ ਟੀਮ ਨੇ ਵਿਸ਼ਵ ਕੱਪ ਦਾ ਖਿਤਾਬ ਲਗਾਤਾਰ ਦੂਜੀ ਵਾਰ ਹਾਸਲ ਕੀਤਾ ਹੈ। ਭਾਰਤੀ ਟੀਮ ਨੇ ਇਸ ਮੌਕੇ ਚੀਨੀ ਤੈਪੇਈ ਨੂੰ 35-28 ਨਾਲ ਹਰਾਇਆ। ਇਸ ਟੂਰਨਾਮੈਂਟ ਵਿੱਚ ਕੁੱਲ 11 ਦੇਸ਼ਾਂ ਨੇ ਹਿੱਸਾ ਲਿਆ ਸੀ। ਪਹਿਲਾਂ ਇਸ ਮੁਕਾਬਲੇ ਵਿਚ ਘੱਟ ਟੀਮਾਂ ਹਿੱਸਾ ਲੈਂਦੀਆਂ ਸਨ ਪਰ ਮਹਿਲਾ ਕਬੱਡੀ ਵਿੱਚ ਖਿਡਾਰੀਆਂ ਦੀ ਰੁਚੀ ਦਿਨੋ-ਦਿਨ ਵਧ ਰਹੀ ਹੈ। ਦੂਜੇ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਕਸ 'ਤੇ ਪੋਸਟ ਪਾਉਂਦਿਆਂ ਭਾਰਤੀ ਟੀਮ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਲਿਖਿਆ, 'ਭਾਰਤੀ ਮਹਿਲਾ ਕਬੱਡੀ ਟੀਮ ਨੇ ਵਿਸ਼ਵ ਕੱਪ 2025 ਜਿੱਤ ਕੇ ਦੇਸ਼ ਦਾ ਮਾਣ ਵਧਾਇਆ ਹੈ। ਭਾਰਤੀ ਟੀਮ ਨੇ ਜ਼ਬਰਦਸਤ ਖੇਡ ਦਿਖਾਈ ਤੇ ਉਨ੍ਹਾਂ ਦੀ ਜਿੱਤ ਨਾਲ ਨੌਜਵਾਨ ਖਿਡਾਰੀਆਂ ਨੂੰ ਕਬੱਡੀ ਖੇਡਣ ਤੇ ਵੱਡੇ ਸੁਫਨੇ ਦੇਖਣ ਤੇ ਵੱਡੇ ਟੀਚੇ ਹਾਸਲ ਕਰਨ ਦੀ ਪ੍ਰੇਰਨਾ ਮਿਲੇਗੀ।

ਉਨ੍ਹਾਂ ਤੋਂ ਇਲਾਵਾ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਟੀਮ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਭਾਰਤੀ ਟੀਮ ਨੇ ਦਿਖਾ ਦਿੱਤਾ ਹੈ ਕਿ ਭਾਰਤ ਵਾਸੀਆਂ ਵਿਚ ਖੇਡਾਂ ਪ੍ਰਤੀ ਜਨੂੰਨ ਸਿਖਰ 'ਤੇ ਹੈ। ਭਾਰਤੀ ਟੀਮ ਨੂੰ ਵਧਾਈਆਂ। ਭਾਰਤ ਨੇ ਲੀਗ ਮੁਕਾਬਲੇ ਵਿਚ ਥਾਈਲੈਂਡ, ਬੰਗਲਾਦੇਸ਼, ਜਰਮਨੀ ਤੇ ਯੁਗਾਂਡਾ ਨੂੰ ਹਰਾਇਆ। ਭਾਰਤੀ ਟੀਮ ਨੇ ਮਾਰਚ ਵਿਚ ਏਸ਼ਿਆਈ ਚੈਂਪੀਅਨਸ਼ਿਪ ਜਿੱਤੀ ਸੀ ਤੇ ਇਹ ਭਾਰਤ ਦਾ ਦੂਜਾ ਵੱਡਾ ਖਿਤਾਬ ਹੈ।

## ਸੁਲਤਾਨ ਅਜ਼ਲਨ ਸ਼ਾਹ ਕੱਪ ਹਾਕੀ: ਬੈਲਜੀਅਮ ਨੇ ਭਾਰਤ ਨੂੰ 2-3 ਨਾਲ ਹਰਾਇਆ

ਭਾਰਤ ਨੇ ਮੰਗਲਵਾਰ ਨੂੰ ਇੱਥੇ ਮੀਂਹ ਨਾਲ ਪ੍ਰਭਾਵਿਤ ਸੁਲਤਾਨ ਅਜ਼ਲਨ ਸ਼ਾਹ ਕੱਪ ਹਾਕੀ ਟੂਰਨਾਮੈਂਟ ਦੇ ਮੈਚ ਵਿੱਚ ਡਟ ਕੇ ਮੁਕਾਬਲਾ ਕੀਤਾ ਪਰ ਆਖਰਕਾਰ ਉਹ ਬੈਲਜੀਅਮ ਤੋਂ 2-3 ਨਾਲ ਹਾਰ ਗਿਆ। ਭਾਰਤ ਲਈ ਅਭਿਸ਼ੇਕ (33ਵੇਂ ਮਿੰਟ) ਅਤੇ ਸ਼ਿਲਾਨੰਦ ਲਾਕੜਾ (57ਵੇਂ) ਨੇ ਗੋਲ ਕੀਤੇ, ਜਦੋਂ ਕਿ ਬੈਲਜੀਅਮ ਲਈ ਰੋਮਨ ਡੁਵੇਕੋਟ (17ਵੇਂ ਅਤੇ 46ਵੇਂ) ਅਤੇ ਨਿਕੋਲਸ ਡੀ ਕੇਰਪੇਲ (45ਵੇਂ) ਨੇ ਗੋਲ ਕੀਤੇ।

ਡਿਫੈਂਡਰ ਸੰਜੇ ਦੀ ਅਗਵਾਈ ਵਿੱਚ ਭਾਰਤ ਨੇ ਐਤਵਾਰ ਨੂੰ ਛੇ ਟੀਮਾਂ ਦੇ ਇਸ ਮੁਕਾਬਲੇ ਵਿੱਚ ਤਿੰਨ ਵਾਰ ਦੇ ਚੈਂਪੀਅਨ ਦੱਖਣੀ ਕੋਰੀਆ ਦੇ ਖ਼ਿਲਾਫ਼ ਆਪਣਾ ਪਹਿਲਾ ਮੈਚ 1-0 ਨਾਲ ਜਿੱਤਿਆ ਸੀ। ਬੈਲਜੀਅਮ ਨੂੰ ਮੈਚ ਸ਼ੁਰੂ ਹੋਣ ਦੇ 10 ਮਿੰਟ ਬਾਅਦ ਪਹਿਲਾ ਪੈਨਲਟੀ ਕਾਰਨਰ ਮਿਲਿਆ। ਇਸ ਤੋਂ ਬਾਅਦ ਉਨ੍ਹਾਂ ਨੇ ਜਲਦੀ ਹੀ ਦੂਜਾ ਪੈਨਲਟੀ ਕਾਰਨਰ ਵੀ ਹਾਸਲ ਕਰ ਲਿਆ। ਪਰ ਦੋਵਾਂ ਮੌਕਿਆਂ 'ਤੇ ਭਾਰਤੀ ਰੱਖਿਆ ਪੰਕਤੀ ਨੇ ਡਟ ਕੇ ਮੁਕਾਬਲਾ ਕੀਤਾ ਅਤੇ ਇਹ ਯਕੀਨੀ ਬਣਾਇਆ ਕਿ ਪਹਿਲੇ ਕੁਆਰਟਰ ਦੇ ਅੰਤ ਤੱਕ ਉਹ ਬਰਾਬਰੀ 'ਤੇ ਰਹਿਣ।

ਜਦੋਂ ਮੈਚ ਖਤਮ ਹੋਣ ਵਿੱਚ ਸਿਰਫ਼ ਤਿੰਨ ਮਿੰਟ ਦਾ ਸਮਾਂ ਬਚਿਆ ਸੀ, ਉਦੋਂ ਸ਼ਿਲਾਨੰਦ ਲਾਕੜਾ (57ਵੇਂ ਮਿੰਟ) ਨੇ ਰਵੀਚੰਦਰ ਸਿੰਘ ਦੇ ਸ਼ਾਨਦਾਰ ਕ੍ਰਾਸ 'ਤੇ ਗੋਲ ਕਰਕੇ ਭਾਰਤ ਨੂੰ ਉਮੀਦ ਦੀ ਕਿਰਨ ਦਿਖਾਈ ਪਰ ਉਹ ਬਰਾਬਰੀ ਦਾ ਗੋਲ ਨਹੀਂ ਕਰ ਸਕਿਆ। ਭਾਰਤ ਦਾ ਅਗਲਾ ਮੁਕਾਬਲਾ ਬੁੱਧਵਾਰ ਨੂੰ ਮਲੇਸ਼ੀਆ ਨਾਲ ਹੋਵੇਗਾ।

# ਆਸਟਰੇਲੀਆ 'ਚ ਭਾਰਤੀ ਮੂਲ ਦੀਆਂ ਖਿਡਾਰਨਾਂ ਦੀ ਝੰਡੀ



ਆਸਟਰੇਲੀਆ ਸਕੂਲ ਕ੍ਰਿਕਟ ਸਪੋਰਟਸ ਅਸੋਸੀਏਸ਼ਨ ਵਲੋਂ ਕੌਮੀ ਪੱਧਰ ਦੀ ਕਰਵਾਈ ਗਈ ਸਕੂਲ ਨੈਸ਼ਨਲ ਕ੍ਰਿਕਟ ਚੈਂਪੀਅਨਸ਼ਿਪ-2025 (ਲੜਕੀਆਂ) ਵਿੱਚ ਸਾਊਥ ਆਸਟਰੇਲੀਆ ਦੀ ਅੰਡਰ-12 ਲੜਕੀਆਂ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕਰਕੇ ਪਿਛਲੇ 27 ਸਾਲਾਂ ਦਾ ਰਿਕਾਰਡ ਤੋੜਿਆ ਹੈ। ਟੀਮ ਵਿੱਚ ਭਾਰਤੀ ਮੂਲ ਦੀਆਂ ਤਿੰਨ ਖਿਡਾਰਨਾਂ, ਗੋਪਿਕਾ ਪੰਡਿਤ (ਜਲੰਧਰ), ਜਪਲੀਨ ਕੌਰ (ਜਲੰਧਰ) ਤੇ ਸੀਆ (ਮੁੰਬਈ) ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਤਿੰਨੇ ਖਿਡਾਰਨਾਂ ਇੱਥੇ ਐਡੀਲੇਡ ਵਿੱਚ ਵੱਖ-ਵੱਖ ਸਕੂਲਾਂ ਵਿੱਚ ਪੜ੍ਹਦੀਆਂ ਹਨ।

ਆਸਟਰੇਲੀਆ ਸਕੂਲ ਕ੍ਰਿਕਟ ਸਪੋਰਟਸ ਸਾਊਥ ਦੇ ਕੋਚ ਡੈਨੀਅਲ ਮਰਡੌਕ ਨੇ ਦੱਸਿਆ ਕਿ ਸਕੂਲ ਸਪੋਰਟਸ ਕ੍ਰਿਕਟ ਐਸੋਸੀਏਸ਼ਨ ਆਫ ਆਸਟਰੇਲੀਆ ਵਲੋਂ ਸਕੂਲ ਨੈਸ਼ਨਲ ਕ੍ਰਿਕਟ ਚੈਂਪੀਅਨਸ਼ਿਪ ਵਿੱਚ ਦੇਸ਼ ਦੇ ਵੱਖ-ਵੱਖ ਸੂਬਿਆਂ ਦੀਆਂ ਟੀਮਾਂ ਨੇ ਹਿੱਸਾ ਲਿਆ। ਮੁਕਾਬਲਿਆਂ ਵਿੱਚ ਸੂਬਾ ਸਾਊਥ ਆਸਟਰੇਲੀਆ ਦੇ (ਸਰਕਾਰੀ ਤੇ ਗੈਰ ਸਰਕਾਰੀ ਸਕੂਲਾਂ ਵਿੱਚ ਪੜ੍ਹਦੀਆਂ) ਅੰਡਰ-12 ਲੜਕੀਆਂ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਕ੍ਰਿਕਟ ਮੈਚ ਟੀ-20 ਫਾਰਮੈਟ ਵਿੱਚ ਕ੍ਰਮਵਾਰ 6 ਮੈਚਾਂ ਵਿੱਚੋਂ 5 ਮੈਚ ਜਿੱਤੇ ਹਨ।

# ਭਾਰਤ ਨੇ 16 ਤਗਮਿਆਂ ਨਾਲ ਨਿਸ਼ਾਨੇਬਾਜ਼ੀ ਮੁਹਿੰਮ ਕੀਤੀ ਸਮਾਪਤ



ਟੋਕੀਓ- ਭਾਰਤ ਦੇ ਚੇਤਨ ਹਨੂਮੰਤ ਸਪਕਲ 25 ਮੀਟਰ ਰੈਪਿਡ ਫਾਇਰ ਪਿਸਟਲ ਵਿੱਚ ਛੇਵੇਂ ਸਥਾਨ 'ਤੇ ਰਹੇ, ਜਿਸ ਨਾਲ ਟੋਕੀਓ ਵਿੱਚ 25ਵੇਂ ਸਮਰ ਡੈਫਲਿੰਪਿਕਸ ਵਿੱਚ ਭਾਰਤੀ ਨਿਸ਼ਾਨੇਬਾਜ਼ਾਂ ਲਈ 16 ਤਗਮਿਆਂ ਦੀ ਇੱਕ ਸ਼ਾਨਦਾਰ ਜਿੱਤ ਨੂੰ ਪੂਰਾ ਕੀਤਾ। ਚੇਤਨ, ਜਿਸਨੇ 564-53 ਦੇ ਸਕੋਰ ਨਾਲ ਤੀਜੇ ਸਥਾਨ 'ਤੇ ਰਹਿ ਕੇ ਫਾਈਨਲ ਲਈ ਕੁਆਲੀਫਾਈ ਕੀਤਾ, ਛੇ-ਮੈਨ ਫਾਈਨਲ ਵਿੱਚ ਅੱਠ ਦੇ ਸਕੋਰ ਨਾਲ ਬਾਹਰ ਹੋਣ ਵਾਲਾ ਪਹਿਲਾ ਨਿਸ਼ਾਨੇਬਾਜ਼ ਸੀ। ਦੱਖਣੀ ਕੋਰੀਆ ਦੇ ਸੋਂਗ ਹਵਾ ਲੀ ਨੇ ਸੋਨ ਤਗਮਾ ਜਿੱਤਿਆ, ਜਦੋਂ ਕਿ ਉਸਦੇ ਸਾਥੀ ਤਾਏ ਯੰਗ ਕਿਮ ਨੇ ਕਾਂਸੀ ਅਤੇ ਯੂਕਰੇਨ ਦੇ ਸੇਰਹੀ ਓਹੋਰੋਡਨਿਕ ਨੇ ਚਾਂਦੀ ਦਾ ਤਗਮਾ ਜਿੱਤਿਆ।

ਭਾਰਤੀ ਨਿਸ਼ਾਨੇਬਾਜ਼ਾਂ ਨੇ ਟੋਕੀਓ ਵਿੱਚ ਸ਼ੂਟਿੰਗ ਰੇਂਜ 'ਤੇ ਦਬਦਬਾ ਬਣਾਇਆ, 10 ਦਿਨਾਂ ਦੇ ਮੁਕਾਬਲੇ ਵਿੱਚ ਪੇਸ਼ਕਸ਼ ਕੀਤੇ ਗਏ 39 ਤਗਮਿਆਂ ਵਿੱਚੋਂ 16 ਜਿੱਤੇ, ਜਿਸ ਵਿੱਚ ਸੱਤ ਸੋਨ, ਛੇ ਚਾਂਦੀ ਅਤੇ ਤਿੰਨ ਕਾਂਸੀ ਸ਼ਾਮਲ ਹਨ। ਰਾਈਫਲ ਨਿਸ਼ਾਨੇਬਾਜ਼ ਮਹਿਤ ਸੰਧੂ ਸਭ ਤੋਂ ਸਫਲ ਨਿਸ਼ਾਨੇਬਾਜ਼ ਸੀ, ਜਿਸਨੇ ਦੋ ਸੋਨ ਅਤੇ ਦੋ ਚਾਂਦੀ ਦੇ ਤਗਮਿਆਂ ਸਮੇਤ ਚਾਰ ਤਗਮੇ ਜਿੱਤੇ। ਪਿਸਟਲ ਨਿਸ਼ਾਨੇਬਾਜ਼ ਅਭਿਨਵ ਦੇਸਵਾਲ ਅਤੇ ਪ੍ਰਾਂਜਲੀ ਪ੍ਰਸ਼ਾਂਤ ਧੁਮਲ ਨੇ ਕ੍ਰਮਵਾਰ ਦੋ ਸੋਨ ਅਤੇ ਇੱਕ ਚਾਂਦੀ ਦਾ ਤਗਮਾ ਜਿੱਤਿਆ।

ਧਨੁਸ਼ ਸ਼੍ਰੀਕਾਂਤ ਨੇ 10 ਮੀਟਰ ਏਅਰ ਰਾਈਫਲ ਵਿਅਕਤੀਗਤ ਅਤੇ ਮਿਕਸਡ ਟੀਮ ਮੁਕਾਬਲਿਆਂ ਵਿੱਚ ਵੀ ਦੋ ਸੋਨ ਤਗਮੇ ਜਿੱਤੇ, ਜਦੋਂ ਕਿ ਮੁਹੰਮਦ ਮੁਰਤਜ਼ਾ ਵਾਨੀਆ (ਇੱਕ ਚਾਂਦੀ ਅਤੇ ਇੱਕ ਕਾਂਸੀ) ਅਤੇ ਕੋਮਲ ਮਿਲਿੰਦ ਵਾਘਮਾਰੇ (ਦੋ ਕਾਂਸੀ) ਨੇ ਵੀ ਦੋ-ਦੋ ਤਗਮੇ ਜਿੱਤੇ। ਅਨੁਯਾ ਪ੍ਰਸਾਦ ਨੇ 10 ਮੀਟਰ ਏਅਰ ਪਿਸਟਲ ਮਹਿਲਾ ਮੁਕਾਬਲੇ ਵਿੱਚ ਸੋਨ ਤਗਮਾ ਜਿੱਤਿਆ, ਜਦੋਂ ਕਿ ਸ਼ੌਰਿਆ ਸੈਣੀ ਨੇ 50 ਮੀਟਰ 3-ਪੋਜੀਸ਼ਨ ਮੁਕਾਬਲੇ ਵਿੱਚ ਚਾਂਦੀ ਦਾ ਤਗਮਾ ਜਿੱਤਿਆ, ਅਤੇ ਕੁਸ਼ਾਗ੍ਰਾ ਸਿੰਘ ਰਾਜਾਵਤ ਨੇ 50 ਮੀਟਰ ਰਾਈਫਲ ਪ੍ਰੋਨ ਮੁਕਾਬਲੇ ਵਿੱਚ ਕਾਂਸੀ ਦਾ ਤਗਮਾ ਜਿੱਤਿਆ। ਭਾਰਤੀ ਨਿਸ਼ਾਨੇਬਾਜ਼ਾਂ ਨੇ ਬ੍ਰਾਜ਼ੀਲ ਦੇ ਕਾਕਸੀਆਸ ਡੂ ਸੁਲ ਵਿੱਚ 24ਵੇਂ ਸਮਰ ਡੈਫਲਿੰਪਿਕਸ ਵਿੱਚ ਤਿੰਨ ਸੋਨ ਅਤੇ ਦੋ ਕਾਂਸੀ ਸਮੇਤ ਕੁੱਲ ਪੰਜ ਤਗਮੇ ਜਿੱਤੇ ਸਨ।

# ਰੋਨਾਲਡੋ ਨੇ ਵ੍ਹਾਈਟ ਹਾਊਸ ਦੇ ਸੱਦੇ ਲਈ ਰਾਸ਼ਟਰਪਤੀ ਟਰੰਪ ਦਾ ਕੀਤਾ ਧੰਨਵਾਦ



ਵਾਸ਼ਿੰਗਟਨ- ਪੁਰਤਗਾਲੀ ਫੁੱਟਬਾਲ ਸਟਾਰ ਕ੍ਰਿਸਟੀਆਨੋ ਰੋਨਾਲਡੋ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਧੰਨਵਾਦ ਕੀਤਾ ਹੈ ਕਿ ਉਨ੍ਹਾਂ ਨੇ ਉਨ੍ਹਾਂ ਨੂੰ ਅਤੇ ਉਨ੍ਹਾਂ ਦੀ ਮੰਗੇਤਰ, ਜਾਰਜੀਨਾ ਰੋਡਰਿਗਜ਼ ਨੂੰ ਸਾਊਦੀ ਪ੍ਰਿੰਸ ਮੁਹੰਮਦ ਬਿਨ ਸਲਮਾਨ ਲਈ ਆਯੋਜਿਤ ਵ੍ਹਾਈਟ ਹਾਊਸ ਸਟੇਟ ਡਿਨਰ ਲਈ ਸੱਦਾ ਦਿੱਤਾ।

ਸੋਸ਼ਲ ਮੀਡੀਆ ਪਲੇਟਫਾਰਮ ਇੰਸਟਾਗ੍ਰਾਮ 'ਤੇ ਟਰੰਪ ਨਾਲ ਆਪਣੀ ਅਤੇ ਜਾਰਜੀਨਾ ਰੋਡਰਿਗਜ਼ ਦੀ ਇੱਕ ਫੋਟੋ ਸਾਂਝੀ ਕਰਦੇ ਹੋਏ, ਰੋਨਾਲਡੋ ਨੇ ਕੈਪਸ਼ਨ ਵਿੱਚ ਲਿਖਿਆ, "ਸ਼੍ਰੀਮਾਨ ਰਾਸ਼ਟਰਪਤੀ, ਤੁਹਾਡੇ ਸੱਦੇ ਅਤੇ ਤੁਹਾਡੇ ਅਤੇ ਪਹਿਲੀ ਮਹਿਲਾ ਵਲੋਂ ਮੈਨੂੰ ਅਤੇ ਮੇਰੀ ਹੋਣ ਵਾਲੀ ਪਤਨੀ, ਜਾਰਜੀਨਾ ਨੂੰ ਦਿੱਤੇ ਗਏ ਨਿੱਘੇ ਸਵਾਗਤ ਲਈ ਧੰਨਵਾਦ। ਸਾਡੇ ਵਿੱਚੋਂ ਹਰੇਕ ਕੋਲ ਸਮਾਜ ਨੂੰ ਦੇਣ ਲਈ ਕੁਝ ਹੈ, ਅਤੇ ਮੈਂ ਆਪਣੀ ਪੂਰੀ ਕੋਸ਼ਿਸ਼ ਕਰਾਂਗਾ ਕਿਉਂਕਿ ਅਸੀਂ ਨਵੀਂ ਪੀੜ੍ਹੀਆਂ ਨੂੰ ਹਿੰਮਤ, ਜ਼ਿੰਮੇਵਾਰੀ ਅਤੇ ਸਥਾਈ ਸ਼ਾਂਤੀ ਨਾਲ ਭਰੇ ਭਵਿੱਖ ਦਾ ਨਿਰਮਾਣ ਕਰਨ ਲਈ ਪ੍ਰੇਰਿਤ ਕਰਦੇ ਹਾਂ।"

ਟਰੰਪ ਨੇ ਇਹ ਵੀ ਖੁਲਾਸਾ ਕੀਤਾ ਕਿ ਉਨ੍ਹਾਂ ਦਾ ਸਭ ਤੋਂ ਛੋਟਾ ਪੁੱਤਰ, ਬੈਰਨ, ਅਲ ਨਾਸਰ ਫਾਰਵਰਡ ਦਾ ਪ੍ਰਸ਼ੰਸਕ ਹੈ। ਉਸਨੇ ਅੱਗੇ ਕਿਹਾ, "ਤੁਸੀਂ ਜਾਣਦੇ ਹੋ ਕਿ ਮੇਰਾ ਪੁੱਤਰ ਕ੍ਰਿਸਟੀਆਨੋ ਰੋਨਾਲਡੋ ਦਾ ਬਹੁਤ ਵੱਡਾ ਪ੍ਰਸ਼ੰਸਕ ਹੈ। ਅਤੇ ਬੈਰਨ ਨੂੰ ਉਸਨੂੰ ਮਿਲਣ ਦਾ ਮੌਕਾ ਮਿਲਿਆ, ਅਤੇ ਮੈਨੂੰ ਲੱਗਦਾ ਹੈ ਕਿ ਇਸਨੇ ਘਰ ਵਿੱਚ ਮੇਰਾ ਸਤਿਕਾਰ ਹੋਰ ਵਧਾ ਦਿੱਤਾ ਹੈ।" ਇਹ ਸੁਣ ਕੇ ਸਾਰੇ ਮੁਸਕਰਾਏ।










